4-OCT-PAGE-1.qxd 10/3/2025 10:46 PM Page 1

ਸ਼ਨੀਵਾਰ, 4 ਅਕਤੂਬਰ, 2025
19 ਅੱਸੂ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 124

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SATURDAY, 4 OCTOBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12




# ਅਨੰਦਪੁਰ ਸਾਹਿਬ 'ਚ ਅਸੰਬਲੀ ਦਾ ਵਿਸ਼ੇਸ਼ ਅਜਲਾਸ

## • ਤਰਨ ਤਾਰਨ ਤੋਂ ਹਰਮੀਤ ਸੰਧੂ ਸਾਡਾ ਉਮੀਦਵਾਰ : ਮਾਨ • 4150 ਕਰੋੜ ਰੁਪਏ ਦੀ ਲਾਗਤ ਨਾਲ 19,491 ਕਿਲੋਮੀਟਰ ਲਿੰਕ ਸੜਕਾਂ ਦੇ ਨਿਰਮਾਣ ਦੀ ਸ਼ੁਰੂਆਤ

**ਚੰਡੀਗੜ੍ਹ/ਤਰਨ ਤਾਰਨ, ਪੱਟੀ, ਝਬਾਲ (ਪ੍ਰਿਤਪਾਲ ਸਿੰਘ, ਬਲਦੇਵ ਸਿੰਘ ਸੰਧੂ, ਹਰਜਿੰਦਰ ਸਿੰਘ ਸੋਨੀ)**

ਸ੍ਰੀ ਗੁਰੂ ਤੇਗ਼ ਬਹਾਦਰ ਦੇ 350 ਸਾਲਾ ਸ਼ਤਾਬਦੀ ਸਮਾਗਮਾਂ ਨੂੰ ਸਮਰਪਿਤ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ 24 ਨਵੰਬਰ ਨੂੰ ਚੰਡੀਗੜ੍ਹ ਤੋਂ ਬਾਹਰ ਸ੍ਰੀ ਅਨੰਦਪੁਰ ਸਾਹਿਬ ਸੱਦਿਆ ਜਾ ਰਿਹਾ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਦੇ 350ਵੇਂ ਸ਼ਹੀਦੀ ਸਮਾਗਮ ਮੁੱਖ ਤੌਰ 'ਤੇ 23 ਨਵੰਬਰ ਨੂੰ ਸ਼ੁਰੂ ਹੋ ਰਹੇ ਹਨ ਅਤੇ 24 ਨਵੰਬਰ ਨੂੰ ਸ਼ਹੀਦੀ ਦਿਹਾੜਾ ਹੈ। ਪੰਜਾਬ ਸਰਕਾਰ ਨੇ ਇਸ ਅਜਲਾਸ ਦੀ ਤਿਆਰੀ ਵਿੱਢ ਦਿੱਤੀ ਹੈ ਅਤੇ ਇਸ ਸਰਕਾਰੀ ਤਜਵੀਜ਼ 'ਤੇ ਮੰਥਨ ਲਈ ਮੀਟਿੰਗਾਂ ਦਾ ਦੌਰ ਚੱਲ ਰਿਹਾ ਹੈ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਹੈ ਕਿ ਭਾਰਤੀ ਸੰਵਿਧਾਨ ਮੁਤਾਬਕ ਵਿਧਾਨ ਸਭਾ ਦਾ ਅਜਲਾਸ ਕਿਤੇ ਵੀ




ਹੋ ਸਕਦਾ ਹੈ ਅਤੇ ਗਵਰਨਰ ਦੀ ਮਨਜ਼ੂਰੀ ਨਾਲ ਪੰਜਾਬ ਸਰਕਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ 24 ਨਵੰਬਰ ਨੂੰ ਬਾਬਾ ਜੀਵਨ ਸਿੰਘ ਯਾਦਗਾਰੀ ਪਾਰਕ ਵਿਖੇ ਇਹ ਇਜਲਾਸ ਸੱਦਣ ਦੀ ਤਿਆਰੀ 'ਚ ਹੈ। ਮੁੱਖ ਮੰਤਰੀ ਭਗਵੰਤ ਮਾਨ 5 ਅਕਤੂਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਾਬਾ ਜੀਵਨ ਸਿੰਘ ਯਾਦਗਾਰੀ ਪਾਰਕ ਦਾ ਉਦਘਾਟਨ ਕਰਨਗੇ।

ਮਾਨ ਨੇ ਤਰਨ ਤਾਰਨ ਵਿਧਾਨ ਸਭਾ ਸੀਟ 'ਤੇ ਹੋਣ ਵਾਲੀ ਜ਼ਿਮਨੀ ਚੋਣ ਲਈ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ ਨੂੰ ਆਮ ਆਦਮੀ ਪਾਰਟੀ ਦੇ ਉਮੀਦਵਾਰ ਵਜੋਂ ਐਲਾਨਿਆ। ਇਹ ਸੀਟ ਜੂਨ ਵਿੱਚ 'ਆਪ' ਵਿਧਾਇਕ ਕਸ਼ਮੀਰ ਸਿੰਘ ਸੋਹਲ ਦੇ ਦੇਹਾਂਤ ਤੋਂ ਬਾਅਦ ਖਾਲੀ ਹੋ ਗਈ ਸੀ। ਚੋਣ ਕਮਿਸ਼ਨ ਨੇ ਅਜੇ ਤੱਕ ਜ਼ਿਮਨੀ ਚੋਣ ਦੀ ਮਿਤੀ ਦਾ • ਬਾਕੀ ਸਫਾ 2 'ਤੇ

# 25ਵਾਂ ਮਹਾਂ ਸੰਮੇਲਨ ਸਫਲਤਾ-ਪੂਰਵਕ ਸਿਰੇ ਚਾੜ੍ਹਨ ਲਈ ਮੁਬਾਰਕਾਂ

## ਕਾਮਰੇਡ ਡੀ ਰਾਜਾ ਵੱਲੋਂ ਬੰਤ ਸਿੰਘ ਬਰਾੜ ਨੂੰ ਪੱਤਰ ਲਿਖ ਕੇ ਕੀਤੀ ਪ੍ਰਸੰਸਾ

**ਲੁਧਿਆਣਾ (ਐੱਮ ਐੱਸ ਭਾਟੀਆ)**

ਸੀ ਪੀ ਆਈ ਦੇ ਜਨਰਲ ਸਕੱਤਰ ਕਾਮਰੇਡ ਡੀ ਰਾਜਾ ਵੱਲੋਂ ਸੀ ਪੀ ਆਈ ਪੰਜਾਬ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੂੰ ਲਿਖੇ ਗਏ ਪੱਤਰ ਵਿੱਚ ਕਿਹਾ ਗਿਆ ਹੈ, "ਭਾਰਤੀ ਕਮਿਊਨਿਸਟ ਪਾਰਟੀ ਦੀ ਰਾਸ਼ਟਰੀ ਕੌਂਸਲ ਵੱਲੋਂ ਅਤੇ ਆਪਣੀ ਨਿੱਜੀ ਹੈਸੀਅਤ ਵਿੱਚ ਮੈਂ ਤੁਹਾਨੂੰ, ਪਾਰਟੀ ਦੀ ਪੰਜਾਬ ਸਟੇਟ ਕੌਂਸਲ ਅਤੇ ਰਿਸੈਪਸ਼ਨ ਕਮੇਟੀ ਨੂੰ ਚੰਡੀਗੜ੍ਹ ਵਿੱਚ ਪਾਰਟੀ ਦੇ 25ਵੇਂ ਮਹਾਂ ਸੰਮੇਲਨ ਦੀ ਸ਼ਾਨਦਾਰ ਮੇਜ਼ਬਾਨੀ ਲਈ ਦਿਲੋਂ ਪ੍ਰਸੰਸਾ ਅਤੇ ਨਿੱਘੀਆਂ ਇਨਕਲਾਬੀ ਸ਼ੁੱਭਕਾਮਨਾਵਾਂ ਦਿੰਦਾ ਹਾਂ।"



ਉਨ੍ਹਾ ਕਿਹਾ ਹੈ, "ਮਹਾਂ ਸੰਮੇਲਨ ਸਾਡੀ ਪਾਰਟੀ ਦੇ ਇਤਿਹਾਸਕ ਸ਼ਤਾਬਦੀ ਸਾਲ ਵਿੱਚ ਆਯੋਜਿਤ ਕੀਤਾ ਗਿਆ ਸੀ, ਮੈਨੂੰ ਇਹ ਕਹਿਣਾ ਪਵੇਗਾ ਕਿ ਪੰਜਾਬ ਦੇ ਸਾਥੀ ਇਸ ਮੌਕੇ ਬਹੁਤ ਵਚਨਬੱਧਤਾ ਅਤੇ ਭਾਵਨਾ ਨਾਲ ਪਹੁੰਚੇ। ਪ੍ਰਭਾਵਸ਼ਾਲੀ ਰੈਲੀ ਅਤੇ ਜਨਤਕ ਮੀਟਿੰਗ, ਜਿਸ ਵਿੱਚ ਹੜ੍ਹਾਂ ਕਾਰਨ ਹੋਈ ਤਬਾਹੀ ਦੇ ਬਾਵਜੂਦ ਪੰਜਾਬ ਦੇ ਹਰ ਜ਼ਿਲ੍ਹੇ ਤੋਂ ਹਜ਼ਾਰਾਂ ਲੋਕਾਂ ਦੀ ਸ਼ਮੂਲੀਅਤ ਦੇਖਣ ਨੂੰ ਮਿਲੀ, ਸਾਡੀ ਪਾਰਟੀ ਅਤੇ ਇਸ ਦੀ ਲੀਡਰਸ਼ਿਪ ਵਿੱਚ ਲੋਕਾਂ ਦੇ ਵਿਸ਼ਵਾਸ ਦਾ ਇੱਕ ਪ੍ਰੇਰਨਾਦਾਇਕ ਪ੍ਰਦਰਸ਼ਨ ਹੈ।ਇਹ ਲੋਕਾਂ ਦੇ ਜੀਵਨ ਵਿੱਚ ਸੀ ਪੀ ਆਈ ਦੀ ਸਾਰਥਕਤਾ ਅਤੇ ਸਾਡੇ ਸਮੂਹਿਕ ਸੰਘਰਸ਼ ਦੀ ਤਾਕਤ ਦੀ ਇੱਕ ਦਿਲਚਸਪ ਯਾਦ ਦਿਵਾਉਂਦਾ ਸੀ।ਮਹਾਂ ਸੰਮੇਲਨ ਦੇ ਹਰ ਪਹਿਲੂ ਵਿੱਚ ਰਿਹਾਇਸ਼, ਭੋਜਨ, ਆਵਾਜਾਈ ਅਤੇ ਸਥਾਨ 'ਤੇ ਸੈਸ਼ਨਾਂ ਦੇ ਸੰਚਾਲਨ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਦਾ ਪ੍ਰਬੰਧ ਕੁਸ਼ਲਤਾ ਅਤੇ ਜ਼ਿੰਮੇਵਾਰੀ ਨਾਲ ਕੀਤਾ ਗਿਆ ਸੀ।ਇਹ ਕਮਾਲ ਦੀ ਗੱਲ ਸੀ ਕਿ ਇੱਕ ਵੀ ਸਾਥੀ ਨੇ ਸ਼ਿਕਾਇਤ ਨਹੀਂ ਕੀਤੀ।ਇਹ ਪੰਜਾਬ ਦੇ ਸਾਥੀਆਂ ਦੁਆਰਾ ਇਸ ਇਤਿਹਾਸਕ ਕਾਰਜ ਨੂੰ ਨਿਭਾਉਣ ਦੇ ਅਨੁਸ਼ਾਸਨ, ਵੇਰਵਿਆਂ ਵੱਲ ਧਿਆਨ ਅਤੇ ਸਮੂਹਿਕ ਜ਼ਿੰਮੇਵਾਰੀ ਦੀ ਭਾਵਨਾ ਬਾਰੇ ਬਹੁਤ ਕੁਝ ਦਰਸਾਉਂਦਾ ਹੈ।ਸਾਡੇ ਵਲੰਟੀਅਰਾਂ ਦਾ ਅਣਥੱਕ ਅਤੇ ਨਿਰਸਵਾਰਥ ਕੰਮ ਜ਼ਿਕਰਯੋਗ ਹੈ, ਕਿਉਂਕਿ ਇਹ ਉਨ੍ਹਾਂ ਦੀ ਨਿਰੰਤਰ ਮੌਜੂਦਗੀ ਅਤੇ ਸਮਰਪਣ ਸੀ, ਜਿਸ ਨੇ ਇਹ ਯਕੀਨੀ ਬਣਾਇਆ ਕਿ ਸਭ ਕੁਝ ਸੁਚਾਰੂ ਅਤੇ ਸੰਪੂਰਨ ਢੰਗ ਨਾਲ ਚੱਲਿਆ।"

ਉਨ੍ਹਾ ਅੱਗੇ ਕਿਹਾ ਹੈ, "ਪੰਜਾਬ ਸਟੇਟ ਕੌਂਸਲ ਅਤੇ ਰਿਸੈਪਸ਼ਨ ਕਮੇਟੀ ਉਨ੍ਹਾਂ ਦੀ ਸੁਚੱਜੀ ਯੋਜਨਾਬੰਦੀ ਅਤੇ ਇਸ ਮਹਾਂ ਸੰਮੇਲਨ ਨੂੰ ਯਾਦਗਾਰੀ ਸਫਲ ਬਣਾਉਣ ਲਈ ਉਨ੍ਹਾਂ ਦੀ ਵਚਨਬੱਧਤਾ ਲਈ ਸਭ • ਬਾਕੀ ਸਫਾ 2 'ਤੇ

## ਗੁਲਮਰਗ 'ਚ ਸਿਆਲਾਂ ਦੀ ਪਹਿਲੀ ਬਰਫਬਾਰੀ

ਸ੍ਰੀਨਗਰ : ਕਸ਼ਮੀਰ ਦੇ ਪ੍ਰਸਿਧ ਹਿੱਲ ਸਟੇਸ਼ਨ ਗੁਲਮਰਗ ਵਿੱਚ ਸ਼ੁੱਕਰਵਾਰ ਸਿਆਲਾਂ ਦੀ ਪਹਿਲੀ ਬਰਫਬਾਰੀ ਹੋਈ। ਇਸਨੇ ਵਾਦੀ ਦੇ ਉਤਲੇ ਇਲਾਕਿਆਂ 'ਚ ਸਿਆਲਾਂ ਦੀ ਛੇਤੀ ਆਮਦ ਦਾ ਇਸ਼ਾਰਾ ਕਰ ਦਿੱਤਾ। ਬਰਫਬਾਰੀ ਨੇ ਹੋਟਲਾਂ ਤੇ ਰੈਸਟੋਰੈਂਟਾਂ ਦੇ ਮਾਲਕਾਂ ਦੇ ਚਿਹਰਿਆਂ 'ਤੇ ਮੁਸਕਾਨ ਲੈ ਆਂਦੀ ਹੈ।

## ਆਸ਼ਾ ਵਰਕਰਾਂ ਨੂੰ ਮਿਲੇਗੀ ਜਣੇਪਾ ਛੁੱਟੀ

**ਚੰਡੀਗੜ੍ਹ** : ਕੈਬਨਿਟ ਸਬ ਕਮੇਟੀ ਦੇ ਚੇਅਰਮੈਨ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵੱਖ-ਵੱਖ ਵਿਭਾਗਾਂ ਤੇ ਅਦਾਰਿਆਂ ਨਾਲ ਸਬੰਧਤ ਪੰਜ ਕਰਮਚਾਰੀ ਸੰਗਠਨਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ। ਚੀਮਾ ਨੇ ਇਸ ਮੌਕੇ ਦੱਸਿਆ ਕਿ ਪੰਜਾਬ ਸਰਕਾਰ ਨੇ ਅੱਜ 'ਮੈਟਰਨਿਟੀ ਬੈਨੀਫਿਟਸ ਐਕਟ, 1961' ਦੇ ਅਨੁਸਾਰ ਆਸ਼ਾ ਅਤੇ ਆਸ਼ਾ ਫੈਸੀਲੀਟੇਟਰਾਂ ਨੂੰ ਜਣੇਪਾ ਛੁੱਟੀ ਦਾ ਲਾਭ ਦੇਣ ਲਈ ਨੋਟੀਫੀਕੇਸ਼ਨ ਜਾਰੀ ਕਰ ਦਿੱਤਾ ਹੈ। ਵਿੱਤ ਮੰਤਰੀ ਨੇ ਕਿਹਾ ਕਿ ਇਸ ਨਵੇਂ ਨੋਟੀਫੀਕੇਸ਼ਨ ਅਨੁਸਾਰ ਆਸ਼ਾ ਅਤੇ ਆਸ਼ਾ ਫੈਸੀਲੀਟੇਟਰ ਜਣੇਪਾ ਛੁੱਟੀ ਦੌਰਾਨ ਨਿਸ਼ਚਿਤ ਮਾਸਿਕ ਮਾਣਭੱਤਾ ਪ੍ਰਾਪਤ ਕਰਨ ਦੇ ਯੋਗ ਹੋਣਗੇ। ਇਸ ਤੋਂ ਇਲਾਵਾ 'ਮੈਟਰਨਿਟੀ ਬੈਨੀਫਿਟਸ ਐਕਟ, 1961' ਵਿੱਚ ਭਵਿੱਖ ਵਿੱਚ ਹੋਣ ਵਾਲੀਆਂ ਸਾਰੀਆਂ ਸੋਧਾਂ ਵੀ ਉਨ੍ਹਾਂ 'ਤੇ ਲਾਗੂ ਹੋਣਗੀਆਂ।

## ਭਾਖੜਾ ਤੇ ਪੌਂਗ ਡੈਮ ਦੇ ਕੱਲ੍ਹ ਮੁੜ ਖੁੱਲ੍ਹਣਗੇ ਫਲੱਡ ਗੇਟ

**ਚੰਡੀਗੜ੍ਹ** : ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਨੇ 6-7 ਅਕਤੂਬਰ ਨੂੰ ਸੰਭਾਵੀ ਭਾਰੀ ਮੀਂਹ ਦੇ ਮੱਦੇਨਜ਼ਰ ਪੌਂਗ ਡੈਮ ਅਤੇ ਭਾਖੜਾ ਡੈਮ ਤੋਂ ਪਾਣੀ ਛੱਡਣ ਦਾ ਫੈਸਲਾ ਕੀਤਾ ਹੈ। ਬੋਰਡ ਵੱਲੋਂ ਐਮਰਜੈਂਸੀ ਮੀਟਿੰਗ ਵਿੱਚ ਸ਼ਨਿਚਰਵਾਰ ਨੂੰ 12 ਵਜੇ ਭਾਖੜਾ ਅਤੇ ਪੌਂਗ ਡੈਮ ਦੇ ਫਲੱਡ ਗੇਟ ਖੋਲ੍ਹਣ ਦੇ ਹੁਕਮ ਜਾਰੀ ਕੀਤੇ ਗਏ ਹਨ। ਵੇਰਵੇ ਅਨੁਸਾਰ ਭਾਖੜਾ ਡੈਮ ਤੋਂ ਇਸ ਵੇਲੇ 27,000 ਕਿਊਸਿਕ ਅਤੇ ਪੌਂਗ ਡੈਮ ਤੋਂ 17,000 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਬੀ.ਬੀ.ਐੱਮ.ਬੀ. ਦੀ ਮੀਟਿੰਗ ਵਿੱਚ ਹੋਏ ਫੈਸਲੇ ਅਨੁਸਾਰ ਅੱਜ ਦੁਪਹਿਰ 2 ਵਜੇ ਭਾਖੜਾ ਡੈਮ ਤੋਂ ਪਾਣੀ 27,000 ਕਿਊਸਿਕ ਤੋਂ ਵਧਾ ਕੇ 36,000 ਕਿਊਸਿਕ ਛੱਡਿਆ ਗਿਆ, ਜਦ ਕਿ ਇਸੇ ਡੈਮ ਤੋਂ ਸ਼ਨਿੱਚਰਵਾਰ ਨੂੰ 12 ਵਜੇ ਤੋਂ 43,000 ਕਿਊਸਿਕ ਪਾਣੀ ਛੱਡਿਆ ਜਾਵੇਗਾ। ਰਣਜੀਤ ਸਾਗਰ ਡੈਮ ਤੋਂ ਲੰਘੇ ਕੱਲ੍ਹ ਤੋਂ ਹੀ ਪਾਣੀ ਛੱਡਣਾ ਸ਼ੁਰੂ ਕਰ ਦਿੱਤਾ ਸੀ।

## ਗਾਜ਼ਾ 'ਚ ਇਜ਼ਰਾਇਲੀ ਹਮਲਿਆਂ 'ਚ 57 ਫਲਸਤੀਨੀਆਂ ਦੀ ਮੌਤ

**ਦੀਰ ਅਲ ਬਲਾਹ (ਗਾਜ਼ਾ ਪੱਟੀ)**

ਗਾਜ਼ਾ ਪੱਟੀ ਵਿੱਚ ਇਜ਼ਰਾਇਲੀ ਹਮਲਿਆਂ ਅਤੇ ਗੋਲਾਬਾਰੀ ਵਿੱਚ ਘੱਟੋ-ਘੱਟ 57 ਫਲਸਤੀਨੀ ਮਾਰੇ ਗਏ। ਇਜ਼ਰਾਈਲ ਨੇ ਇਹ ਹਮਲਾ ਅਜਿਹੇ ਸਮੇਂ ਕੀਤਾ ਜਦੋਂ ਹਮਾਸ ਨੇ ਪਿਛਲੇ ਕਰੀਬ ਦੋ ਸਾਲਾਂ ਤੋਂ ਚੱਲ ਰਹੀ ਜੰਗ ਨੂੰ ਖਤਮ ਕਰਨ ਦੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਤਜਵੀਜ਼ 'ਤੇ ਅਜੇ ਤੱਕ ਕੋਈ ਫੈਸਲਾ ਨਹੀਂ ਲਿਆ ਹੈ। ਟਰੰਪ ਵੱਲੋਂ ਪੇਸ਼ ਕੀਤੀ ਗਈ ਯੋਜਨਾ ਤਹਿਤ ਹਮਾਸ ਨੂੰ ਸੈਂਕੜੇ ਫਲਸਤੀਨੀ ਕੈਦੀਆਂ ਦੀ ਰਿਹਾਈ ਅਤੇ ਲੜਾਈ ਖਤਮ ਕਰਨ ਦੇ ਬਦਲੇ ਸਾਰੇ 48 ਬੰਧਕਾਂ ਨੂੰ ਵਾਪਸ ਕਰਨਾ • ਬਾਕੀ ਸਫਾ 2 'ਤੇ

# 100 ਰੁਪਏ ਦੇ ਸਿੱਕਿਆਂ ਨਾਲ ਸੰਘ ਦੀ ਗੱਦਾਰੀ ਨਹੀਂ ਛੁਪਾਈ ਜਾ ਸਕਦੀ : ਬਰਾੜ

**ਚੰਡੀਗੜ੍ਹ** : ਆਰ ਐੱਸ ਐੱਸ ਦੇ ਜਨਮ ਦੇ 100 ਸਾਲ ਪੂਰੇ ਹੋਣ 'ਤੇ ਪ੍ਰਧਾਨ ਮੰਤਰੀ ਵੱਲੋਂ ਸੰਘ ਦੀ ਪ੍ਰਸੰਸਾ ਦੇ ਪੁਲ ਬੰਨ੍ਹਣ ਅਤੇ ਇਸ ਦੇ ਕਾਰਨਾਮਿਆਂ ਨੂੰ ਸਤਿਕਾਰ ਦੇਣ ਵਾਸਤੇ ਜਾਰੀ ਕੀਤੇ ਗਏ 100 ਰੁਪਏ ਦੇ ਸਿੱਕਿਆਂ 'ਤੇ ਪ੍ਰਤੀਕਰਮ ਕਰਦਿਆਂ ਹੋਇਆਂ ਪੰਜਾਬ ਸੀ ਪੀ ਆਈ ਨੇ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਸੀ ਪੀ ਆਈ ਨੇ ਕਿਹਾ ਹੈ ਕਿ ਆਰ ਐੱਸ ਐੱਸ, ਜਮਾਤੇ ਇਸਲਾਮੀ ਅਤੇ ਹਿੰਦੂ ਮਹਾਂ ਸਭਾ ਨੇ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿਚ ਹਰ ਸਮੇਂ ਇਸ ਦੀ ਪਿੱਠ ਵਿਚ ਛੁਰਾ ਮਾਰਿਆ ਹੈ। ਸੀ ਪੀ ਆਈ ਦੇ ਸਕੱਤਰ ਸਾਥੀ ਬੰਤ ਸਿੰਘ ਬਰਾੜ ਨੇ ਸੀ ਪੀ ਆਈ ਦਾ ਪੱਖ ਰੱਖਦਿਆਂ ਆਖਿਆ ਹੈ ਕਿ ਮਹਾਤਮਾ ਗਾਂਧੀ ਦਾ ਕਤਲ ਕਰਨ, ਦੇਸ਼ ਵਿਚ



ਆਜ਼ਾਦੀ ਸੰਗਰਾਮ ਵੇਲੇ ਫਿਰਕੂ ਦੰਗੇ ਭੜਕਾਅ ਕੇ ਕਤਲੇਆਮ ਕਰਵਾਉਣ ਅਤੇ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਅੰਗਰੇਜ਼ਾਂ ਵੱਲੋਂ ਫਾਂਸੀ ਦੇਣ ਵੇਲੇ ਵੀ ਅੰਗਰੇਜ਼ਾਂ ਦੇ ਬੂਟ ਚੱਟਣੇ ਆਦਿ ਸੰਘ ਦਾ ਕਿਰਦਾਰ ਰਿਹਾ ਹੈ। ਗੋਲਵਾਲਕਰ ਅਤੇ ਸਾਵਰਕਰ ਵਰਗੇ ਇਹਨਾਂ ਦੇ ਆਗੂਆਂ ਦੀ ਅੰਗਰੇਜ਼ ਭਗਤੀ ਕਿਸੇ ਤੋਂ ਲੁਕੀ ਨਹੀਂ।

ਸਾਥੀ ਬਰਾੜ ਨੇ ਅੱਗੇ ਆਖਿਆ ਕਿ ਆਜ਼ਾਦੀ ਤੋਂ ਬਾਅਦ ਵੀ ਗਾਂਧੀ ਦੇ ਕਤਲ ਤੋਂ ਲੈ ਕੇ ਦੇਸ਼ ਅੰਦਰ ਫਿਰਕੂ ਦੰਗੇ ਕਰਵਾ ਕੇ ਘੱਟ-ਗਿਣਤੀਆਂ ਵਿਰੁੱਧ ਨਫਰਤੀ ਅਤੇ ਹਿੰਸਾਤਮਕ ਕਾਰਵਾਈਆਂ ਕਰਵਾ ਕੇ ਦੇਸ਼ ਦੇ ਕਾਰਪੋਰੇਟ ਘਰਾਣਿਆਂ ਦੀ ਦਲਾਲੀ ਕਰਨੀ ਇਹਨਾਂ ਦਾ ਇਤਿਹਾਸ ਰਿਹਾ ਹੈ। ਸਾਥੀ ਬਰਾੜ ਨੇ ਆਖਿਆ ਕਿ ਇਹ ਦੇਸ਼ ਦੀ ਸਭ ਤੋਂ ਖਤਰਨਾਕ ਅੱਤਵਾਦੀ ਫਿਰਕੂ ਜਥੇਬੰਦੀ ਹੈ ਜਿਹੜੀ "ਹਿੰਦੂ ਧਰਮ" ਦੀ ਦੁਰਵਰਤੋਂ ਕਰਕੇ ਦੇਸ਼ ਵਿਚ ਅਰਾਜਕਤਾ ਫੈਲਾਉਣ ਦਾ ਕੰਮ ਕਰ ਰਹੀ ਹੈ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ, ਸੰਵਿਧਾਨ ਅਤੇ ਜਮਹੂਰੀਅਤ ਵਾਸਤੇ ਅਸਲੀ ਖਤਰਾ ਬਣੀ ਹੋਈ ਹੈ। ਭਾਜਪਾ ਅਜਿਹੀ ਦੇਸ਼ਧ੍ਰੋਹੀ ਸੰਸਥਾ ਨੂੰ ਦੇਸ਼ ਭਗਤੀ ਦੇ ਸਰਟੀਫਿਕੇਟ ਦੇ ਕੇ ਇਤਿਹਾਸ ਨੂੰ ਤੋੜ-ਮਰੋੜ ਕੇ ਸਚਾਈ ਨੂੰ ਕਤਲ ਨਹੀਂ ਕਰ ਸਕਦੀ।

ਸੀ ਪੀ ਆਈ ਨੇ ਸਾਰੀਆਂ ਜਮਹੂਰੀ, ਦੇਸ਼ ਭਗਤ ਅਤੇ ਖੱਬੀਆਂ ਸ਼ਕਤੀਆਂ ਦੀ ਵਿਸ਼ਾਲ ਅਤੇ ਸ਼ਕਤੀਸ਼ਾਲੀ ਏਕਤਾ ਰਾਹੀਂ ਇਹਨਾਂ ਫਿਰਕੂ ਸ਼ਕਤੀਆਂ ਨੂੰ ਸੱਤਾ ਤੋਂ ਲਾਹ ਸੁੱਟਣ ਦੀ ਆਵੱਸ਼ਕਤਾ 'ਤੇ ਜ਼ੋਰ ਦਿੰਦਿਆਂ ਹੋਇਆਂ ਦੇਸ਼ ਦੇ ਸੈਕੂਲਰ ਅਤੇ ਜਮਹੂਰੀ ਢਾਂਚੇ ਦੀ ਰੱਖਿਆ ਕਰਨ ਦੀ ਅਪੀਲ ਕੀਤੀ ਹੈ।

# ਵਿਦਿਆਰਥਣਾਂ ਨੂੰ ਮਹਿੰਗੇ ਤੋਹਫੇ ਦਿੰਦਾ ਸੀ ਚੇਤਨਯਾਨੰਦ

**ਦਿੱਲੀ** : ਦਿੱਲੀ ਪੁਲੀਸ ਨੇ ਵਸੰਤ ਕੁੰਜ ਵਿੱਚ 17 ਵਿਦਿਆਰਥਣਾਂ ਦੇ ਜਿਨਸੀ ਸ਼ੋਸ਼ਣ ਨਾਲ ਸਬੰਧਤ ਮਾਮਲੇ ਵਿੱਚ ਗ੍ਰਿਫਤਾਰ ਸਵਾਮੀ ਚੇਤਨਯਾਨੰਦ ਨੂੰ ਅਦਾਲਤ ਵਿੱਚ ਪੇਸ਼ ਕੀਤਾ। ਦੋਸ਼ੀ ਦਾ ਪੰਜ ਦਿਨਾਂ ਦਾ ਪੁਲੀਸ ਰਿਮਾਂਡ ਸ਼ੁੱਕਰਵਾਰ ਨੂੰ ਖ਼ਤਮ ਹੋ ਗਿਆ ਸੀ। ਪੁਲੀਸ ਨੇ 14 ਦਿਨਾਂ ਦੀ ਨਿਆਇਕ ਹਿਰਾਸਤ ਦੀ ਬੇਨਤੀ ਕੀਤੀ ਸੀ, ਜਿਸ ਨੂੰ ਅਦਾਲਤ ਨੇ ਮਨਜ਼ੂਰ ਕਰ ਲਿਆ। ਸਵਾਮੀ ਵਿਰੁੱਧ ਜਾਅਲਸਾਜ਼ੀ ਅਤੇ ਜਾਅਲੀ ਲਾਇਸੈਂਸ ਪਲੇਟਾਂ ਲਗਾਉਣ ਦੇ ਦੋ ਵੱਖ-ਵੱਖ ਮਾਮਲੇ ਵੀ ਦਰਜ ਹਨ। ਸਵਾਮੀ ਚੇਤਨਯਾਨੰਦ ਨੂੰ ਉੱਤਰ ਪ੍ਰਦੇਸ਼ ਦੇ ਆਗਰਾ ਦੇ ਹੋਟਲ ਫਸਟ ਤਾਜਗੰਜ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਚੇਤਨਯਾਨੰਦ ਅਲਮੋੜਾ ਦੇ ਇੱਕ ਹੋਟਲ ਵਿੱਚ ਵਿਦਿਆਰਥਣਾਂ ਨਾਲ ਠਹਿਰਿਆ ਸੀ। ਇਸ ਦੀ ਪੁਸ਼ਟੀ ਉੱਤਰਾਖੰਡ ਵਿੱਚ ਬਾਬਾ ਵਿਰੁੱਧ ਸਬੂਤ ਇਕੱਠੇ ਕਰਨ ਲਈ ਪਹੁੰਚੀ ਪੁਲੀਸ ਟੀਮ ਨੇ ਕੀਤੀ। ਟੀਮ ਉੱਥੋਂ ਦੇ ਸਟਾਫ਼ ਤੋਂ ਬਾਬਾ ਬਾਰੇ ਹੋਰ ਜਾਣਕਾਰੀ ਇਕੱਠੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਪੁਲੀਸ ਨੇ ਤਿੰਨ ਵਾਰਡਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ ਨੇ ਸੰਸਥਾ ਵਿੱਚ ਬਾਬਾ ਦੀਆਂ ਗਤੀਵਿਧੀਆਂ ਨੂੰ ਲੁਕਾਇਆ ਅਤੇ ਵਿਦਿਆਰਥਣਾਂ ਦੇ ਵਿਰੋਧ ਪ੍ਰਦਰਸ਼ਨਾਂ ਨੂੰ • ਬਾਕੀ ਸਫਾ 2 'ਤੇ

## ਸੋਨਮ ਵਾਂਗਚੁੱਕ ਦੀ ਰਿਹਾਈ ਲਈ ਸੁਪਰੀਮ ਕੋਰਟ ਪੁੱਜੀ ਪਤਨੀ ਗੀਤਾਂਜਲੀ

**ਨਵੀਂ ਦਿੱਲੀ** : ਵਾਤਾਵਰਨ ਕਾਰਕੁਨ ਸੋਨਮ ਵਾਂਗਚੁੱਕ ਦੀ ਪਤਨੀ ਗੀਤਾਂਜਲੀ ਐਂਗਮੋ ਆਪਣੇ ਪਤੀ ਦੀ ਫੌਰੀ ਰਿਹਾਈ ਦੀ ਮੰਗ ਨੂੰ ਲੈ ਕੇ ਸੁਪਰੀਮ ਕੋਰਟ ਪਹੁੰਚ ਗਈ ਹੈ। ਵਾਂਗਚੁੱਕ ਨੂੰ ਕਥਿਤ 'ਭੜਕਾਊ ਭਾਸ਼ਣਾਂ' ਤੇ ਕੇਂਦਰ ਸ਼ਾਸਤ ਪ੍ਰਦੇਸ਼ ਲੱਦਾਖ ਵਿਚ ਹਾਲੀਆ ਹਿੰਸਾ ਮਗਰੋਂ ਐੱਨ ਐੱਸ ਏ ਤਹਿਤ ਗ੍ਰਿਫ਼ਤਾਰ ਕਰਕੇ ਰਾਜਸਥਾਨ ਦੀ ਜੋਧਪੁਰ ਜੇਲ੍ਹ ਵਿਚ ਰੱਖਿਆ ਗਿਆ ਹੈ। ਐਂਗਮੋ ਨੇ ਵਕੀਲ ਸਰਵਮ ਰਿਤਮ ਖਰੇ ਰਾਹੀਂ ਦਾਇਰ ਆਪਣੀ ਪਟੀਸ਼ਨ ਵਿੱਚ ਵਾਂਗਚੁੱਕ ਦੀ ਨਜ਼ਰਬੰਦੀ ਨੂੰ ਚੁਣੌਤੀ ਦਿੱਤੀ ਹੈ, ਨਾਲ ਹੀ ਉਨ੍ਹਾਂ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ ਹੈ। ਪਟੀਸ਼ਨ ਵਿੱਚ ਵਾਂਗਚੁੱਕ ਵਿਰੁੱਧ ਐੱਨ ਐੱਸ ਏ ਦੀ ਵਰਤੋਂ ਕਰਨ ਦੇ ਫੈਸਲੇ 'ਤੇ ਵੀ ਸਵਾਲ ਉਠਾਏ ਗਏ ਹਨ। ਐਂਗਮੋ ਨੇ ਦੋਸ਼ ਲਗਾਇਆ ਕਿ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਉਸ ਨੂੰ ਅਜੇ ਤੱਕ ਨਜ਼ਰਬੰਦੀ ਦੇ ਹੁਕਮਾਂ ਦੀ ਕਾਪੀ ਮੁਹੱਈਆ ਨਹੀਂ ਕਰਵਾਈ ਗਈ ਹੈ। ਇਸ ਤੋਂ ਇਲਾਵਾ ਹੁਣ ਤੱਕ ਉਸ ਦਾ ਆਪਣੇ ਪਤੀ ਵਾਂਗਚੁੱਕ ਨਾਲ ਕੋਈ ਸੰਪਰਕ ਨਹੀਂ ਹੋਇਆ ਹੈ। ਵਾਂਗਚੁੱਕ ਵੱਲੋਂ ਲੱਦਾਖ਼ ਨੂੰ ਰਾਜ ਦਾ ਦਰਜਾ ਦੇਣ ਤੇ 6ਵੇਂ ਸ਼ਡਿਊਲ ਵਿਚ ਸ਼ਾਮਲ ਕਰਨ ਦੀ ਮੰਗ ਨੂੰ ਲੈ ਕੇ ਵਿੱਢੀ ਭੁੱਖ ਹੜਤਾਲ ਦੌਰਾਨ ਹਿੰਸਾ ਭੜਕ ਗਈ ਸੀ।

# ਮੇਰੀ ਧੀ ਤੋਂ ਮੰਗੀਆਂ ਸਨ ਇਤਰਾਜ਼ਯੋਗ ਤਸਵੀਰਾਂ : ਅਕਸ਼ੇ

**ਮੁੰਬਈ** : ਬਾਲੀਵੁੱਡ ਅਦਾਕਾਰ ਅਕਸ਼ੇ ਕੁਮਾਰ ਨੇ ਸ਼ੁੱਕਰਵਾਰ ਨੂੰ ਇੱਕ ਪ੍ਰੇਸ਼ਾਨ ਕਰਨ ਵਾਲੀ ਅਸਲ-ਜੀਵਨ ਘਟਨਾ ਸਾਂਝੀ ਕੀਤੀ, ਜੋ ਉਨ੍ਹਾਂ ਦੀ 13 ਸਾਲਾ ਧੀ ਦੇ ਇੱਕ ਵੀਡੀਓ ਗੇਮ ਖੇਡਣ ਨਾਲ ਸੰਬੰਧਤ ਹੈ। ਉਨ੍ਹਾਂ ਬੱਚਿਆਂ ਵਿੱਚ ਸਾਈਬਰ ਅਪਰਾਧ ਦੇ ਵਧਦੇ ਖ਼ਤਰੇ ਨੂੰ ਉਜਾਗਰ ਕਰਨ ਦੇ ਮੱਦੇਨਜ਼ਰ ਇਹ ਘਟਨਾ ਸਾਂਝੀ ਕੀਤੀ। ਅਦਾਕਾਰ ਨੇ ਯਾਦ ਕੀਤਾ ਕਿ ਕੁਝ ਮਹੀਨੇ ਪਹਿਲਾਂ ਉਨ੍ਹਾਂ ਦੀ ਧੀ ਨੂੰ ਇੱਕ ਆਨਲਾਈਨ ਵੀਡੀਓ ਗੇਮ ਖੇਡਦੇ ਸਮੇਂ, ਇੱਕ ਅਣਜਾਣ ਵਿਅਕਤੀ ਵੱਲੋਂ ਪਹੁੰਚ ਕੀਤੀ ਗਈ ਸੀ, ਜਿਸ ਨੇ ਉਸ ਨੂੰ ਆਪਣੀਆਂ ਇਤਰਾਜ਼ਯੋਗ ਤਸਵੀਰਾਂ ਭੇਜਣ ਲਈ ਕਿਹਾ ਸੀ। ਬਾਲੀਵੁੱਡ ਅਦਾਕਾਰ ਨੇ ਮੁੰਬਈ ਵਿੱਚ ਸਟੇਟ ਪੁਲਸ ਹੈੱਡਕੁਆਰਟਰ ਵਿਖੇ ਆਯੋਜਿਤ ਸਾਈਬਰ ਜਾਗਰੂਕਤਾ ਮਹੀਨਾ 2025 ਦੇ ਉਦਘਾਟਨੀ ਸਮਾਰੋਹ ਵਿੱਚ ਆਪਣੇ ਸੰਬੋਧਨ ਵਿੱਚ ਇਸ ਤਜਰਬੇ ਦਾ ਜ਼ਿਕਰ ਕੀਤਾ। ਅਕਸ਼ੇ ਨੇ ਕਿਹਾ, "ਮੈਂ ਤੁਹਾਨੂੰ ਸਾਰਿਆਂ ਨੂੰ ਇੱਕ ਛੋਟੀ ਜਿਹੀ ਘਟਨਾ ਦੱਸਣਾ ਚਾਹੁੰਦਾ ਹਾਂ, ਜੋ ਕੁਝ ਮਹੀਨੇ ਪਹਿਲਾਂ ਮੇਰੇ ਘਰ ਵਾਪਰੀ ਸੀ। ਮੇਰੀ ਧੀ ਇੱਕ ਵੀਡੀਓ ਗੇਮ ਖੇਡ ਰਹੀ ਸੀ ਅਤੇ ਕੁਝ ਵੀਡੀਓ ਗੇਮਾਂ ਅਜਿਹੀਆਂ ਹਨ, ਜੋ ਤੁਸੀਂ ਕਿਸੇ ਨਾਲ ਖੇਡ ਸਕਦੇ ਹੋ। ਤੁਸੀਂ ਇੱਕ ਅਣਜਾਣ ਵਿਅਕਤੀ ਨਾਲ ਖੇਡ ਰਹੇ ਹੋ। ਅਕਸ਼ੇ ਨੇ ਦੱਸਿਆ, 'ਜਦੋਂ ਤੁਸੀਂ ਖੇਡ ਰਹੇ ਹੁੰਦੇ ਹੋ, ਤਾਂ ਕਈ ਵਾਰ ਉੱਥੋਂ ਇੱਕ ਸੁਨੇਹਾ ਆਉਂਦਾ ਹੈ... ਫਿਰ ਇੱਕ ਸੁਨੇਹਾ ਆਇਆ, ਕੀ ਤੁਸੀਂ ਮਰਦ ਹੋ ਜਾਂ ਔਰਤ ? ਤਾਂ ਉਸ ਨੇ ਜਵਾਬ ਦਿੱਤਾ, ਔਰਤ ਅਤੇ ਫਿਰ ਉਸ ਨੇ ਇੱਕ ਸੁਨੇਹਾ ਭੇਜਿਆ। ਕੀ ਤੁਸੀਂ ਮੈਨੂੰ ਆਪਣੀਆਂ ਤਸਵੀਰਾਂ (ਬਿਨਾਂ ਕੱਪੜਿਆਂ ਤੋਂ) ਭੇਜ ਸਕਦੇ ਹੋ ? ਉਹ ਮੇਰੀ ਧੀ ਸੀ। ਉਸ ਨੇ ਸਭ ਕੁਝ ਬੰਦ ਕਰ ਦਿੱਤਾ ਅਤੇ ਜਾ ਕੇ ਮੇਰੀ ਪਤਨੀ ਨੂੰ ਦੱਸਿਆ।' ਇਸ ਤਰ੍ਹਾਂ ਚੀਜ਼ਾਂ ਸ਼ੁਰੂ ਹੁੰਦੀਆਂ ਹਨ। ਇਹ ਵੀ ਸਾਈਬਰ ਅਪਰਾਧ ਦਾ ਇੱਕ ਹਿੱਸਾ ਹੈ... ਮੈਂ ਮੁੱਖ • ਬਾਕੀ ਸਫਾ 2 'ਤੇ

# ਵਾਂਗਚੁੱਕ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ



**ਜਲੰਧਰ (ਰਾਜੇਸ਼ ਥਾਪਾ)**-ਐਡਵੋਕੇਟਸ ਫਾਰ ਫਾਰਮਰਜ਼ ਐਂਡ ਲੇਬਰਰਜ਼ ਜਲੰਧਰ ਨੇ ਜਲਵਾਯੂ ਕਾਰਕੁੰਨ ਸੋਨਮ ਵਾਂਗਚੁੱਕ ਦੀ ਫੌਰੀ ਰਿਹਾਈ ਦੀ ਮੰਗ ਕੀਤੀ ਹੈ। ਸੰਸਥਾ ਦੀ ਹੰਗਾਮੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਪ੍ਰਧਾਨ ਐਡਵੋਕੇਟ ਗੁਰਜੀਤ ਸਿੰਘ ਕਾਹਲੋਂ ਨੇ ਕਿਹਾ ਕਿ 24 ਸਤੰਬਰ ਨੂੰ ਲੱਦਾਖ ਨੂੰ ਰਾਜ ਦਾ ਰੁਤਬਾ ਦੇਣ ਤੇ ਸੰਵਿਧਾਨ ਦੇ ਛੇਵੀਂ ਅਨੁਸੂਚੀ ਵਿੱਚ ਸ਼ਾਮਲ ਕਰਨ ਦੀ ਮੰਗ ਕਰਨ ਵਾਲੇ ਨਿਹੱਥੇ ਅੰਦੋਲਨਕਾਰੀਆਂ 'ਤੇ ਲੇਹ ਵਿੱਚ ਕੇਂਦਰ ਸਰਕਾਰ ਦੇ ਕਹਿਣ 'ਤੇ ਪੁਲਸ ਅਤੇ ਸੀ ਆਰ ਪੀ ਐਫ ਨੇ ਗੋਲੀਆਂ ਚਲਾ ਕੇ 4 ਬੇਕਸੂਰ ਲੋਕਾਂ ਨੂੰ ਮਾਰ ਦਿੱਤਾ ਤੇ ਕਈ ਹੋਰਨਾਂ ਨੂੰ ਗੰਭੀਰ ਜ਼ਖਮੀ ਕਰ ਦਿੱਤਾ। ਇਸ ਤੋਂ ਬਾਅਦ ਕੌਮੀ ਤੇ ਕੌਮਾਂਤਰੀ ਸਨਮਾਨਪ੍ਰਾਪਤ ਸੋਨਮ ਵਾਂਗਚੁੱਕ ਨੂੰ ਐੱਨ ਐੱਸ ਏ ਤਹਿਤ ਫੜ ਕੇ ਜੋਧਪੁਰ ਜੇਲ੍ਹ ਵਿੱਚ ਡੱਕ ਦਿੱਤਾ। ਸੰਸਦ ਦੇ ਜਨਰਲ ਸਕੱਤਰ ਐਡਵੋਕੇਟ ਰਾਜੂ ਅੰਬੇਡਕਰ ਨੇ ਕਿਹਾ ਕਿ ਸੋਨਮ ਵਾਂਗਚੁੱਕ ਵਾਰ-ਵਾਰ ਕੇਂਦਰ ਸਰਕਾਰ ਨੂੰ ਖਬਰਦਾਰ ਕੀਤਾ ਕਿ ਕਿਵੇਂ ਚੀਨ ਭਾਰਤ ਦੀ ਜ਼ਮੀਨ 'ਤੇ ਨਜਾਇਜ਼ ਕਬਜ਼ਾ ਕਰੀ ਜਾ ਰਿਹਾ ਹੈ ਅਤੇ ਉਸਨੇ ਚੀਨ ਦੇ ਸਮਾਨ ਦੇ ਬਾਈਕਾਟ ਦੀ ਮੁਹਿੰਮ ਚਲਾਈ ਹੋਈ ਸੀ। ਵਾਂਗਚੁੱਕ ਆਪਣੀ ਐਨ ਜੀ ਓ ਅਤੇ ਸਕੂਲਾਂ ਰਾਹੀਂ ਵਿਦਿਆਰਥੀਆਂ ਨੂੰ ਮੁਫਤ ਸਿੱਖਿਆ ਵੀ ਦੇ ਰਿਹਾ ਸੀ। ਸੰਸਥਾ ਨੇ ਮੰਗ ਕੀਤੀ ਹੈ ਕਿ ਵਾਂਗਚੁੱਕ ਨੂੰ ਜਲਦ ਤੋਂ ਜਲਦ ਰਿਹਾ ਕੀਤਾ ਜਾਵੇ ਅਤੇ ਜਿਹੜੇ ਲੋਕ ਅੰਦੋਲਨ ਦੌਰਾਨ ਮਾਰੇ ਗਏ ਅਤੇ ਜ਼ਖਮੀ ਹੋਏ ਹਨ, ਉਨ੍ਹਾਂ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ। ਸੰਸਥਾ ਦੇ ਮੌਜੂਦ ਸਾਰੇ ਮੈਂਬਰਾਂ ਨੇ ਇਹ ਪ੍ਰਣ ਲਿਆ ਕਿ ਉਹ ਲੱਦਾਖ ਦੇ ਲੋਕਾਂ ਨਾਲ ਡੱਟ ਕੇ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਜੇ ਲੱਦਾਖੀਆਂ ਹੱਕ ਵਿੱਚ ਅੰਦੋਲਨ ਕਰਨਾ ਪਿਆ ਤਾਂ ਉਹ ਪਿੱਛੇ ਨਹੀਂ ਹਟਣਗੇ। ਮੀਟਿੰਗ ਵਿੱਚ ਐਡਵੋਕੇਟ ਰਜਿੰਦਰ ਸਿੰਘ ਮੰਡ, ਐਡਵੋਕੇਟ ਅਮਨਦੀਪ ਸਿੰਘ ਜੰਮੂ, ਐਡਵੋਕੇਟ ਕਰਨਜੀਤ ਸਿੰਘ ਰੰਧਾਵਾ, ਐਡਵੋਕੇਟ ਦਲੀਪ ਕੁਮਾਰ, ਐਡਵੋਕੇਟ ਗੁਰਪ੍ਰੀਤ ਕੌਰ, ਐਡਵੋਕੇਟ ਟੀਨਾ, ਐਡਵੋਕੇਟ ਲਵਪ੍ਰੀਤ ਸੁਮਨ, ਐਡਵੋਕੇਟ ਡੌਲੀ ਹੀਰ, ਸ਼ਿਸ਼ਮਾ ਅਤੇ ਐਡਵੋਕੇਟ ਬਖਸ਼ੋ ਹਾਜ਼ਰ ਸਨ।

## ਅੱਜ-ਨਾਮਾ

ਮਾਰਿਆ ਪਾਕਿ ਨੂੰ ਦਾਬਾ ਈ ਚੀਨੀਆਂ ਨੇ,
ਸਾਡੇ ਖਿਲਾਫ ਨਾ ਖੇਡੋ ਕੋਈ ਦਾਅ ਬੇਲੀ।
ਜਿੱਦਾਂ ਦੀ ਨਾਲ ਟਰੰਪ ਕੁਝ ਸਾਂਝ ਨਿਭਦੀ,
ਕਰਨਾ ਉਹਦਾ ਤੇ ਕਰੋ ਲੱਖ ਚਾਅ ਬੇਲੀ।
ਚੀਨ ਖਿਲਾਫ ਜੇ ਕਿਤੇ ਕੋਈ ਚਾਲ ਚੱਲੀ,
ਰੱਖਿਆ ਜਦੋਂ ਕੋਈ ਕਦੀ ਲੁਕਾਅ ਬੇਲੀ।
ਰਹਿਣੀ ਸਾਂਝ ਨਾ ਅਸਾਂ ਦੇ ਨਾਲ ਪਹਿਲੀ,
ਮਹਿੰਗੇ ਪਊ ਇਹ ਤੁਸਾਂ ਨੂੰ ਭਾਅ ਬੇਲੀ।
ਓਧਰ ਪਤਾ ਟਰੰਪ ਦਾ ਕਦੀ ਕੋਈ ਨਹੀਂ,
ਸਕਦਾ ਕਿਸੇ ਵੀ ਸਮੇਂ ਆ ਭੜਕ ਬੇਲੀ।
ਆਉਂਦੇ ਜਿੱਦਾਂ ਦੇ ਰੋਜ਼ ਬਿਆਨ ਉਹਦੇ,
ਸਕਦੀ ਚੀਨੀਆਂ ਨਾਲ ਆ ਖੜਕ ਬੇਲੀ।

-ਤੀਸ ਮਾਰ ਖਾਂ

# ਕਾਕਾ ਸਿੰਘ ਦਾ ਵਿਛੋੜਾ ਪਾਰਟੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ : ਅਰਸ਼ੀ

**ਮਾਨਸਾ (ਆਤਮਾ ਸਿੰਘ ਪਮਾਰ)**

ਨੇਕਦਿਲ ਇਨਸਾਨ, ਬੇਗਰਜ਼, ਇਮਾਨਦਾਰ ਸ਼ਖ਼ਸੀਅਤ, ਸੀ ਪੀ ਆਈ ਦੇ ਸੀਨੀਅਰ ਆਗੂ ਤੇ ਏਟਕ ਦੇ ਸਾਬਕਾ ਪ੍ਰਧਾਨ ਕਾਮਰੇਡ ਕਾਕਾ ਸਿੰਘ ਦੇ ਸ਼ਰਧਾਂਜਲੀ ਸਮਾਗਮ ਮੌਕੇ ਵੱਖ ਵੱਖ ਧਾਰਮਿਕ, ਸਮਾਜਿਕ, ਵਪਾਰਕ ਜਥੇਬੰਦੀਆਂ ਤੋਂ ਇਲਾਵਾ ਰਾਜਸੀ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਭਾਵੁਕ ਸ਼ਬਦਾਂ ਰਾਹੀਂ ਬਿਆਨ ਕੀਤਾ ਕਿ ਕਿਰਤੀਆਂ ਦੀ ਬੰਦਖਲਾਸੀ ਤੇ ਉਹਨਾਂ ਦੇ ਲੇਖੇ ਆਪਣੇ ਜੀਵਨ ਨੂੰ ਲਾਉਣ ਵਾਲੇ ਸਾਥੀ ਦਾ ਵਿਛੋੜਾ ਪਾਰਟੀ, ਪਰਵਾਰ ਤੇ ਲਹਿਰ ਲਈ ਵੱਡਾ ਘਾਟਾ ਹੈ, ਕਿਉਂਕਿ ਇੱਕ ਚੰਗੇ ਕਮਿਊਨਿਸਟ ਦੇ ਜਾਣ ਨਾਲ ਲਹਿਰ ਵਿੱਚ ਖੜੋਤ ਦਾ ਆਉਣਾ ਕੁਦਰਤੀ ਵਰਤਾਰਾ ਹੈ।ਅਰਸ਼ੀ ਨੇ ਕਿਹਾ ਕਿ ਉਹਨਾਂ ਦੀ ਸੋਚ 'ਤੇ ਪਹਿਰਾ ਦੇਣਾ ਹੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ ਨੇ ਕਾਕਾ ਸਿੰਘ ਦੀ ਜੀਵਨੀ 'ਤੇ ਚਰਚਾ ਕਰਦਿਆਂ ਕਿਹਾ ਕਿ ਉਹ ਵਿਅਕਤੀ ਨਹੀਂ ਬਲਕਿ ਇੱਕ ਵਿਚਾਰਧਾਰਾ ਹੈ।ਪੰਜਾਬ ਇਕਾਈ ਦੇ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਨੇ ਸ਼ੋਕ ਸੰਦੇਸ਼ ਰਾਹੀਂ ਸਾਥੀ ਨੂੰ ਸ਼ਰਧਾਂਜਲੀ ਅਰਪਿਤ ਕੀਤੀ।ਇਸ ਮੌਕੇ ਜ਼ਿਲ੍ਹਾ ਪਾਰਟੀ ਦੇ ਐਡਵੋਕੇਟ ਕੁਲਵਿੰਦਰ ਉੱਡਤ, ਸੀਤਾਰਾਮ ਗੋਬਿੰਦਪੁਰਾ, ਵੇਦ ਪ੍ਰਕਾਸ਼ ਬੁਢਲਾਡਾ, ਰੂਪ ਸਿੰਘ ਢਿੱਲੋਂ, ਰਤਨ ਭੋਲਾ, ਨਰੇਸ਼ ਕੁਮਾਰ ਬੁਰਜ਼ ਹਰੀ, ਦਲਜੀਤ ਸਿੰਘ ਮਾਨਸ਼ਾਹੀਆ,



ਦਰਸ਼ਨ ਸਿੰਘ ਮਾਨਸ਼ਾਹੀਆ, ਬੂਟਾ ਸਿੰਘ ਬਰਨਾਲਾ, ਰਾਜਕੁਮਾਰ ਸ਼ਰਮਾ, ਬੰਬੂ ਸਿੰਘ, ਸੁਖਦੇਵ ਸਿੰਘ ਪੰਧੇਰ, ਹਰਨੇਕ ਸਿੰਘ ਢਿੱਲੋਂ ਆਦਿ ਵੀ ਹਾਜ਼ਰ ਸਨ।ਇਸ ਮੌਕੇ ਜਗਦੀਪ ਸਿੰਘ ਨਕਈ ਸਾਬਕਾ ਮੁੱਖ ਸੰਸਦੀ ਸਕੱਤਰ, ਵਿਜੇ ਕੁਮਾਰ ਸਿੰਗਲਾ ਐਮ ਐਲ ਏ ਮਾਨਸਾ, ਨਾਜ਼ਰ ਸਿੰਘ ਮਾਨਸ਼ਾਹੀਆ ਸਾਬਕਾ ਵਿਧਾਇਕ, ਗੁਰਪ੍ਰੀਤ ਸਿੰਘ ਵਿੱਕੀ, ਸਾਬਕਾ ਪ੍ਰਧਾਨ ਨਗਰ ਕੌਂਸਲ ਮਾਨਸਾ ਮਨਦੀਪ ਗੋਰਾ, ਬਲਵਿੰਦਰ ਸਿੰਘ ਕਾਕਾ ਸਾਬਕਾ ਪ੍ਰਧਾਨ, ਡਾ. ਜਨਕ ਰਾਜ ਸਿੰਗਲਾ, ਜਤਿੰਦਰ ਕੁਮਾਰ ਆਗਰਾ, ਡਾ. ਧੰਨਾ ਮੱਲ ਗੋਇਲ, ਬਿੱਕਰ ਸਿੰਘ ਮੰਘਾਣੀਆ, ਹੰਸਰਾਜ ਮੋਫ਼ਰ, ਬ੍ਰਾਹਮਣ ਸਭਾ ਦੇ ਪ੍ਰਿਤਪਾਲ ਮੌਂਟੀ, ਕਮਲ ਸ਼ਰਮਾ, ਬਿੱਕਰ ਸਿੰਘ ਮਾਖਾ, ਸਿਕੰਦਰ ਸਿੰਘ ਘਰਾਂਗਣਾ, ਰਾਜਵਿੰਦਰ ਸਿੰਘ ਰਾਣਾ, ਮੇਜਰ ਸਿੰਘ ਦੂਲੋਵਾਲ, ਗਗਨ ਮਾਨਸ਼ਾਹੀਆ, ਰਾਜ ਜੋਸ਼ੀ, ਰਾਮਪਾਲ ਸਿੰਘ ਐੱਮ ਸੀ, ਗੁਰਦੀਪ ਸਿੰਘ ਦੀਪਾ ਆਦਿ ਆਗੂਆਂ ਨੇ ਵੀ ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਮੱਖਣ ਮਾਨਸਾ ਵੱਲੋਂ ਬਾਖੂਬੀ ਨਿਭਾਈ ਗਈ।

## ਪਾਠ ਦਾ ਭੋਗ



ਸਾਡੇ ਬੜੇ ਹੀ ਪਿਆਰੇ
ਸ੍ਰ. ਸੰਤੋਖ ਸਿੰਘ (ਜੱਟ ਭਾਂਡਿਆਂ ਵਾਲਾ)
ਜੋ ਕਿ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰੂ ਚਰਨਾਂ 'ਚ ਜਾ ਬਿਰਾਜੇ ਸਨ। ਉਨ੍ਹਾ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਿਤੀ 5 ਅਕਤੂਬਰ 2025 ਦਿਨ ਐਤਵਾਰ ਨੂੰ ਉਨ੍ਹਾ ਦੇ ਗ੍ਰਿਹ ਵਿਖੇ ਪੈਣਗੇ। ਉਪਰੰਤ ਧਾਰਮਿਕ ਦੀਵਾਨ ਮੌਕੇ ਸ਼ਬਦ ਕੀਰਤਨ ਅਤੇ ਸਮੂਹਿਕ ਅਰਦਾਸ ਗੁਰਦੁਆਰਾ ਕਰਮ ਸ਼ਾਹ ਦਾਤਾ ਫਤਿਹਾਬਾਦ ਵਿਖੇ 12 ਤੋਂ 1 ਵਜੇ ਤੱਕ ਹੋਵੇਗੀ।ਆਪ ਜੀ ਨੇ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ।
ਗੁਰੂ ਦੇ ਭਾਣੇ ਵਿੱਚ
ਪ੍ਰਿੰਸੀਪਲ ਦਲਬੀਰ ਸਿੰਘ ਦਿਓਲ ਅਤੇ ਸਮੂਹ ਦਿਓਲ ਪਰਵਾਰ, ਮੋ: 98552-17531

CMYK

4-OCT-PAGE-1.qxd 10/3/2025 10:47 PM Page 2



## ਸਰਬ ਭਾਰਤੀਯ ਸੇਵਾ ਸੰਮਤੀ ਨੇ 60ਵਾਂ ਸਥਾਪਨਾ ਦਿਵਸ ਮਨਾਇਆ



**ਧੂਰੀ (ਵਿੰਨੀ ਗਰਗ)**-ਸਰਬ ਭਾਰਤੀਯ ਸੇਵਾ ਸੰਮਤੀ (ਰਜਿ.) ਵੱਲੋਂ 60ਵਾਂ ਸਥਾਪਨਾ ਦਿਵਸ ਮਨਾਇਆ ਗਿਆ।ਇਸ ਸਮਾਰੋਹ ਵਿੱਚ ਝੰਡੇ ਦੀ ਰਸਮ ਪ੍ਰਧਾਨ ਰਾਕੇਸ਼ ਕੁਮਾਰ ਗਰਗ ਨੇ ਅਦਾ ਕੀਤੀ।ਉਪਰੰਤ ਮੀਟਿੰਗ ਵਿੱਚ ਜਨਰਲ ਸਕੱਤਰ ਪਿਆਰ ਚੰਦ ਸੰਖਿਆਣ ਨੇ ਸਾਰੇ ਮੈਂਬਰਾਂ ਨੂੰ ਦੁਸਹਿਰੇ ਤੇ ਸਥਾਪਨਾ ਦਿਵਸ ਦੀ ਵਧਾਈ ਦਿੰਦਿਆਂ ਸੰਸਥਾ ਦੇ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਦੱਸਿਆ ਕਿ ਸੰਸਥਾ ਨੇ ਆਪਣੇ 59 ਸਾਲ ਸਮਾਜ ਸੇਵਾ ਦੇ ਖੇਤਰ ਵਿੱਚ ਚੰਗੀ ਤਰ੍ਹਾਂ ਬਤੀਤ ਕੀਤੇ ਹਨ।ਸੰਸਥਾ ਦੀ ਸਥਾਪਨਾ ਮਿਤੀ 23.10.1966 ਨੂੰ ਹੋਈ ਤੇ ਸੰਸਥਾ ਧਾਰਮਿਕ ਤੇ ਸਮਾਜਿਕ ਖੇਤਰ ਵਿੱਚ ਲਗਾਤਾਰ ਵੱਧ ਚੜ੍ਹ ਕੇ ਭਾਗ ਲੈ ਰਹੀ ਹੈ, ਜਿਸ ਵਿੱਚ ਅੱਖਾਂ ਦੇ ਮੁਫ਼ਤ ਕੈਂਪ, ਲੜਕੀਆਂ ਨੂੰ ਸਿਲਾਈ, ਕਢਾਈ, ਸ਼ਹਿਰ ਵਿੱਚ ਵੱਖ ਵੱਖ ਥਾਵਾਂ 'ਤੇ ਵਾਟਰ ਕੂਲਰ, ਲੜਕੀਆਂ ਲਈ ਕੰਪਿਊਟਰ ਕੇਂਦਰ, ਸਕਿਨ ਐਂਡ ਬਿਊਟੀ ਪਾਰਲਰ ਕੋਰਸ, ਸਿਵਲ ਹਸਪਤਾਲ 'ਚ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ।ਇਸ ਸਮਾਰੋਹ ਸ਼ਿਵ ਭੋਲਾ ਸੇਵਾ ਸੰਮਤੀ ਧੂਰੀ, ਬਜਰੰਗ ਦਲ ਧੂਰੀ, ਜੈ ਮਾਤਾ ਵੈਸ਼ਨੋ ਦੇਵੀ ਸੇਵਾ ਸੰਮਤੀ ਧੂਰੀ, ਮਹਾਂਵੀਰ ਸੇਵਾ ਦਲ ਧੂਰੀ, ਦੁਰਗਾ ਸੇਵਾ ਦਲ ਧੂਰੀ, ਕੈਨੇਡੀਅਨ ਹੈਲਥ ਕਲੱਬ ਧੂਰੀ ਤੇ ਪੰਜਾਬ ਮਹਾਂਵੀਰ ਦਲ ਧੂਰੀ ਆਦਿ ਸੰਸਥਾਵਾਂ ਸ਼ਾਮਲ ਹੋਈਆਂ।ਇਸ ਮੌਕੇ ਗੋਰਾ ਲਾਲ ਸ਼ਰਮਾ ਡਾਇਰੈਕਟਰ ਰੋਬਿਨ ਮਾਡਲ ਹਾਈ ਸਕੂਲ ਧੂਰੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

## ਹੜ੍ਹ ਪ੍ਰਭਾਵਿਤ ਵਿਦਿਆਰਥੀਆਂ ਦੀਆਂ ਫੀਸਾਂ ਮਾਫ਼ ਕਰਨ ਦੀ ਮੰਗ



**ਮਾਨਸਾ (ਆਤਮਾ ਸਿੰਘ ਪਮਾਰ)**-ਤਰਕਸ਼ੀਲ ਸੁਸਾਇਟੀ ਦਾ ਜ਼ੋਨ ਪੱਧਰੀ ਵਫ਼ਦ ਡਿਪਟੀ ਕਮਿਸ਼ਨਰ ਮਾਨਸਾ ਨੂੰ ਅੰਮ੍ਰਿਤ ਰਿਸ਼ੀ ਦੀ ਅਗਵਾਈ ਹੇਠ ਮਿਲਿਆ।ਵਫ਼ਦ ਵੱਲੋਂ ਡਿਪਟੀ ਕਮਿਸ਼ਨਰ ਮਾਨਸਾ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੇ ਨਾਮ ਇੱਕ ਮੰਗ ਪੱਤਰ ਵੀ ਸੌਂਪਿਆ ਗਿਆ।ਸੁਸਾਇਟੀ ਨੇ ਸ੍ਰ. ਮਾਨ ਨੂੰ ਅਪੀਲ ਕੀਤੀ ਕਿ ਪਿਛਲੇ ਦਿਨੀਂ ਪੰਜਾਬ 'ਚ ਆਏ ਭਿਆਨਕ ਹੜ੍ਹਾਂ ਕਾਰਨ ਜਿੱਥੇ ਕਿਸਾਨਾਂ, ਮਜ਼ਦੂਰਾਂ ਤੇ ਛੋਟੇ ਦੁਕਾਨਦਾਰਾਂ ਦਾ ਭਾਰੀ ਜਾਨੀ-ਮਾਲੀ ਨੁਕਸਾਨ ਹੋਇਆ ਹੈ, ਉੱਥੇ ਹੀ ਪਿੰਡਾਂ-ਸ਼ਹਿਰਾਂ ਵਿਚਲੇ ਸਕੂਲ ਤੇ ਕਾਲਜ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ।ਬਹੁਤ ਸਾਰੀਆਂ ਥਾਵਾਂ 'ਤੇ ਇਨ੍ਹਾਂ ਸਕੂਲਾਂ ਨੂੰ ਲੋਕਾਂ ਦੇ ਰੈਣ ਬਸੇਰੇ ਦੇ ਰੂਪ 'ਚ ਵਰਤਣ ਤੱਕ ਦੀ ਨੌਬਤ ਵੀ ਆਈ।ਇਨ੍ਹਾਂ ਦੇ ਮਜ਼ਦੂਰ ਮਾਪਿਆਂ ਨੂੰ ਇਸ ਬਿਪਤਾ ਦੇ ਸਮੇਂ ਕੰਮ ਤੋਂ ਵੀ ਪੂਰੀ ਤਰ੍ਹਾਂ ਵਾਂਝੇ ਰਹਿਣਾ ਪਿਆ, ਜਿਸ ਕਰਕੇ ਪਹਿਲਾਂ ਹੀ ਆਰਥਿਕ ਮੰਦਹਾਲੀ 'ਚੋਂ ਵਿਚਰ ਰਹੇ ਇਹ ਲੋਕ ਹੁਣ ਹੋਰ ਵੀ ਮੰਦਹਾਲੀ ਦਾ ਸ਼ਿਕਾਰ ਹੋ ਗਏ ਹਨ।ਇਸ ਲਈ ਸੁਸਾਇਟੀ ਵੱਲੋਂ ਸਰਕਾਰ ਨੂੰ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ ਕਿ ਮਾਪਿਆਂ ਦੀ ਤਰਸਯੋਗ ਹਾਲਤ ਨੂੰ ਦੇਖਦਿਆਂ ਇਨ੍ਹਾਂ ਵਿਦਿਆਰਥੀਆਂ ਦੀਆਂ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਪ੍ਰੀਖਿਆਵਾਂ ਸਬੰਧੀ ਤੇ ਹੋਰ ਫੀਸਾਂ ਪੂਰੀ ਤਰ੍ਹਾਂ ਮੁਆਫ਼ ਕੀਤੀਆਂ ਜਾਣ ਅਤੇ ਨਾਲ ਹੀ ਗਲ-ਸੜ ਗਈਆਂ ਕਿਤਾਬਾਂ ਤੇ ਬਸਤਿਆਂ ਦੀ ਜਗ੍ਹਾ ਮੁੜ ਤੋਂ ਕਿਤਾਬਾਂ ਤੇ ਬਸਤੇ ਵੀ ਮੁਹੱਈਆ ਕਰਵਾਏ ਜਾਣ।ਵਫ਼ਦ 'ਚ ਹੋਰਨਾਂ ਤੋਂ ਇਲਾਵਾ ਜਗਸੀਰ ਸਿੰਘ, ਨਰਿੰਦਰ ਕੌਰ ਬੁਰਜ ਹਮੀਰਾ, ਭੁਪਿੰਦਰ ਸਿੰਘ ਫੌਜੀ, ਅਜਾਇਬ ਸਿੰਘ ਅਲੀਸ਼ੇਰ, ਦਲਵਿੰਦਰ ਸਿੰਘ ਤੇ ਗੁਰਦੀਪ ਸਿੰਘ ਸਿੱਧੂ ਆਦਿ ਹਾਜ਼ਰ ਸਨ।

## ਡੀ ਸੀ ਐੱਮ ਸਕੂਲਾਂ 'ਚ ਦੁਸਹਿਰਾ ਉਤਸ਼ਾਹ ਨਾਲ ਮਨਾਇਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਬੁਰਾਈ ਉੱਤੇ ਚੰਗਿਆਈ ਦੀ ਜਿੱਤ ਦਾ ਪ੍ਰਤੀਕ ਦੁਸਹਿਰੇ ਦਾ ਤਿਉਹਾਰ ਡੀਸੀਐੱਮ ਗਰੁੱਪ ਆਫ਼ ਸਕੂਲਜ਼ ਵੱਲੋਂ ਆਪਣੇ ਸਕੂਲਾਂ ਵਿੱਚ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਦੁਸਹਿਰੇ ਦਾ ਮਹੱਤਵ ਦੱਸਿਆ ਗਿਆ ਤੇ ਉਨ੍ਹਾਂ ਨੂੰ ਅਜਿਹੇ ਤਿਉਹਾਰਾਂ ਨੂੰ ਆਪਸੀ ਭਾਈਚਾਰੇ ਨਾਲ ਮਨਾਉਣ ਤੇ ਹੰਕਾਰ ਨਾ ਕਰਨ ਦਾ ਸੰਦੇਸ਼ ਦਿੱਤਾ ਗਿਆ। ਦਾਸ ਐਂਡ ਬ੍ਰਾਊਨ ਵਰਲਡ ਸਕੂਲ ਦੀ ਪ੍ਰਿੰਸੀਪਲ ਰੂਚੀ ਪਾਂਡੇ ਨੇ ਦੱਸਿਆ ਕਿ ਸਕੂਲ ਵਿੱਚ ਦੁਸਹਿਰੇ ਮੌਕੇ ਇੱਕ ਸੱਭਿਆਚਾਰਕ ਪ੍ਰੋਗਰਾਮ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਸੰਗੀਤ, ਗੀਤਾਂ ਤੇ ਰਮਾਇਣ ਦੀਆਂ ਚੌਪਾਈਆਂ ਦਾ ਗਾਇਨ ਕੀਤਾ। ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਭਗਵਾਨ ਰਾਮ ਨੇ ਲੰਕਾ ਦੇ ਰਾਜਾ ਰਾਵਣ ਨੂੰ ਮਾਰ ਕੇ ਮਾਤਾ ਸੀਤਾ ਨੂੰ ਉਨ੍ਹਾਂ ਦੀ ਕੈਦ ਤੋਂ ਮੁਕਤ ਕਰਵਾਇਆ ਸੀ। ਡੀਸੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੀ ਪ੍ਰਿੰਸੀਪਲ ਯਾਚਨਾ ਚਾਵਲਾ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਰਾਮ, ਲਕਸ਼ਮਣ, ਸੀਤਾ ਤੇ ਹਨੂੰਮਾਨ ਦੇ ਰੂਪ ਵਿੱਚ ਡਾਇਲਾਗ ਪੇਸ਼ ਕੀਤੇ ਤੇ ਭਗਵਾਨ ਦੀ ਮਹਿਮਾ ਦਾ ਗੁਣਗਾਨ ਕੀਤਾ। ਬੱਚਿਆਂ ਨੇ ਰਾਮ-ਰਾਵਣ ਬਣ ਕੇ ਰਾਮਲੀਲ੍ਹਾ ਵੀ ਖੇਡੀ। ਡੀਸੀਐੱਮ ਇੰਟਰਨੈਸ਼ਨਲ ਸਕੂਲ ਵਿੱਚ ਦੁਸਹਿਰੇ ਮੌਕੇ ਮਦਰ ਲੈਪ ਤੋਂ ਪ੍ਰੈਪ-2 ਦੇ ਵਿਦਿਆਰਥੀਆਂ ਵਿਚਕਾਰ ਸੱਭਿਆਚਾਰਕ ਪ੍ਰੋਗਰਾਮ ਕੀਤਾ ਗਿਆ। ਪ੍ਰਿੰਸੀਪਲ ਅਨੁਰਾਧਾ ਚੰਦੇਲ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਰਾਮ, ਲਕਸ਼ਮਣ, ਸੀਤਾ ਤੇ ਹਨੂੰਮਾਨ ਦੇ ਡਾਇਲਾਗ ਪੇਸ਼ ਕੀਤੇ ਅਤੇ ਭਗਵਾਨ ਦੀ ਮਹਿਮਾ ਦਾ ਗੁਣਗਾਨ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਦੱਸਿਆ ਕਿ ਇਸ ਦਿਨ ਭਗਵਾਨ ਰਾਮ ਨੇ ਲੰਕਾ ਦੇ ਰਾਜਾ ਰਾਵਣ ਨੂੰ ਮਾਰ ਕੇ ਸੀਤਾ ਨੂੰ ਉਸ ਦੀ ਕੈਦ ਤੋਂ ਮੁਕਤ ਕਰਵਾਇਆ ਸੀ।

## ਬੀ ਕੇ ਯੂ ਏਕਤਾ ਆਜ਼ਾਦ ਨੇ ਵੱਖ-ਵੱਖ ਪਿੰਡਾਂ 'ਚ ਮੁਫ਼ਤ ਕੈਂਪ ਲਾਏ



**ਅਜੀਤਵਾਲ (ਨਛੱਤਰ ਸੰਧੂ)**-ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਵੱਲੋਂ ਦੂਜੇ ਦਿਨ ਵੀ ਮੁਫਤ ਮੈਡੀਕਲ ਕੈਂਪ ਫਾਜ਼ਿਲਕਾ ਪਿੰਡ ਢਾਣੀ ਸੇਦਾਵਾਲੀ, ਢੋਲਣ ਭੈਣੀ, ਰਾਮ ਸਿੰਘ ਵਾਲੀ, ਭੈਣੀ ਗੱਟੀ ਨੰਬਰ 1, ਰੇਤ ਵਾਲੀ ਭੈਣੀ, ਗੱਲਬਾ ਭੈਣੀ ਆਦਿ ਪਿੰਡਾਂ ਵਿੱਚ ਸੂਬਾ ਆਗੂ ਲਖਵੀਰ ਸਿੰਘ, ਜੰਗ ਸਿੰਘ ਦੌਧਰ ਦੀ ਅਗਵਾਈ ਵਿੱਚ ਜਿਸ ਵਿੱਚ ਰਾਜੂ ਪੱਤੋ, ਜਗਰਾਜ ਦੱਦਾਹੂਰ, ਕਰਮਜੀਤ ਦੌਧਰ ਹਾਜ਼ਰ ਹੋਏ। ਇਸ ਕੈਂਪ ਵਿੱਚ ਡਾਕਟਰੀ ਟੀਮ ਰਾਜਨ ਸਿੱਧੂ ਜਲੰਧਰ, ਲੇਡੀ ਡਾਕਟਰ ਸੰਦੀਪ ਕੌਰ ਜਲੰਧਰ ਵਾਲੇ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਡਾਕਟਰ ਰਾਜਨ ਸੰਧੂ ਨੇ ਦੱਸਿਆ ਕਿ ਸਾਰੇ ਲੋਕਾਂ ਦੇ ਟੈਟਨਸ ਦੇ ਇੰਜੈਕਸ਼ਨ ਲਗਾਏ ਗਏ ਤੇ ਦਾਦ, ਖਾਰਸ ਤੇ ਆਮ ਬਿਮਾਰੀਆਂ ਦੀਆਂ ਦਵਾਈਆਂ ਦਿੱਤੀਆਂ ਗਈਆਂ ਅਤੇ ਦੰਦਾਂ ਦਾ ਇਲਾਜ ਕੀਤਾ ਗਿਆ। ਲਖਵੀਰ ਸਿੰਘ ਦੌਧਰ ਤੇ ਜੁਗਰਾਜ ਦੱਦਾਹੂਰ ਨੇ ਕਿਹਾ ਕਿ ਅਸੀਂ ਇਹ ਸੇਵਾ ਨੂੰ ਸ਼ਰਧਾ ਭਾਵਨਾ ਨਾਲ ਕਰ ਰਹੇ ਹਾਂ। ਉਹਨਾਂ ਦੱਸਿਆ ਕਿ ਇਸ ਮੌਕੇ ਮੈਡੀਕਲ ਦੀ ਵੱਡੇ ਪੱਧਰ 'ਤੇ ਜ਼ਰੂਰਤ ਹੈ। ਨਗਰ ਪੰਚਾਇਤ ਝੰਗੜ ਭੈਣੀ, ਅਮਨ ਦੀਪ ਸਿੰਘ, ਬਲਜੀਤ ਸਿੰਘ ਮੈਂਬਰ, ਸਤਪਾਲ, ਇਨਕਲਾਬ ਮੈਂਬਰ, ਸਮੂਹ ਨਗਰ ਨਿਵਾਸੀਆਂ ਦ ਵਿਸ਼ੇਸ਼ ਧੰਨਵਾਦੀ ਹਾਂ।

## ਮਾਡਰਨ ਕਾਲਜ ਬੀਰ ਕਲਾਂ ਵਿਖੇ ਗਾਂਧੀ ਜਯੰਤੀ ਮਨਾਈ




**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਬੀਰ ਕਲਾਂ ਵਿਖੇ ਵਿਖੇ ਚੇਅਰਮੈਨ ਡਾ. ਰਵਿੰਦਰ ਬਾਂਸਲ ਦੀ ਅਗਵਾਈ ਹੇਠ ਮੋਹਨਦਾਸ ਕਰਮ ਚੰਦ ਗਾਂਧੀ ਦੇ ਜਨਮ ਦਿਨ ਨੂੰ ਸਮਰਪਤ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਦਾ ਮੁੱਖ ਵਿਸ਼ਾ ਰਾਸ਼ਟਰ ਨਿਰਮਾਣ ਵਿੱਚ ਗਾਂਧੀ ਜੀ ਦੇ ਯੋਗਦਾਨ ਬਾਰੇ ਸੀ। ਕਾਲਜ ਪ੍ਰਿੰਸੀਪਲ ਡਾਕਟਰ ਵੀ ਕੇ ਰਾਏ ਵੱਲੋਂ ਗਾਂਧੀ ਜੀ ਦੇ ਸਿੱਖਿਆ ਸਿਧਾਂਤਾਂ ਤੇ ਉਨ੍ਹਾਂ ਦੇ ਅੰਦੋਲਨਾਂ ਨੇ ਲੋਕਾਂ ਵਿੱਚ ਅਹਿੰਸਾ ਤੇ ਸੱਚਾਈ ਦੀ ਮਹਾਨਤਾ ਨੂੰ ਕਿਸ ਤਰ੍ਹਾਂ ਜਾਗਰੂਕ ਕੀਤਾ, ਇਸ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ ਗਈ। ਅਸਿਸਟੈਂਟ ਪ੍ਰੋਫੈਸਰ ਅੰਤਰਪਾਲ ਵੱਲੋਂ ਮਹਾਤਮਾ ਗਾਂਧੀ ਦੇ ਜੀਵਨ ਬਾਰੇ ਵਿਸਤਾਰ ਪੂਰਵਕ ਚਾਨਣਾ ਪਾਇਆ ਗਿਆ ਅਤੇ ਵਿਦਿਆਰਥੀਆਂ ਤੇ ਸਮੂਹ ਸਟਾਫ ਨੂੰ ਵਧਾਈ ਦਿੰਦਿਆਂ ਮਹਾਤਮਾ ਗਾਂਧੀ ਦੀ ਸੋਚ ਨੂੰ ਸਿਜਦਾ ਕੀਤਾ। ਇਸ ਦੌਰਾਨ ਅਸਿਸਟੈਂਟ ਪ੍ਰੋਫੈਸਰ ਬੀਰਪਾਲ ਕੌਰ, ਅਸਿਸਟੈਂਟ ਪ੍ਰੋਫੈਸਰ ਸੋਨੀਆ ਗੌੜ, ਅਸਿਸਟੈਂਟ ਪ੍ਰੋਫੈਸਰ ਇੰਦਰਜੀਤ ਤੇ ਅਸਿਸਟੈਂਟ ਪ੍ਰੋਫੈਸਰ ਗੁਰਵਿੰਦਰ ਕੌਰ ਹਾਜ਼ਰ ਸਨ।

## ਰਾਏਸਰ ਦੇ ਨੌਜਵਾਨ ਨੇ ਪਾਣੀ ਵਾਲੀ ਟੈਂਕੀ 'ਤੇ ਚੜ੍ਹ ਕੇ ਕੀਤਾ ਰੋਸ ਜ਼ਾਹਰ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਰਾਏਸਰ (ਬਰਨਾਲਾ) ਵਿਖੇ ਘਰੇਲੂ ਝਗੜੇ ਨੂੰ ਲੈ ਕੇ ਇੱਕ ਨੌਜਵਾਨ ਦੇ ਪਾਣੀ ਵਾਲੀ ਟੈਂਕੀ 'ਤੇ ਚੜ੍ਹ ਕੇ ਰੋਸ ਜ਼ਾਹਰ ਕਰਨ ਦਾ ਪਤਾ ਲੱਗਿਆ ਹੈ।ਪਿੰਡ ਦੇ ਸਰਪੰਚ ਬਚਿੱਤਰ ਸਿੰਘ ਤੇ ਜਥੇ: ਨਾਥ ਸਿੰਘ ਹਮੀਦੀ ਤੇ ਮੁਹਤਬਰਾਂ ਵੱਲੋਂ ਥਾਣਾ ਮਹਿਲ ਕਲਾਂ ਦੇ ਸਹਾਇਕ ਥਾਣੇਦਾਰ ਗੁਰਮੇਲ ਸਿੰਘ ਦੀ ਹਾਜ਼ਰੀ 'ਚ ਨੌਜਵਾਨ ਨੂੰ ਪਾਣੀ ਵਾਲੀ ਟੈਂਕੀ ਤੋਂ ਹੇਠਾਂ ਉਤਾਰਿਆ।ਇਸ ਮੌਕੇ ਪੀੜਤ ਨੌਜਵਾਨ ਕਰਮ ਸਿੰਘ ਸੋਨੀ ਤੇ ਉਸ ਦੇ ਭਰਾ ਤਰਸੇਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਮਾਤਾ ਵੱਲੋਂ ਸਾਨੂੰ ਦੋਵੇਂ ਭਰਾਵਾਂ ਨੂੰ ਬਣਦਾ ਹੱਕ ਨਹੀਂ ਦਿੱਤਾ ਜਾ ਰਿਹਾ ਹੈ, ਜਿਸ ਕਰਕੇ ਮਜਬੂਰ ਹੋ ਕੇ ਅੱਜ ਟੈਂਕੀ 'ਤੇ ਚੜ੍ਹਨਾ ਪਿਆ ਹੈ।ਥਾਣਾ ਮਹਿਲ ਕਲਾਂ ਦੇ ਮੁੱਖ ਅਫਸਰ ਸਰਬਜੀਤ ਸਿੰਘ ਨੇ ਕਿਹਾ ਕਿ ਇਹ ਮਸਲਾ ਪਰਵਾਰ ਦਾ ਘਰੇਲੂ ਝਗੜਾ ਦੱਸਿਆ ਜਾ ਰਿਹਾ ਹੈ।ਦੋਵੇਂ ਧਿਰਾਂ ਨੂੰ ਥਾਣੇ ਬੁਲਾਇਆ ਗਿਆ ਹੈ।ਇਸ ਮਾਮਲੇ ਦੀ ਜਾਂਚ ਪੜਤਾਲ ਕਰਕੇ ਅਗਲੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

# ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਨਗਰ ਕੀਰਤਨ ਸਜਾਇਆ

**ਮੋਗਾ (ਇਕਬਾਲ ਸਿੰਘ ਖਹਿਰਾ)**



ਨੌਵੇਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਤ ਇੱਕ ਮਹਾਨ ਨਗਰ ਕੀਰਤਨ ਪਿੰਡ ਜੰਗੀਆਣਾ ਤੋਂ ਸ਼ੁਰੂ ਹੋਇਆ।ਦਮਦਮੀ ਟਕਸਾਲ ਦੇ ਅਸਥਾਨ ਗੁਰਦੁਆਰਾ ਜੋਤੀ ਸਰੂਪ ਤੋਂ ਸੰਤ ਬਾਬਾ ਬਲਦੇਵ ਸਿੰਘ ਦੀ ਅਗਵਾਈ ਵਿੱਚ ਸ਼ੁਰੂ ਹੋਏ ਇਸ ਨਗਰ ਕੀਰਤਨ ਵਿੱਚ ਵੱਡੀ ਗਿਣਤੀ ਸੰਗਤਾਂ ਹਿੱਸਾ ਲਿਆ। ਨਗਰ ਕੀਰਤਨ ਜੰਗੇ ਵਾਲਾ ਤੋਂ ਸ਼ੁਰੂ ਹੋ ਕੇ ਪਿੰਡ ਡਗਰੂ, ਨਿਧਾਂਵਾਲਾ, ਸਲੀਣਾ, ਸੱਦਾ ਸਿੰਘ ਵਾਲਾ, ਕਾਹਨ ਸਿੰਘ ਵਾਲਾ, ਦੌਲਤਪੁਰਾ, ਦਾਰਾਪੁਰ, ਝੰਡਿਆਣਾ, ਥੰਮਣਵਾਲਾ, ਖੁਖਰਾਣਾ, ਬਘੇਲੇਵਾਲਾ ਤੋਂ ਹੁੰਦਾ ਹੋਇਆ ਗੁਰਦੁਆਰਾ ਜੋਤੀ ਸਰੂਪ ਆ ਕੇ ਸਮਾਪਤ ਹੋਇਆ।ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਖਾਲਸਾ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਕੁਰਬਾਨੀ ਨੂੰ ਸਮਰਪਿਤ ਕਰਵਾਉਂਦਿਆਂ ਦੱਸਿਆ ਕਿ ਇੰਟਰਨੈਸ਼ਨਲ ਪੰਥਕ ਦਲ ਪੰਜਾਬ ਵਿੱਚ ਪ੍ਰਚਾਰ ਕਰਨ ਹਿੱਤ 40 ਦੇ ਕਰੀਬ ਮਹਾਨ ਨਗਰ ਕੀਰਤਨ ਦੀ ਲੜੀ ਚਲਾਈ ਜਾ ਰਹੀ ਹੈ ਤਾਂ ਜੁ ਪੰਜਾਬ ਦੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਸਕੇ।

ਭਾਈ ਜਸਵੀਰ ਸਿੰਘ ਖਾਲਸਾ ਨੇ ਗੁਰਬਾਣੀ ਦੇ ਹਵਾਲੇ ਨਾਲ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ।ਉਨ੍ਹਾਂ ਕਿਹਾ ਕਿ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡੀ ਸੇਵਾ ਹੈ ਤੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਨੇ ਮਨੁੱਖਤਾ ਤੇ ਧਰਮ ਦੀ ਰਾਖੀ ਲਈ ਜੋ ਬਲਿਦਾਨ ਦਿੱਤਾ ਸੀ, ਉਸ ਨੂੰ ਸਦੀਵੀ ਰੂਪ ਵਿੱਚ ਯਾਦ ਰੱਖਿਆ ਜਾਵੇਗਾ।ਸੰਤ ਬਾਬਾ ਬਲਦੇਵ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਮੇਤ ਸਮੂਹ ਗੁਰੂ ਸਾਹਿਬਾਨਾਂ ਨੇ ਆਪਣਾ ਜੀਵਨ ਮਨੁੱਖਤਾ ਨੂੰ ਸਮਰਪਤ ਕੀਤਾ ਤੇ ਧਰਮ ਦੀ ਰਾਖੀ ਲਈ ਹਰ ਤਰ੍ਹਾਂ ਦੀ ਕੁਰਬਾਨੀ ਕੀਤੀ।

ਵਿਦਵਾਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਦੀ ਵਿਆਖਿਆ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।ਇਸ ਤੋਂ ਇਲਾਵਾ ਢਾਡੀ ਤੇ ਕਵੀਸ਼ਰੀ ਜੱਥਿਆਂ ਨੇ ਸਿੱਖ ਸੰਘਰਸ਼ ਦੀਆਂ ਬੀਰ ਰਸੀ ਕਵਿਤਾਵਾਂ ਤੇ ਵਾਰਾਂ ਗਾ ਕੇ ਸੰਗਤਾਂ ਨੂੰ ਪ੍ਰੇਰਣਾ ਕੀਤੀ ਕਿ ਉਹ ਗੁਰੂ ਸਾਹਿਬ ਦੇ ਪਾਏ ਪੂਰਨ ਉੱਪਰ ਚੱਲਣ ਨੂੰ ਹੀ ਆਪਣਾ ਮੁੱਖ ਧਰਮ ਸਮਝਣ।

## ਭਾਜਪਾ ਦੀਆਂ ਕਮੇਟੀਆਂ ਦੇ ਪੁਨਰਗਠਨ ਲਈ ਮੰਗੇ ਨਾਂਅ

**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਨੇ ਪਾਰਟੀ ਦੇ ਗਠਨ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਵੱਖ-ਵੱਖ ਨਾਵਾਂ ਦਾ ਮੰਥਨ ਕਰਨ ਲਈ ਮੀਟਿੰਗ ਕੀਤੀ।ਡਾ. ਹਰਜੋਤ ਕਮਲ ਨੇ ਕਿਹਾ ਕਿ ਕੁਝ ਅਜਿਹੇ ਲੋਕ ਵੀ ਹਨ, ਜੋ ਪਾਰਟੀ ਸੰਗਠਨ ਲਈ ਵਧੀਆਂ ਕੰਮ ਕਰ ਸਕਦੇ ਹਨ, ਉਹ ਆਪਣੇ ਨਾਂਅ ਜ਼ਿਲ੍ਹਾ ਭਾਜਪਾ ਦਫ਼ਤਰ ਦੁੰਨੇਕੇ ਵਿਖੇ ਦਫ਼ਤਰ ਇੰਚਾਰਜ ਮਨਪ੍ਰੀਤ ਸਿੰਘ ਨੂੰ ਲਿਖਤੀ ਤੌਰ 'ਤੇ ਜਮ੍ਹਾਂ ਕਰਾ ਸਕਦੇ ਹਨ, ਤਾਂ ਜੁ ਜ਼ਿਲ੍ਹਾ ਟੀਮ, ਮੋਰਚੇ, ਸੈੱਲ ਤੇ ਸਟੇਟ ਕਮੇਟੀ ਵਿੱਚ ਭੇਜਣ ਵਾਲੇ ਨਾਂਅ ਜਲਦ ਤੋਂ ਜਲਦ ਭੇਜੇ ਜਾ ਸਕਣ।ਡਾ. ਹਰਜੋਤ ਕਮਲ ਨੇ ਕਿਹਾ ਕਿ 13 ਅਕਤੂਬਰ ਸ਼ਾਮ ਤੱਕ ਆਏ ਹੋਏ ਨਾਵਾਂ 'ਤੇ ਹੀ ਵਿਚਾਰ ਕੀਤਾ ਜਾਵੇਗਾ।ਡਾ. ਹਰਜੋਤ ਕਮਲ ਨੇ ਕਿਹਾ ਕਿ ਪਾਰਟੀ ਦਾ ਸੰਗਠਨ ਹੀ ਸਭ ਤੋਂ ਵੱਡੀ ਤਾਕਤ ਹੈ ਅਤੇ ਕੋਈ ਵੀ ਸੰਗਠਨ ਪਾਰਟੀ ਨੂੰ ਸਮਰਪਿੱਤ ਵਰਕਰਾਂ ਨਾਲ ਹੀ ਮਜ਼ਬੂਤ ਬਣ ਸਕਦਾ ਹੈ।ਡਾ. ਹਰਜੋਤ ਕਮਲ ਨੇ ਕਿਹਾ ਕਿ ਹਰੇਕ ਵਰਕਰ ਨੂੰ ਉਸਦਾ ਬਣਦਾ ਮਾਣ-ਤਾਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਕਿਸੇ ਵੀ ਵਰਕਰ ਨੂੰ ਜ਼ਿੰਮੇਦਾਰੀ ਤੋਂ ਵਾਂਝਾਂ ਨਹੀਂ ਰਹਿਣ ਦੇਣਗੇ।ਡਾ. ਹਰਜੋਤ ਕਮਲ ਕਿਹਾ ਕਿ ਹੁਣ ਲੋਕਾਂ ਨੂੰ ਭਾਜਪਾ ਹੀ ਆਖਰੀ ਉਮੀਦ ਨਜ਼ਰ ਆ ਰਹੀ ਹੈ, ਇਹ ਸਮਾਂ ਪੰਜਾਬ ਵਿੱਚ ਭਾਜਪਾ ਦੇ ਵਰਕਰਾਂ ਲਈ ਸੁਨਹਿਰਾ ਸਮਾਂ ਹੈ, ਜਿਥੇ ਆਪਣੀ ਮਤਭੇਦ ਮਿਟਾ ਕੇ ਪਾਰਟੀ ਨੂੰ ਸਮਰਪਤ ਹੋਣ ਦੀ ਜ਼ਰੂਰਤ ਹੈ।



## ਗੱਲਾ ਮਜ਼ਦੂਰ ਯੂਨੀਅਨ ਨੇ ਹੜ੍ਹ ਪੀੜਤਾਂ ਲਈ ਸਹਾਇਤਾ ਕਿਸਾਨ ਜਥੇਬੰਦੀ ਨੂੰ ਸੌਂਪੀ



**ਜਗਰਾਉਂ (ਨਛੱਤਰ ਸੰਧੂ)**-ਪੂਰੇ ਪੰਜਾਬ ਭਰ 'ਚ ਕੁਦਰਤ ਤੇ ਰਾਜਨੀਤਕ ਪ੍ਰਬੰਧ ਦੀ ਮਾਰ ਕਾਰਨ ਸਰਾਪੇ ਗਏ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਅਨਾਜ ਮੰਡੀ ਦੇ ਗੱਲਾ ਮਜ਼ਦੂਰਾਂ ਨੇ ਵੀ ਹੱਥ ਵੰਡਾਇਆ। ਇੱਥੇ ਅਨਾਜ ਮੰਡੀ 'ਚ ਝੋਨੇ ਦੀ ਖਰੀਦ ਸੰਬੰਧੀ ਆਈਆਂ ਸ਼ਿਕਾਇਤਾਂ ਅਤੇ ਸੰਭਾਵਿਤ ਅੜਿੱਕਿਆਂ ਦੀ ਪੜਤਾਲ ਕਰਨ ਪਹੁੰਚੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਟੀਮ ਨੂੰ ਆੜ੍ਹਤੀਆ ਐਸੋਸੀਏਸ਼ਨ ਅਤੇ ਗੱਲਾ ਮਜ਼ਦੂਰ ਯੂਨੀਅਨ ਨੇ ਝੋਨੇ ਦੀ ਖਰੀਦ ਸੰਬੰਧੀ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿਵਾਇਆ। ਇਸ ਸਮੇਂ ਗੱਲਾ ਮਜ਼ਦੂਰ ਯੂਨੀਅਨ ਦੀ ਸਥਾਨਕ ਕਮੇਟੀ ਨੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਇੱਕਤਰ ਕੀਤੇ ਇੱਕੀ ਹਜ਼ਾਰ ਰੁਪਏ ਦੀ ਰਾਸ਼ੀ ਕਿਸਾਨ ਯੂਨੀਅਨ ਦੀ ਟੀਮ ਨੂੰ ਪ੍ਰਧਾਨ ਦੇਵਰਾਜ ਅਤੇ ਸਾਥੀਆਂ ਨੇ ਸੌਂਪੀ। ਇਸ ਸਮੇਂ ਕੰਵਲਜੀਤ ਖੰਨਾ, ਜਗਤਾਰ ਸਿੰਘ ਤਾਰੀ, ਸੋਨੂ ਚੌਧਰੀ, ਕਿਸਾਨ ਆਗੂ ਜਗਤਾਰ ਸਿੰਘ ਦੇਹੜਕਾ, ਤਰਸੇਮ ਸਿੰਘ ਬੱਸੂਵਾਲ, ਰਛਪਾਲ ਸਿੰਘ ਨਵਾਂ ਡੱਲਾ, ਕੁੰਡਾ ਸਿੰਘ ਕਾਉਂਕੇ, ਨਿਰਮਲ ਸਿੰਘ ਕਾਉਂਕੇ ਆਦਿ ਹਾਜ਼ਰ ਸਨ।

## ਮਾਤਾ ਗੁਜਰੀ ਸਕੂਲ ਦਾ ਐਥਲੈਟਿਕਸ 'ਚ 8 ਮੈਡਲਾਂ 'ਤੇ ਕਬਜ਼ਾ



**ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**-ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇਵੀਗੜ੍ਹ ਦੀਆਂ ਵਿਦਿਆਰਥਣਾਂ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਗਵਾਨਪੁਰ ਜੱਟਾਂ ਵਿੱਚ ਹੋਈ 69ਵੀਂ ਜ਼ੋਨਲ ਪੱਧਰੀ ਕੁੜੀਆਂ ਦੀ ਐਥਲੈਟਿਕਸ ਖੇਡ ਮੁਕਾਬਲੇਬਾਜ਼ੀ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ।ਸਕੂਲ ਦੀਆਂ ਹੋਣਹਾਰ ਖਿਡਾਰਨਾਂ ਨੇ ਕੁੱਲ 8 ਮੈਡਲ (6 ਸੋਨੇ ਦੇ, 2 ਚਾਂਦੀ ਦੇ) 'ਤੇ ਕਬਜ਼ਾ ਕੀਤਾ।ਸ਼ਹਿਨਾਜ਼ ਵਿਰਕ ਨੇ 100 ਮੀਟਰ ਦੌੜ ਅਤੇ ਲੰਬੀ ਛਾਲ ਵਿੱਚ ਸੋਨ ਮੈਡਲ ਹਾਸਲ ਕੀਤਾ।ਹਰਸਿਮਰਤ ਕੌਰ 100 ਮੀਟਰ ਅਤੇ 200 ਮੀਟਰ ਦੌੜ, ਏਕਮਜੋਤ ਕੌਰ 600 ਮੀਟਰ ਦੌੜ, ਸੁਖਮਨਪ੍ਰੀਤ ਕੌਰ 800 ਮੀਟਰ ਦੌੜ ਵਿੱਚ ਸੋਨ ਤਗਮਾ ਹਾਸਲ ਕੀਤਾ।ਮੰਨਤ 100 ਮੀਟਰ ਦੌੜ ਵਿੱਚ ਚਾਂਦੀ ਦਾ ਤਗਮਾ ਹਾਸਲ ਕੀਤਾ।ਰਾਧਿਕਾ ਨੇ 200 ਮੀਟਰ ਦੌੜ ਵਿੱਚ ਚਾਂਦੀ ਦਾ ਤਗਮਾ ਹਾਸਲ ਕਰ ਕੇ ਸਕੂਲ ਦਾ ਨਾਂ ਰੌਸ਼ਨ ਕੀਤਾ।ਸਕੂਲ ਦੇ ਨਿਰਦੇਸ਼ਕ ਭੁਪਿੰਦਰ ਸਿੰਘ, ਪ੍ਰੈਜ਼ੀਡੈਂਟ ਰਵਿੰਦਰ ਕੌਰ, ਪ੍ਰਿੰਸੀਪਲ ਮਮਤਾ ਮੱਕੜ, ਕੋਚ ਹਿਮਾਂਸ਼ੂ, ਕੋਚ ਅਰਸ਼ਦੀਪ ਅਤੇ ਕੋਚ ਸਮੀਰ ਨੇ ਜੇਤੂ ਵਿਦਿਆਰਥਣਾਂ ਨੂੰ ਵਧਾਈ ਦਿੱਤੀ।

## ਹੋਲੀ ਹਾਰਟ ਸਕੂਲ 'ਚ ਦੁਸਹਿਰਾ ਤੇ ਗਾਂਧੀ ਜਯੰਤੀ ਮਨਾਈ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਦੁਸਹਿਰੇ ਦਾ ਤਿਉਹਾਰ ਮਨਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਅਤੇ ਸਕੂਲ ਪ੍ਰਿੰਸੀਪਲ ਸ਼ਾਕਸੀ ਗੁਲੇਰੀਆ ਨੇ ਕਿਹਾ ਕਿ ਇਹ ਦਿਨ ਅਛਾਈ ਦੀ ਬੁਰਾਈ ਉੱਪਰ ਜਿੱਤ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ।ਡਾਇਰੈਕਟਰ ਸ਼੍ਰੇਆ ਪਲਤਾ ਅਤੇ ਸਕੂਲ ਪ੍ਰਿੰਸੀਪਲ ਸ਼ਾਕਸੀ ਗੁਲੇਰੀਆ ਵਲੋਂ ਰਾਵਣ ਨੂੰ ਅਗਨੀ ਭੇਟ ਕੀਤੀ ਗਈ।ਇਸ ਮੌਕੇ ਸਕੂਲ ਅਧਿਆਪਕਾਂ ਵੱਲੋਂ ਗਾਂਧੀ ਜਯੰਤੀ ਨਾਲ ਸੰਬੰਧਤ ਸਪੀਚਾਂ ਦਿੱਤੀਆ ਗਈਆਂ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਅਤੇ ਸਕੂਲ ਪ੍ਰਿੰਸੀਪਲ ਸ਼ਾਕਸੀ ਗੁਲੇਰੀਆ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਹਰ ਸਾਲ ਦੋ ਅਕਤੂਬਰ ਨੂੰ ਪੂਰਾ ਦੇਸ਼ ਗਾਂਧੀ ਜੈਯੰਤੀ ਮਨਾਉਂਦਾ ਹੈ।ਇਸ ਨੂੰ ਦੁਨੀਆ ਵਿੱਚ ਅੰਤਰਰਾਸ਼ਟਰੀ ਹਿੰਸਾ ਦਿਵਸ ਵਜੋਂ ਵੀ ਜਾਣਿਆ ਜਾਂਦਾ ਹੈ।ਇਸ ਦਿਨ ਭਾਰਤ ਦੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦਾ ਜਨਮ ਹੋਇਆ ਸੀ।ਅਹਿੰਸਾ ਦੇ ਮਾਰਗ 'ਤੇ ਚੱਲ ਕੇ ਰਾਸ਼ਟਰ ਪਿਤਾ ਨੇ ਦੱਖਣੀ ਅਫਰੀਕਾ ਦੇ ਲਗਭਗ 75 ਹਜ਼ਾਰ ਭਾਰਤੀਆਂ ਨੂੰ ਉਨ੍ਹਾਂ ਦੇ ਅਧਿਕਾਰ ਲੈ ਕੇ ਦਿੱਤੇ ਸਨ।

# ਰਾਜੇਵਾਲ ਨਾਲ ਮਿਲਣੀ ਦਾ ਸਿਆਸਤ ਨਾਲ ਕੋਈ ਵਾਸਤਾ ਨਹੀਂ : ਸੁਖਬੀਰ ਬਾਦਲ



**ਸਮਰਾਲਾ (ਸੁਰਜੀਤ ਸਿੰਘ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਕੌਮੀ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੂੰ ਉਨ੍ਹਾਂ ਦੇ ਨਿਵਾਸ ਸਥਾਨ ਭਗਵਾਨਪੁਰਾ ਰੋਡ 'ਤੇ ਮਿਲਣ ਲਈ ਆਏ।ਉਨ੍ਹਾਂ ਨਾਲ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਤੇ ਹਲਕਾ ਸਮਰਾਲਾ ਦੇ ਇੰਚਾਰਜ ਅਤੇ ਪਾਰਟੀ ਦੇ ਸੂਬਾ ਜਨਰਲ ਸਕੱਤਰ ਪਰਮਜੀਤ ਸਿੰਘ ਢਿੱਲੋਂ ਵੀ ਸ਼ਾਮਲ ਸਨ।ਦੋਹਾਂ ਧਿਰਾਂ ਦੀ ਲਮਾਂ ਸਮਾਂ ਮੀਟਿੰਗ ਚਲਦੀ ਰਹੀ।ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਹ ਮੀਟਿੰਗ ਗੈਰ-ਸਿਆਸੀ ਹੈ।ਉਹ ਤਾਂ ਰਾਜੇਵਾਲ ਦੇ ਸਿਹਤ ਦਾ ਹਾਲ ਚਾਲ ਪੁੱਛਣ ਲਈ ਆਏ ਸਨ।ਉਨ੍ਹਾਂ ਕਿਹਾ ਕਿ ਰਾਜੇਵਾਲ ਖੇਤੀ ਮਾਮਲਿਆਂ ਸਬੰਧੀ ਇੱਕ ਅਥਾਰਟੀ ਹਨ।ਇਸ ਸਬੰਧੀ ਰਾਜੇਵਾਲ ਖੇਤੀ ਗਿਆਨ ਦਾ ਖਜ਼ਾਨਾ ਹਨ।ਉਨ੍ਹਾਂ ਕਿਹਾ ਕਿ ਵੱਡੇ ਬਾਦਲ ਸਾਹਬ ਦੇ ਉਨ੍ਹਾਂ ਨਾਲ ਭਰਾਵਾਂ ਵਾਲੇ ਰਿਸ਼ਤੇ ਸਨ ਅਤੇ ਉਹ ਰਾਜੇਵਾਲ ਤੋਂ ਖੇਤੀ ਮਾਮਲਿਆਂ ਬਾਬਤ ਸਲਾਹ ਮਸ਼ਵਰਾ ਕਰਦੇ ਰਹਿੰਦੇ ਸਨ।ਸੁਖਬੀਰ ਬਾਦਲ ਨੇ ਕਿਹਾ ਕਿ ਉਹ ਵੀ ਲੋੜ ਪੈਣ 'ਤੇ ਉਨ੍ਹਾਂ ਨਾਲ ਮਿਲਦੇ ਰਹਿਣਗੇ।ਇਸ ਦੌਰਾਨ ਬਲਬੀਰ ਸਿੰਘ ਰਾਜੇਵਾਲ ਨੇ ਵੀ ਪੱਤਰਕਾਰਾਂ ਨਾਲ ਗੱਲ ਕਰਦਿਆਂ ਤਾਈਦ ਕੀਤੀ ਕਿ ਸੁਖਬੀਰ ਬਾਦਲ ਦਾ ਇਹ ਦੌਰਾ ਨਿੱਜੀ ਹੀ ਸੀ।ਰਾਜੇਵਾਲ ਨੇ ਕਿਹਾ ਕਿ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂ ਅਕਸਰ ਉਨ੍ਹਾਂ ਕੋਲ ਆਉਂਦੇ ਹੀ ਰਹਿੰਦੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਇਸ ਵੇਲੇ ਖੇਤੀ ਸਬੰਧੀ ਵੱਡੇ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ।ਹੜ੍ਹਾਂ ਦੀ ਮਾਰ ਕਾਰਨ ਝੋਨੇ ਦਾ ਝਾੜ ਘੱਟ ਗਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੀ ਖੇਤੀ ਨੂੰ ਹੋਰ ਵਿਕਸਤ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ।

## ਸਲਾਈਟ ਲੌਂਗੋਵਾਲ ਵਿਖੇ ਨਵਰਾਤ੍ਰੀ ਰਾਤ ਮਨਾਈ

**ਲੌਂਗੋਵਾਲ (ਪ੍ਰਦੀਪ ਸੱਪਲ)**-ਹੈਪੀ ਕਲੱਬ ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਲੌਂਗੋਵਾਲ ਨੇ ਸਪੋਰਟਸ ਕੰਪਲੈਕਸ ਵਿਖੇ ਨਵਰਾਤਰੀ ਨਾਈਟ-2025 ਦਾ ਆਯੋਜਨ ਕੀਤਾ।ਸੱਭਿਆਚਾਰਕ ਸ਼ਾਮ ਭਗਤੀ, ਸੰਗੀਤ ਤੇ ਉਤਸਵ ਨਾਲ ਚਿੰਨ੍ਹਿਤ ਕੀਤੀ ਗਈ, ਕਿਉਂਕਿ ਪ੍ਰੰਪਰਿਕ ਪਹਿਰਾਵੇ ਵਿੱਚ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਦੇ ਨਾਲ ਹਿੱਸਾ ਲਿਆ।ਸਮਾਗਮ ਦਾ ਉਦਘਾਟਨ ਮੁੱਖ ਮਹਿਮਾਨ ਡਾਇਰੈਕਟਰ ਸਲਾਈਟ ਪ੍ਰੋ. ਮਣੀਕਾਂਤ ਪਾਸਵਾਨ ਨੇ ਕੀਤਾ, ਜਿਨ੍ਹਾਂ ਇਸ ਮੌਕੇ ਲਈ ਅਧਿਆਤਮਕ ਮਾਹੌਲ ਨੂੰ ਸੱਦਾ ਦਿੰਦੇ ਹੋਏ ਰਿਬਨ ਕੱਟਣ ਦੀ ਰਸਮ ਤੋਂ ਬਾਅਦ ਮਾਂ ਦੁਰਗਾ ਦੀ ਆਰਤੀ ਨਾਲ ਜਸ਼ਨ ਦੀ ਸ਼ੁਰੂਆਤ ਕੀਤੀ।ਇਹ ਪ੍ਰੋਗਰਾਮ ਪ੍ਰੋ: ਐਮ ਐਮ ਸਿਨਹਾ (ਡੀਨ ਐਸਡਬਲਯੂ) ਦੀ ਅਗਵਾਈ ਹੇਠ ਆਯੋਜਤ ਕੀਤਾ ਗਿਆ ਸੀ।ਸਮਾਗਮ 'ਚ ਪ੍ਰੋ ਆਰ ਕੇ ਮਿਸ਼ਰਾ, ਡੀਨ (ਏਆਈ ਐਂਡ ਆਰ), ਪ੍ਰੋ. ਪੀ ਕੁਮਾਰ, ਡਾ. ਗੁਰਜਿੰਦਰ ਕੌਰ ਤੇ ਡਾ. ਅੰਸ਼ੁਕਾ ਬਾਂਸਲ (ਚੀਫ਼ ਵਾਰਡਨ), ਡਾ. ਜਗਦੀਪ, ਡਾ. ਸੁਧੀਰ ਅਤੇ ਡਾ. ਯੋਗੇਸ਼ ਵਰਮਾ (ਵਾਰਡਨ) ਤੇ ਕਈ ਹੋਰ ਫੈਕਲਟੀ ਅਤੇ ਸਟਾਫ ਮੈਂਬਰ ਸ਼ਾਮਲ ਹੋਏ।ਸਮਾਗਮ ਦੀ ਨਿਗਰਾਨੀ ਫੈਕਲਟੀ ਸਲਾਹਕਾਰ ਡਾ. ਯੋਗੇਸ਼ ਕਪਿਲ ਤੇ ਵਿਦਿਆਰਥੀ ਸਲਾਹਕਾਰ ਕਿਸ਼ਲੇ ਰਾਜ ਨੇ ਕੀਤੀ।ਸਾਕਸ਼ੀ ਸਿੰਘ ਤੇ ਨਮਨ ਸਿਨਹਾ ਦੀ ਅਗਵਾਈ ਵਾਲੀ ਪ੍ਰਬੰਧਕ ਟੀਮ ਨੇ ਕੋਆਰਡੀਨੇਟਰਾਂ ਨਾਲ ਮਿਲ ਕੇ ਸ਼ਾਮ ਦੀ ਸਫ਼ਲਤਾ ਨੂੰ ਯਕੀਨੀ ਬਣਾਉਣ ਲਈ ਪੂਰੀ ਲਗਨ ਨਾਲ ਕੰਮ ਕੀਤਾ।ਫੈਕਲਟੀ ਤੇ ਸਟਾਫ ਮੈਂਬਰਾਂ ਦੇ ਪਰਵਾਰਾਂ ਦੀ ਸ਼ਾਨਦਾਰ ਮੌਜੂਦਗੀ ਨੇ ਜਸ਼ਨ ਨੂੰ ਹੋਰ ਮਾਣ ਅਤੇ ਨਿੱਘ ਵਿੱਚ ਵਾਧਾ ਕੀਤਾ।




# ਵਿਧਾਇਕ ਪੰਡੋਰੀ ਦੇ ਯਤਨਾਂ ਸਦਕਾ ਕਮਿਊਨਿਟੀ ਹੈਲਥ ਸੈਂਟਰ ਨੂੰ ਮਿਲੇ ਪੰਜ ਨਵੇਂ ਡਾਕਟਰ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਚੇਅਰਮੈਨ ਵਿਸ਼ੇਸ਼ ਅਧਿਕਾਰ ਕਮੇਟੀ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਪੰਜਾਬ ਸਰਕਾਰ ਪਾਸੋਂ ਹਲਕੇ ਦੇ ਲੋਕਾਂ ਲਈ ਢੁਕਵੀਆਂ ਸਿਹਤ ਸਹੂਲਤਾਂ ਦਾ ਪ੍ਰਬੰਧ ਕਰਵਾਉਣ ਲਈ ਪੂਰੀ ਤਰ੍ਹਾਂ ਯਤਨਸ਼ੀਲ ਹਨ।ਉਨ੍ਹਾਂ ਦੀ ਮੰਗ ਨੂੰ ਪ੍ਰਵਾਨ ਕਰਦਿਆਂ ਸਿਹਤ ਵਿਭਾਗ ਵੱਲੋਂ ਕਮਿਊਨਿਟੀ ਹੈਲਥ ਸੈਂਟਰ ਮਹਿਲ ਕਲਾਂ ਵਿਖੇ ਪੰਜ ਨਵੇਂ ਡਾਕਟਰ ਤਾਇਨਾਤ ਕੀਤੇ ਗਏ ਹਨ।ਇਸ ਨਾਲ ਆਲੇ ਦੁਆਲੇ ਦੇ ਦਰਜਨਾਂ ਪਿੰਡਾਂ ਦੇ ਲੋਕਾਂ ਨੂੰ ਵੱਡਾ ਲਾਭ ਹੋਵੇਗਾ।ਅੱਜ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਖ਼ੁਦ ਪਹੁੰਚ ਕੇ ਡਾਕਟਰ ਇਕਬਾਲ ਸਿੰਘ, ਡਾਕਟਰ ਜੈਵੀਰ ਸਿੰਘ, ਡਾਕਟਰ ਬਿਕਰਮ ਸਿੰਘ, ਡਾਕਟਰ ਤਜਿੰਦਰ ਸਿੰਘ ਦਾ ਸੁਆਗਤ ਕਰਦਿਆਂ ਉਨ੍ਹਾਂ ਪੂਰਨ ਤਨਦੇਹੀ ਤੇ ਇਮਾਨਦਾਰੀ ਨਾਲ ਲੋਕਾਂ ਦੀ ਸੇਵਾ ਕਰਨ ਲਈ ਕਿਹਾ।ਉਨ੍ਹਾਂ ਮਰਹੂਮ ਡਾ: ਅਜਮੇਰ ਸਿੰਘ ਹਮੀਦੀ ਵੱਲੋਂ ਆਪਣੇ ਕਾਰਜਕਾਲ ਦੌਰਾਨ ਮਨੁੱਖਤਾ ਨੂੰ ਸਮਰਪਤ ਹੋ ਕੇ ਨਿਭਾਈਆਂ ਸੇਵਾਵਾਂ ਨੂੰ ਯਾਦ ਕਰਦਿਆਂ ਸਮੂਹ ਸਟਾਫ਼ ਨੂੰ ਉਨ੍ਹਾਂ ਤੋਂ ਪ੍ਰੇਰਨਾ ਲੈਣ ਦੀ ਅਪੀਲ ਕੀਤੀ।ਵਿਧਾਇਕ ਪੰਡੋਰੀ ਨੇ ਕਿਹਾ ਕਿ ਸੀ.ਐੱਚ.ਸੀ. ਮਹਿਲ ਕਲਾਂ ਵਿਖੇ ਆਧੁਨਿਕ ਲੈਬੋਰੇਟਰੀ ਦਾ ਨਿਰਮਾਣ ਜਲਦ ਕੀਤਾ ਜਾ ਰਿਹਾ ਹੈ, ਇਸ ਲੈਬ ਦੇ ਬਣਨ ਨਾਲ ਲੋਕਾਂ ਨੂੰ ਟੈਸਟ ਕਰਵਾਉਣ ਲਈ ਦੂਰ-ਦੁਰਾਡੇ ਨਹੀਂ ਜਾਣਾ ਪਵੇਗਾ।ਉਨ੍ਹਾਂ ਐਂਬੂਲੈਂਸ ਦੀ ਘਾਟ ਨੂੰ ਵੀ ਜਲਦ ਪੂਰਾ ਕਰਨ ਦਾ ਭਰੋਸਾ ਦਿੱਤਾ।ਸੀਨੀਅਰ ਮੈਡੀਕਲ ਅਫਸਰ ਡਾ. ਗੁਰਤੇਜਿੰਦਰ ਕੌਰ ਤੇ ਮੈਡੀਕਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਡਾਕਟਰਾਂ ਦੀ ਘਾਟ ਨੂੰ ਪੂਰਾ ਕੀਤਾ ਗਿਆ, ਵੱਖ-ਵੱਖ ਬਿਮਾਰੀਆਂ ਦੇ ਮਾਹਰ ਡਾਕਟਰ ਵੀ ਹਫ਼ਤੇ ਦੇ ਵੱਖ-ਵੱਖ ਦਿਨਾਂ 'ਚ ਇੱਥੇ ਆਉਂਦੇ ਹਨ, ਇਸ ਤੋਂ ਸਾਰੀਆਂ ਦਵਾਈਆਂ ਅੰਦਰੋਂ ਹੀ ਮਰੀਜ਼ਾਂ ਨੂੰ ਦਿੱਤੀਆਂ ਜਾਂਦੀਆਂ ਹਨ।ਉਨ੍ਹਾਂ ਸਮੂਹ ਲੋਕਾਂ ਨੂੰ ਸਿਹਤ ਸਹੂਲਤਾਂ ਦਾ ਲਾਭ ਉਠਾਉਣ ਦੀ ਅਪੀਲ ਕੀਤੀ।ਇਸ ਮੌਕੇ ਸਰਪੰਚ ਸਰਬਜੀਤ ਸਿੰਘ ਸੰਭੂ, ਅਰੁਣ ਕੁਮਾਰ ਬਾਂਸਲ, ਗੁਰਜੀਤ ਸਿੰਘ ਧਾਲੀਵਾਲ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਸਿਹਤ ਮੰਤਰੀ ਡਾ. ਬਲਵੀਰ ਸਿੰਘ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

ਇਸ ਮੌਕੇ ਰਵਨੀਤ ਸਿੰਘ ਪੰਡੋਰੀ, ਪੀ ਏ ਬਿੰਦਰ ਸਿੰਘ ਖਾਲਸਾ, ਸਰਪੰਚ ਲਖਵੀਰ ਸਿੰਘ ਸਹੌਰ, ਸਰਪੰਚ ਬਲਵਿੰਦਰ ਸਿੰਘ ਬਾਜਵਾ, ਗੁਰਦੀਪ ਸਿੰਘ ਸੋਢਾ, ਮੰਗਤ ਸਿੰਘ ਸਿੱਧੂ, ਮਨਜੀਤ ਸਿੰਘ ਸਹਿਜੜਾ, ਬ੍ਰਹਮ ਕਿਸ਼ੋਰ ਦੱਤ, ਮਨਦੀਪ ਸਿੰਘ ਨਿਹਾਲੂਵਾਲ, ਸਰਪੰਚ ਕੈਪਟਨ ਜਤਿੰਦਰਪਾਲ ਸਿੰਘ ਪੰਡੋਰੀ, ਹਰਕਮਲ ਸਿੰਘ ਚੀਮਾ, ਮੈਡਮ ਰਮਨਦੀਪ ਕੌਰ ਆਦਿ ਹਾਜ਼ਰ ਸਨ।

## ...ਸਫ਼ਾ 1 ਦੇ ਬਾਕੀ

### ਅਨੰਦਪੁਰ ਸਾਹਿਬ 'ਚ ...

ਐਲਾਨ ਨਹੀਂ ਕੀਤਾ ਹੈ। ਤਰਨ ਤਾਰਨ ਵਿੱਚ ਇੱਕ ਇਕੱਠ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਮਾਨ ਨੇ ਐਲਾਨ ਕੀਤਾ ਕਿ ਸੰਧੂ ਉਪ ਚੋਣ ਲਈ ਆਮ ਆਦਮੀ ਪਾਰਟੀ ਦੇ ਉਮੀਦਵਾਰ ਹੋਣਗੇ। ਮਾਨ ਪੇਂਡੂ ਲਿੰਕ ਸੜਕਾਂ ਦੇ ਨਿਰਮਾਣ ਲਈ ਇੱਕ ਪ੍ਰੋਜੈਕਟ ਦੇ ਉਦਘਾਟਨ ਲਈ ਤਰਨ ਤਾਰਨ ਵਿੱਚ ਸਨ। ਸੰਧੂ ਤਰਨ ਤਾਰਨ ਸੀਟ ਤੋਂ ਤਿੰਨ ਵਾਰ ਵਿਧਾਇਕ ਰਹੇ ਹਨ। ਉਹ 2002 ਵਿੱਚ ਇੱਕ ਆਜ਼ਾਦ ਉਮੀਦਵਾਰ ਵਜੋਂ ਚੁਣੇ ਗਏ ਸਨ। ਸੰਧੂ 2007 ਅਤੇ 2012 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਦੁਬਾਰਾ ਚੁਣੇ ਗਏ ਸਨ। ਹਾਲਾਂਕਿ ਉਹ 2017 ਅਤੇ 2022 ਵਿੱਚ ਹਾਰ ਗਏ ਸਨ। ਸੰਧੂ 16 ਜੁਲਾਈ ਨੂੰ 'ਆਪ' ਵਿੱਚ ਸ਼ਾਮਲ ਹੋਏ ਸਨ।

ਤਿਉਹਾਰਾਂ ਦੇ ਸੀਜ਼ਨ ਦੌਰਾਨ ਸੂਬੇ ਦੇ ਲੋਕਾਂ ਨੂੰ ਵੱਡਾ ਤੋਹਫ਼ਾ ਦਿੰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ 4,150.42 ਕਰੋੜ ਰੁਪਏ ਦੀ ਲਾਗਤ ਨਾਲ ਸੂਬੇ ਵਿੱਚ 19,491.56 ਕਿਲੋਮੀਟਰ ਪੇਂਡੂ ਲਿੰਕ ਸੜਕਾਂ ਦੀ ਮੁਰੰਮਤ ਅਤੇ ਅਪਗ੍ਰੇਡ ਕਰਨ ਲਈ ਵੱਡਾ ਪ੍ਰਾਜੈਕਟ ਸ਼ੁਰੂ ਕੀਤਾ।ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਤਰਨ ਤਾਰਨ ਦੀ ਪਵਿੱਤਰ ਧਰਤੀ 'ਤੇ ਸੀਸ ਝੁਕਾਇਆ, ਜਿਸ ਨੂੰ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ, ਨੌਵੇਂ ਗੁਰੂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਅਤੇ ਬਾਬਾ ਬੁੱਢਾ ਦੀ ਚਰਨ ਛੋਹ ਪ੍ਰਾਪਤ ਹੈ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਇਕ ਹੋਰ ਇਤਿਹਾਸਕ ਫੈਸਲਾ ਲਿਆ ਹੈ, ਜਿਸ ਤਹਿਤ ਹੁਣ ਇਨ੍ਹਾਂ ਲਿੰਕ ਸੜਕਾਂ ਦੀ ਮੁਰੰਮਤ ਦੇ ਨਾਲ-ਨਾਲ ਅਗਲੇ ਪੰਜ ਸਾਲਾਂ ਲਈ ਠੇਕੇਦਾਰਾਂ ਵੱਲੋਂ ਇਨ੍ਹਾਂ ਦੀ ਸਾਂਭ-ਸੰਭਾਲ ਵੀ ਯਕੀਨੀ ਬਣਾਈ ਜਾਵੇਗੀ।ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਕੁੱਲ 30,237 ਲਿੰਕ ਸੜਕਾਂ ਹਨ, ਜਿਨ੍ਹਾਂ ਦੀ ਕੁੱਲ ਲੰਬਾਈ 64,878 ਕਿਲੋਮੀਟਰ ਹੈ।

ਉਨ੍ਹਾਂ ਕਿਹਾ ਕਿ 33,492 ਕਿਲੋਮੀਟਰ ਪੰਜਾਬ ਮੰਡੀ ਬੋਰਡ ਅਧੀਨ ਹਨ ਅਤੇ 31,386 ਕਿਲੋਮੀਟਰ ਸੜਕਾਂ ਲੋਕ ਨਿਰਮਾਣ ਵਿਭਾਗ (ਪੀ ਡਬਲਯੂ ਡੀ) ਅਧੀਨ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹੁਣ 19,491.56 ਕਿਲੋਮੀਟਰ ਦੀ ਕੁੱਲ ਲੰਬਾਈ ਵਾਲੀਆਂ 7373 ਲਿੰਕ ਸੜਕਾਂ ਦੀ ਮੁਰੰਮਤ ਅਤੇ ਅਪਗ੍ਰੇਡ ਕਰਨ ਦਾ ਪ੍ਰਾਜੈਕਟ ਸ਼ੁਰੂ ਕਰ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਪ੍ਰਾਜੈਕਟ 'ਤੇ 4,150.42 ਕਰੋੜ ਰੁਪਏ ਦੀ ਲਾਗਤ ਆਵੇਗੀ, ਜਿਸ ਵਿੱਚ ਪੰਜ ਸਾਲ ਦੀ ਸਾਂਭ-ਸੰਭਾਲ ਸ਼ਾਮਲ ਹੈ ਅਤੇ 3,424.67 ਕਰੋੜ ਰੁਪਏ ਮੁਰੰਮਤ ਅਤੇ ਅਪਗ੍ਰੇਡੇਸ਼ਨ ਲਈ ਖ਼ਰਚੇ ਜਾਣਗੇ, ਜਦੋਂ ਕਿ 725.75 ਕਰੋੜ ਰੁਪਏ ਪੰਜ ਸਾਲਾਂ ਦੀ ਸਾਂਭ-ਸੰਭਾਲ ਲਈ ਖ਼ਰਚੇ ਜਾਣਗੇ।

### ਵਿਦਿਆਰਥਣਾਂ ਨੂੰ ...

ਉਜਾਗਰ ਨਹੀਂ ਹੋਣ ਦਿੱਤਾ। ਪੁਲੀਸ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਨੇ ਵਿਦਿਆਰਥਣਾਂ ਨੂੰ ਮਹਿੰਗੇ ਤੋਹਫ਼ੇ ਵੀ ਦਿੱਤੇ। ਉਸ ਨੇ ਉਨ੍ਹਾਂ ਨੂੰ ਮਹਿੰਗੇ ਕੱਪੜੇ ਅਤੇ ਗਹਿਣੇ ਵੀ ਦਿੱਤੇ। ਪੁਲੀਸ ਅਧਿਕਾਰੀਆਂ ਦੇ ਅਨੁਸਾਰ ਆਸ਼ਰਮ ਵਿੱਚ ਉਸ ਦੇ ਕਮਰੇ ਵਿੱਚੋਂ ਪ੍ਰਧਾਨ ਮੰਤਰੀ, ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਇੱਕ ਹੋਰ ਬ੍ਰਿਟਿਸ਼ ਆਗੂ ਨਾਲ ਉਸ ਦੀਆਂ ਫੋਟੋਆਂ ਮਿਲੀਆਂ ਹਨ। ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਸ ਨੇ ਏ ਆਈ ਦੀ ਵਰਤੋਂ ਕਰਕੇ ਇਹ ਨਕਲੀ ਫੋਟੋਆਂ ਬਣਾਈਆਂ। ਮਾਮਲੇ ਦੀ ਹੋਰ ਜਾਂਚ ਕੀਤੀ ਜਾ ਰਹੀ ਹੈ।

### ਮੇਰੀ ਧੀ ਤੋਂ ਮੰਗੀਆਂ ...

ਮੰਤਰੀ ਨੂੰ ਬੇਨਤੀ ਕਰਾਂਗਾ ਕਿ ਸਾਡੇ ਮਹਾਰਾਸ਼ਟਰ ਰਾਜ ਵਿੱਚ, ਹਰ ਹਫ਼ਤੇ ਸੱਤਵੀਂ, ਅੱਠਵੀਂ, ਨੌਵੀਂ ਅਤੇ ਦਸਵੀਂ ਕਲਾਸ ਵਿੱਚ ਇੱਕ ਸਾਈਬਰ ਪੀਰੀਅਡ ਹੋਣਾ ਚਾਹੀਦਾ ਹੈ, ਜਿੱਥੇ ਬੱਚਿਆਂ ਨੂੰ ਇਸ ਬਾਰੇ ਸਮਝਾਇਆ ਜਾਵੇ। ਤੁਸੀਂ ਸਾਰੇ ਜਾਣਦੇ ਹੋ ਕਿ ਇਹ ਅਪਰਾਧ ਗਲੀ ਦੇ ਅਪਰਾਧ ਨਾਲੋਂ ਵੱਡਾ ਹੁੰਦਾ ਜਾ ਰਿਹਾ ਹੈ। ਇਸ ਅਪਰਾਧ ਨੂੰ ਰੋਕਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਸਰਕਾਰ ਨੂੰ ਸਕੂਲੀ ਵਿਦਿਆਰਥੀਆਂ (7ਵੀਂ-10ਵੀਂ) ਲਈ ਸਾਈਬਰ ਸਿੱਖਿਆ ਨੂੰ ਹਫ਼ਤਾਵਾਰੀ ਵਿਸ਼ੇ ਵਜੋਂ ਸ਼ਾਮਲ ਕਰਨ ਦੀ ਅਪੀਲ ਵੀ ਕੀਤੀ, ਤਾਂ ਜੋ ਉਹ ਤੇਜ਼ੀ ਨਾਲ ਬਦਲ ਰਹੇ ਡਿਜੀਟਲ ਖੇਤਰ ਵਿੱਚ ਸੁਰੱਖਿਅਤ ਅਤੇ ਸੂਚਿਤ ਰਹਿ ਸਕਣ। ਅਕਸ਼ੇ ਇਸ ਸਮਾਗਮ ਵਿੱਚ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ, ਡਾਇਰੈਕਟਰ ਜਨਰਲ ਆਫ਼ ਪੁਲਸ (ਮਹਾਰਾਸ਼ਟਰ ਰਾਜ), ਰਸ਼ਮੀ ਸ਼ੁਕਲਾ, ਇਕਬਾਲ ਸਿੰਘ ਚਾਹਲ (ਆਈ ਪੀ ਐੱਸ) ਅਤੇ ਰਾਣੀ ਮੁਖਰਜੀ ਸਮੇਤ ਹੋਰਨਾਂ ਨਾਲ ਸ਼ਾਮਲ ਹੋਏ।

### 25ਵਾਂ ਮਹਾਂ ਸੰਮੇਲਨ...

ਤੋਂ ਵੱਧ ਪ੍ਰਸੰਸਾ ਦੇ ਹੱਕਦਾਰ ਹਨ।ਪੰਜਾਬ ਦੇ ਸਾਥੀਆਂ ਦੁਆਰਾ ਡੈਲੀਗੇਟਾਂ ਅਤੇ ਮਹਿਮਾਨਾਂ ਨੂੰ ਦਿੱਤੀ ਗਈ ਨਿੱਘ, ਮਹਿਮਾਨ-ਨਿਵਾਜ਼ੀ ਅਤੇ ਭਰਾਤਰੀ ਭਾਵਨਾ ਨੇ ਸਾਰਿਆਂ 'ਤੇ ਡੂੰਘੀ ਅਤੇ ਸਥਾਈ ਛਾਪ ਛੱਡੀ।ਮੈਨੂੰ ਵਿਸ਼ਵਾਸ ਹੈ ਕਿ ਇਸ ਮਹਾਨ ਸਮੂਹਿਕ ਯਤਨ ਰਾਹੀਂ ਪੰਜਾਬ ਦੇ ਸਾਥੀਆਂ ਵਿੱਚ ਭਰੀ ਗਈ ਊਰਜਾ ਅਤੇ ਉਤਸ਼ਾਹ ਅੱਗੇ ਵਧੇਗਾ, ਪੰਜਾਬ ਵਿੱਚ ਪਾਰਟੀ ਨੂੰ ਮਜ਼ਬੂਤ ਕਰੇਗਾ ਅਤੇ ਦੇਸ਼ ਭਰ ਦੇ ਸਾਥੀਆਂ ਨੂੰ ਉਸੇ ਜੋਸ਼ ਅਤੇ ਦ੍ਰਿੜ੍ਹਤਾ ਨਾਲ ਕੰਮ ਕਰਨ ਲਈ ਪ੍ਰੇਰਿਤ ਕਰੇਗਾ''

### ਗਾਜ਼ਾ 'ਚ ਇਜ਼ਰਾਇਲੀ...

ਹੋਵੇਗਾ ਅਤੇ ਸੱਤਾ ਤੇ ਨਿਸ਼ਸਤਰੀਕਰਨ ਛੱਡਣਾ ਹੋਵੇਗਾ। ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਟਰੰਪ ਦੀ ਤਜਵੀਜ਼ ਨੂੰ ਸਵੀਕਾਰ ਕਰ ਲਿਆ ਹੈ, ਪਰ ਇਸ ਵਿਚ ਫਲਸਤੀਨ ਨੂੰ ਇੱਕ ਦੇਸ਼ ਵਜੋਂ ਮਾਨਤਾ ਦੇਣ ਦਾ ਕੋਈ ਜ਼ਿਕਰ ਨਹੀਂ ਹੈ। ਉਧਰ ਫਲਸਤੀਨੀ ਚਾਹੁੰਦੇ ਹਨ ਕਿ ਜੰਗ ਖਤਮ ਹੋਵੇ, ਪਰ ਬਹੁਤ ਸਾਰੇ ਲੋਕ ਮੰਨਦੇ ਹਨ ਕਿ ਟਰੰਪ ਦੀ ਸ਼ਾਂਤੀ ਯੋਜਨਾ ਇਜ਼ਰਾਈਲ ਪੱਖੀ ਹੈ। ਹਮਾਸ ਦੇ ਇੱਕ ਅਧਿਕਾਰੀ ਨੇ ਮੀਡੀਆ ਨੂੰ ਦੱਸਿਆ ਕਿ ਤਜਵੀਜ਼ ਦੀਆਂ ਕੁਝ ਸ਼ਰਤਾਂ ਅਸਵੀਕਾਰਨਯੋਗ ਸਨ, ਹਾਲਾਂਕਿ ਉਸ ਨੇ ਤਫ਼ਸੀਲ ਵਿੱਚ ਨਹੀਂ ਦੱਸਿਆ। ਦੋ ਮੁੱਖ ਵਿਚੋਲਗੀ ਕਰਨ ਵਾਲੇ ਦੇਸ਼ਾਂ ਕਤਰ ਅਤੇ ਮਿਸਰ ਨੇ ਵੀ ਕਿਹਾ ਕਿ ਕੁਝ ਮੁੱਦਿਆਂ 'ਤੇ ਹੋਰ ਗੱਲਬਾਤ ਦੀ ਲੋੜ ਹੈ।

## ਜੇ ਸਰਕਾਰ ਨੇ ਕਿਸਾਨੀ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਸ਼ੰਘਰਸ਼ ਤੋਂ ਗੁਰੇਜ਼ ਨਹੀਂ ਕਰਾਂਗੇ : ਭਾਕਿਯੂ



**ਧੂਰੀ (ਮਨੋਹਰ ਸਿੰਘ ਸੱਗੂ)**-ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਬਲਾਕ ਧੂਰੀ ਤੇ ਸ਼ੇਰਪੁਰ ਦੀ ਹੋਈ ਸਾਂਝੀ ਮੀਟਿੰਗ ਦੌਰਾਨ 8 ਅਕਤੂਬਰ ਨੂੰ ਡੀ ਸੀ ਦਫ਼ਤਰ ਸੰਗਰੂਰ ਮੋਹਰੇ ਦਿੱਤੇ ਜਾਣ ਵਾਲੇ ਧਰਨੇ ਸਬੰਧੀ ਵਿਚਾਰ ਚਰਚਾ ਕੀਤੀ ਗਈ।ਬਲਾਕ ਪ੍ਰਧਾਨ ਧੂਰੀ ਭੁਪਿੰਦਰ ਸਿੰਘ ਭੁੱਲਰਹੇੜੀ ਤੇ ਬਲਾਕ ਸ਼ੇਰਪੁਰ ਦੇ ਪ੍ਰਧਾਨ ਪ੍ਰੀਤਮ ਸਿੰਘ ਬਾਦਸ਼ਾਹਪੁਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਉਪਰੰਤ ਪ੍ਰੈੱਸ ਨੂੰ ਦਿੱਤੀ ਗਈ ਜਾਣਕਾਰੀ ਅਨੁਸਾਰ ਮੀਟਿੰਗ 'ਚ 8 ਅਕਤੂਬਰ ਦੇ ਧਰਨੇ ਦੀ ਸਫ਼ਲਤਾ ਲਈ ਵਰਕਰਾਂ ਦੀਆਂ ਡਿਊਟੀਆਂ ਲਾਈਆਂ ਗਈਆਂ।ਮੀਟਿੰਗ ਦੌਰਾਨ ਮੌਸਮ 'ਚ ਆਈ ਤਬਦੀਲੀ ਕਾਰਨ ਝੋਨੇ 'ਚ ਸਿੱਲ੍ਹ (ਨਮੀ) ਦੀ ਮਾਤਰਾ ਮੁੜ 22 ਫੀਸਦ ਕਰਨ, ਚੀਨੀ ਵਾਇਰਸ ਤੇ ਬੌਨੇ ਰੋਗ ਦੀ ਮਾਰ ਕਾਰਨ 70 ਤੋਂ 100 ਫੀਸਦ ਹੋਏ ਨੁਕਸਾਨ ਬਦਲੇ ਮੁਆਵਜ਼ਾ ਦੇਣ, ਝੋਨੇ ਦੀ ਕਟਾਈ ਮਗਰੋਂ ਜਿਹੜੇ ਕਿਸਾਨ ਪਰਾਲੀ ਨੂੰ ਆਪਣੇ ਖੇਤਾਂ 'ਚ ਰਲਾਉਣਾ ਚਾਹੁੰਦੇ ਹਨ। ਉਨ੍ਹਾਂ ਲਈ 200 ਰੁਪਏ ਪ੍ਰਤੀ ਕੁਇੰਟਲ ਦੇਣ ਤੇ ਐਸ ਐਮ ਐਸ ਨਾਲ ਕਟਾਈ ਦੀ ਸ਼ਰਤ ਹਟਾਉਣ, ਡੀ ਏ ਪੀ ਤੇ ਯੂਰੀਆ ਖਾਦ ਦੀ ਸਪਲਾਈ ਯਕੀਨੀ ਬਣਾਉਣ, ਮੱਕੀ, ਆਲੂ ਤੇ ਝੋਨੇ ਵਾਸਤੇ ਡੀ ਏ ਪੀ ਦਾ ਪ੍ਰਬੰਧ ਕਰਨ, ਘੱਗਰ ਦਰਿਆ ਦੀ ਮਾਰ ਤੋਂ ਲੋਕਾਂ ਨੂੰ ਬਚਾਉਣ ਲਈ ਪੱਕੀ ਵਿਓਂਤਬੰਦੀ ਕਰਨ, ਦਾਣਾ ਮੰਡੀਆਂ 'ਚ ਸਰਕਾਰੀ ਕੰਡੇ ਅਤੇ ਬਾਰਦਾਨੇ ਦੀ ਖਰੀਦ ਦਾ ਸਹੀ ਪ੍ਰਬੰਧ ਕਰਨ ਦੀ ਮੰਗ ਕੀਤੀ ਗਈ।ਬੁਲਾਰਿਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਕਿਸਾਨੀ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਜਥੇਬੰਦੀ ਨੂੰ ਸ਼ੰਘਰਸ਼ ਦੇ ਰਾਹ ਪੈਣ ਲਈ ਮਜਬੂਰ ਹੋਣਾ ਪਵੇਗਾ।

## ਸਪੀਕਰ ਸੰਧਵਾਂ ਦੁਸਹਿਰਾ ਸਮਾਗਮ 'ਚ ਸ਼ਾਮਲ ਹੋਏ



**ਫ਼ਰੀਦਕੋਟ/ਕੋਟਕਪੂਰਾ (ਅਲੈਗਜ਼ੈਂਡਰ ਡਿਸੂਜ਼ਾ)**-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਪੁਰਾਣੀ ਦਾਣਾ ਮੰਡੀ ਵਿਖੇ ਦੁਸਹਿਰੇ ਦੇ ਜਸ਼ਨਾਂ 'ਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਉਨ੍ਹਾਂ ਪੰਜਾਬੀਆਂ ਨੂੰ ਵੀ ਦੁਸਹਿਰੇ ਦੀਆਂ ਨਿੱਘੀਆਂ ਸ਼ੁਭਕਾਮਨਾਵਾਂ ਦਿੱਤੀਆਂ।ਸਪੀਕਰ ਸੰਧਵਾਂ ਨੇ ਕਿਹਾ ਕਿ ਰਾਮ ਤੇ ਰਾਵਣ ਦੋਵੇਂ ਮਹਾਨ ਰਿਸ਼ੀ ਸਨ, ਪਰ ਫ਼ਰਕ ਸਿਰਫ਼ ਇਹ ਸੀ ਕਿ ਰਾਵਣ ਆਪਣੇ ਗਿਆਨ ਪ੍ਰਤੀ ਹੰਕਾਰੀ ਸੀ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਦੁਸਹਿਰਾ ਬੁਰਾਈ ਉੱਤੇ ਚੰਗਿਆਈ ਦੀ ਜਿੱਤ ਦਾ ਪ੍ਰਤੀਕ ਹੈ ਤੇ ਸਾਨੂੰ ਸਭ ਤੋਂ ਵੱਡਾ ਸਬਕ ਸਿਖਾਉਂਦਾ ਹੈ। ਸੰਧਵਾਂ ਨੇ ਅੱਗੇ ਕਿਹਾ ਕਿ ਇਹ ਤਿਉਹਾਰ ਦਰਸਾਉਂਦਾ ਹੈ ਕਿ ਕਿਵੇਂ ਸਾਡੇ ਮਹਾਂਪੁਰਖਾਂ ਤੇ ਅਵਤਾਰਾਂ ਨੇ ਹਥਿਆਰ ਚੁੱਕੇ ਅਤੇ ਆਪਣੇ ਸਮੇਂ ਦੀਆਂ ਬੇਇਨਸਾਫ਼ੀਆਂ ਤੇ ਦਮਨਕਾਰੀ ਤਾਕਤਾਂ ਵਿਰੁੱਧ ਲੜਾਈ ਲੜੀ।ਉਨ੍ਹਾਂ ਦੁਸਹਿਰੇ ਨੂੰ ਇੱਕ ਪ੍ਰੇਰਨਾਦਾਇਕ ਤਿਉਹਾਰ ਦੱਸਿਆ, ਜੋ ਬੁਰਾਈ ਉੱਤੇ ਚੰਗਿਆਈ ਦੀ ਜਿੱਤ ਤੇ ਝੂਠ ਉੱਤੇ ਸੱਚ ਦੀ ਜਿੱਤ ਦਾ ਪ੍ਰਤੀਕ ਹੈ।

## ਸਕੂਲ ਪ੍ਰਬੰਧਕੀ ਕਮੇਟੀ ਮੈਂਬਰਾਂ ਦਾ ਟ੍ਰੇਨਿੰਗ ਕੈਂਪ ਲਾਇਆ



**ਬੋਹਾ (ਨਿਰੰਜਣ ਬੋਹਾ)**-ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੋਹਾ ਖੇਤਰ ਦੇ ਸਰਕਾਰੀ ਸਕੂਲਾਂ ਦੀਆਂ ਪ੍ਰਬੰਧਕੀ ਕਮੇਟੀਆਂ ਦਾ ਇੱਕ ਟ੍ਰੇਨਿੰਗ ਕੈਂਪ ਸਰਕਾਰੀ ਪ੍ਰਾਇਮਰੀ ਸਕੂਲ ਬੋਹਾ (ਮੁੰਡੇ) ਵਿਖੇ ਲਾਇਆ ਗਿਆ।ਇਸ ਕੈਂਪ ਨੂੰ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਵੱਲੋਂ ਨਿਯੁਕਤ ਬਲਾਕ ਸਿੱਖਿਆ ਕੁਆਰਡੀਨੇਟਰ ਸੁਭਾਸ਼ ਨਾਗਪਾਲ ਨੇ ਕਿਹਾ ਕਿ ਸਿੱਖਿਆ ਤੇ ਸਿਹਤ ਦੇ ਖੇਤਰ ਵਿੱਚ ਇਨਕਲਾਬੀ ਪੱਧਰ ਦੀਆਂ ਗੁਣਾਤਮਕ ਤਬਦੀਲੀਆਂ ਲਿਆਉਣਾ ਪੰਜਾਬ ਸਰਕਾਰ ਦਾ ਮੁੱਖ ਟੀਚਾ ਹੈ ਤੇ ਸਰਕਾਰ ਆਪਣੇ ਇਸ ਟੀਚੇ ਨੂੰ ਹਾਸਲ ਕਰਨ ਵਿੱਚ ਸਫਲ ਵੀ ਹੋਈ ਹੈ।ਜ਼ਿਲ੍ਹਾ ਰਿਸੋਰਸ ਪਰਸਨ ਅੰਮ੍ਰਿਤ ਵੀਰ ਸਿੰਘ ਨੇ ਕਿਹਾ ਕਿ ਸਕੂਲ ਪ੍ਰਬੰਧਕੀ ਕਮੇਟੀਆਂ ਦੀ ਸਕੂਲ ਪ੍ਰਬੰਧ ਵਿੱਚ ਭਾਗੀਦਾਰੀ ਯਕੀਨੀ ਬਣਾਉਣ ਲਈ ਹੀ ਇਹ ਵਿਸ਼ੇਸ਼ ਕੈਂਪ ਲਾਏ ਜਾ ਰਹੇ ਹਨ।ਮਾਸਟਰ ਟ੍ਰੇਨਰ ਬਲਜੀਤ ਸਿੰਘ ਖੀਵਾ ਤੇ ਬਲਜਿੰਦਰ ਸਿੰਘ ਨੇ ਸਕੂਲ ਪ੍ਰਬੰਧਕ ਕਮੇਟੀਆਂ ਦੇ ਮੈਂਬਰਾਂ ਦੇ ਅਧਿਕਾਰਾਂ ਤੇ ਫਰਜ਼ਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਕਿਹਾ ਕਿ ਉਹ ਆਪਣੇ ਆਪ ਨੂੰ ਸਕੂਲ ਦਾ ਮਹਿਮਾਨ ਨਹੀਂ ਸਗੋਂ ਜ਼ਿੰਮੇਵਾਰ ਭਾਈਵਾਲ ਸਮਝਣ।ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਸਰਕਾਰੀ ਸਕੂਲਾਂ ਵਿੱਚ ਜਿਹੜਾ ਵਿੱਦਿਅਕ ਮਾਹੌਲ ਉਸਰਿਆ ਹੈ, ਉਹ ਵਿਦਿਆਰਥੀ ਦੇ ਚੰਗੇ ਦੀ ਗਰੰਟੀ ਦੇਣ ਵਾਲਾ ਹੈ।ਇਸ ਟ੍ਰੇਨਿੰਗ ਕੈਂਪ ਸਮੇਂ ਸ਼ਹੀਦ ਜਗਸੀਰ ਸਿੰਘ ਸਕੂਲ ਆਫ ਐਲੀਮੈਂਟਰੀ ਬੋਹਾ ਦੇ ਪ੍ਰਿੰਸੀਪਲ ਹਰਵਿੰਦਰ ਸਿੰਘ ਭੁੱਲਰ ਤੇ ਲੇਖਕ ਨਿਰੰਜਣ ਬੋਹਾ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਖੋਲ੍ਹੇ ਸਿਖਲਾਈ ਸੈਂਟਰ ਤੇ ਦਿੱਤੇ ਸਰਟੀਫਿਕੇਟ



**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਡਾਕਟਰ ਐੱਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਵਿੱਚ ਸੰਨੀ ਓਬਰਾਏ ਸਵੈ-ਰੋਜ਼ਗਾਰ ਸਕੀਮ ਤਹਿਤ ਪਿੰਡਾਂ ਤੇ ਸ਼ਹਿਰਾਂ ਵਿੱਚ ਨੌਜਵਾਨ ਲੜਕੇ-ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਮੁਫ਼ਤ ਸਿਖਲਾਈ ਸੈਂਟਰ (ਕੰਪਿਊਟਰ, ਸਿਲਾਈ, ਬਿਊਟੀ ਪਾਰਲਰ) ਖੋਲ੍ਹੇ ਜਾ ਰਹੇ ਹਨ।ਇਸ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਸ੍ਰੀ ਮੁਕਤਸਰ ਸਾਹਿਬ ਵਿਖੇ ਕੰਪਿਊਟਰ ਸਿਖਲਾਈ ਸੈਂਟਰ, ਮਲੋਟ ਵਿੱਚ ਬਿਊਟੀ ਪਾਰਲਰ ਸੈਂਟਰ, ਪਿੰਡ ਕਰਮਗੜ੍ਹ ਵਿੱਚ ਸਿਲਾਈ ਸੈਂਟਰ ਸ਼ੁਰੂ ਕੀਤੇ ਗਏ ਹਨ।ਅਰਵਿੰਦਰ ਪਾਲ ਸਿੰਘ ਚਾਹਲ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਨ੍ਹਾਂ ਸਿਖਲਾਈ ਸੈਂਟਰਾਂ ਵਿੱਚ ਸਿਖਿਆਰਥੀਆਂ ਤੋਂ ਕੋਈ ਵੀ ਫੀਸ ਨਹੀਂ ਲਈ ਜਾਂਦੀ ਤੇ ਛੇ ਮਹੀਨੇ ਦਾ ਕੋਰਸ ਪੂਰਾ ਹੋਣ ਉਪਰੰਤ ਆਈ ਐੱਸ ਓ ਸਰਟੀਫਿਕੇਟ ਦਿੱਤੇ ਜਾਂਦੇ ਹਨ। ਸ਼੍ਰੀ ਮੁਕਤਸਰ ਸਾਹਿਬ ਵਿਖੇ ਕੰਪਿਊਟਰ ਸੈਂਟਰ ਦਾ ਦੀ ਸ਼ੁਰੂਆਤ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਵੱਲੋਂ ਕੀਤੀ ਗਈ। ਜਸਪਾਲ ਸਿੰਘ ਰਿਟਾ. ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਪ੍ਰਿੰਸੀਪਲ ਬਿੰਦਰ ਪਾਲ ਕੌਰ, ਮੈਡਮ ਹਰਿਦਰ ਕੌਰ, ਮੈਡਮ ਮਨਿੰਦਰ ਕੌਰ ਨੇ ਦੱਸਿਆ ਕਿ ਅਜਿਹੇ ਸਿਖਲਾਈ ਸੈਂਟਰ ਬੇਰੁਜ਼ਗਾਰੀ ਨੂੰ ਠੱਲ੍ਹ ਪਾਉਣ ਲਈ ਵਡਮੁੱਲਾ ਯੋਗਦਾਨ ਪਾ ਰਹੇ ਹਨ। ਇਸ ਮੌਕੇ ਕੰਪਿਊਟਰ ਕੋਰਸ ਪੂਰਾ ਕਰ ਚੁੱਕੇ ਸਿਖਿਆਰਥੀਆਂ ਅਤੇ ਸਿਲਾਈ ਦਾ ਕੋਰਸ ਪੂਰਾ ਕਰ ਚੁੱਕੇ ਸਿਖਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਗਏ।ਇਸ ਮੌਕੇ ਜਸਬੀਰ ਸਿੰਘ ਰਿਟਾ. ਏ ਐੱਸ ਆਈ ਬਲਵਿੰਦਰ ਸਿੰਘ ਬਰਾੜ, ਰਿਟਾ. ਪ੍ਰਿੰਸੀਪਲ ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

CMYK

# ਖੇਤੀਬਾੜੀ ਵਿਭਾਗ ਦੀ ਟੀਮ ਵੱਲੋਂ ਖਾਦ ਸਟੋਰ 'ਤੇ ਛਾਪੇਮਾਰੀ; ਅਣਅਧਿਕਾਰਤ ਸਟਾਕ ਬਰਾਮਦ

**ਗੁਰਦਾਸਪੁਰ (ਜਨਕ ਮਹਾਜਨ)**- ਮੁੱਖ ਖੇਤੀਬਾੜੀ ਅਫ਼ਸਰ ਗੁਰਦਾਸਪੁਰ ਡਾਕਟਰ ਅਮਰੀਕ ਸਿੰਘ ਦੀ ਅਗਵਾਈ ਹੇਠ ਖੇਤੀਬਾੜੀ ਅਫ਼ਸਰ ਡਾ. ਮਨਪ੍ਰੀਤ ਸਿੰਘ, ਖੇਤੀਬਾੜੀ ਵਿਕਾਸ ਅਫ਼ਸਰ ਇਨਫੋਰਸਮੈਂਟ ਡਾ. ਅੰਮ੍ਰਿਤ ਪਾਲ ਸਿੰਘ, ਡਾ. ਹਰਮਨਦੀਪ ਸਿੰਘ ਅਤੇ ਬਲਾਕ ਖੇਤੀਬਾੜੀ ਅਫ਼ਸਰ ਡਾ. ਪਰਮਿੰਦਰ ਕੁਮਾਰ ਆਧਾਰਿਤ ਟੀਮ ਵੱਲੋਂ ਮਿਲੀ ਗੁਪਤ ਸੂਚਨਾ ਦੇ ਆਧਾਰ ਤੇ ਖਾਦ ਵਿਕਰੇਤਾ ਸੈਣੀ ਖਾਦ ਸਟੋਰ ਅੱਡਾ ਸੈਦੋਵਾਲ ਖੁਰਦ ਤੇ ਛਾਪੇਮਾਰੀ ਕੀਤੀ ਗਈ। ਛਾਪੇਮਾਰੀ ਦੌਰਾਨ ਮੌਕੇ 'ਤੇ ਟਰਿਪਲ ਸੁਪਰ ਫਾਸਫੇਟ ਖਾਦ ਦੇ 130 ਬੈਗ ਅਤੇ ਪੁਟਾਸ਼ ਖਾਦ 14.5% ਦੇ 15 ਬੈਗ ਇੱਕ ਨਾਮਾਲੂਮ ਵਿਅਕਤੀ ਵੱਲੋਂ ਦੁਕਾਨ ਵਿਚ ਅਨਲੋਡ ਕਰਵਾਉਣ ਲਈ ਲਿਆਂਦੇ ਹੋਏ ਸਨ। ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਖੇਤੀਬਾੜੀ ਵਿਭਾਗ ਦੇ ਹਾਜ਼ਰ ਅਧਿਕਾਰੀਆਂ ਵੱਲੋਂ ਉਸ ਵਿਅਕਤੀ ਰਾਹੀਂ ਮੌਕੇ 'ਤੇ ਦੁਕਾਨ ਨੂੰ ਖੁਲ੍ਹਵਾਇਆ ਗਿਆ ਤਾਂ ਦੁਕਾਨ ਅੰਦਰ 350 ਬੈਗ ਯੂਰੀਆ ਖਾਦ, ਵੱਖ-ਵੱਖ ਬਰਾਂਡਾਂ ਦੇ 38 ਬੈਗ ਸਲਫ਼ਰ 90% ਅਤੇ ਵੱਖ-ਵੱਖ ਬਰਾਂਡਾਂ ਦੇ 111 ਬੈਗ ਸਿੰਗਲ ਸੁਪਰ ਫਾਸਫੇਟ ਖਾਦ ਸਟੋਕ ਪਾਈ ਗਈ। ਇਸ ਖਾਦ ਸਟੋਕ ਬਾਬਤ ਪੁੱਛਣ ਤੇ ਹਾਜ਼ਰ ਨਾਮਲੂਮ ਵਿਅਕਤੀ ਨੇ ਦੱਸਿਆ ਕਿ ਖਾਦ ਦੇ ਇਸ ਸਟੋਕ ਵਿਚੋਂ 125 ਬੈਗ ਟਰਿਪਲ ਸੁਪਰ ਫਾਸਫੇਟ, 15 ਬੈਗ ਪੁਟਾਸ਼ 14.5% ਅਤੇ 350 ਬੈਗ ਯੂਰੀਆ ਖਾਦ ਸਹਿਕਾਰੀ ਸਭਾ ਨੈਣੇਕੋਟ ਵੱਲੋਂ ਸਪਲਾਈ ਕੀਤੀ ਗਈ ਹੈ। ਚੈਕਿੰਗ ਦੌਰਾਨ ਦੁਕਾਨ ਦਾ ਮਾਲਕ ਦਵਿੰਦਰ ਸਿੰਘ ਪੁੱਤਰ ਮਨਜੀਤ ਸਿੰਘ ਵਾਸੀ ਨੈਣੇਕੋਟ ਵੀ ਮੌਕੇ 'ਤੇ ਹਾਜ਼ਰ ਹੋ ਗਿਆ। ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਅਤੇ ਥਾਣਾ ਪੁਲਸ ਪਾਰਟੀ ਭੈਣੀ ਮੀਆਂ ਖਾਂ ਦੀ ਹਾਜ਼ਰੀ ਵਿਚ ਦੁਕਾਨ ਨੂੰ ਸੀਲ ਕਰ ਦਿੱਤਾ ਗਿਆ ਹੈ ਅਤੇ ਦੁਕਾਨ ਦੇ ਮਾਲਕ ਨੂੰ ਇਨ੍ਹਾਂ ਖਾਦਾਂ ਸਬੰਧੀ ਲੋੜੀਂਦੇ ਦਸਤਾਵੇਜ਼ ਅਤੇ ਬਿੱਲ ਪੇਸ਼ ਕਰਨ ਲਈ ਇੱਕ ਦਿਨ ਦੀ ਮੋਹਲਤ ਦਿੱਤੀ ਗਈ ਜਿਸ ਵਿਚ ਉਹ ਅਸਫਲ ਰਿਹਾ ਅਤੇ ਉਸ ਦਾ ਖਾਦਾਂ ਦਾ ਲਾਇਸੈਂਸ ਰੱਦ ਕਰਦੇ ਹੋਏ ਉਕਤ ਫ਼ਰਮ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਲਈ ਉਚ ਅਧਿਕਾਰੀਆਂ ਅਤੇ ਪੁਲਸ ਥਾਣਾ ਭੈਣੀ ਮੀਆਂ ਖਾਣ ਨੂੰ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ ਹੈ।



# ਮੇਅਰ ਜਤਿੰਦਰ ਸਿੰਘ ਭਾਟੀਆ ਵੱਲੋਂ ਬਾਇਓਰੈਮੀਡੇਸ਼ਨ ਪਲਾਂਟ ਦਾ ਉਦਘਾਟਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਆਮ ਆਦਮੀ ਪਾਰਟੀ ਦੇ ਹਲਕਾ ਅੰਮ੍ਰਿਤਸਰ ਦੱਖਣੀ ਤੋਂ ਵਿਧਾਇਕ ਇੰਦਰਬੀਰ ਸਿੰਘ ਨਿੱਜਰ, ਹਲਕਾ ਕੇਂਦਰੀ ਤੋਂ ਵਿਧਾਇਕ ਡਾ. ਅਜੈ ਗੁਪਤਾ ਅਤੇ ਨਗਰ ਨਿਗਮ ਦੇ ਮੇਅਰ ਜਤਿੰਦਰ ਸਿੰਘ ਭਾਟੀਆ ਵੱਲੋਂ ਭਗਤਾਂਵਾਲਾ ਡੰਪਿੰਗ ਗਰਾਊਂਡ ਵਿਖੇ ਬਾਇਓਰੈਮੀਡੇਸ਼ਨ ਪਲਾਂਟ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਤੇ ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਕਿ ਪਹਿਲੀਆਂ ਸਰਕਾਰਾਂ ਵੱਲੋਂ ਲੋਕਾਂ ਨਾਲ ਵਾਅਦੇ ਤਾਂ ਕੀਤੇ ਗਏ ਪਰ ਕੂੜੇ ਨੂੰ ਖਤਮ ਕਰਨ ਵੱਲ ਕੋਈ ਕਾਰਵਾਈ ਨਹੀਂ ਕੀਤੀ ਗਈ।ਉਨ੍ਹਾਂ ਨੇ ਕਿਹਾ ਕਿ ਇੱਛਾ-ਸ਼ਕਤੀ ਨਾਲ ਸੱਭ ਕੁਝ ਮੁਮਕਿਨ ਹੈ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਨਗਰ ਨਿਗਮ ਅੰਮ੍ਰਿਤਸਰ ਵੱਲੋਂ ਈਕੋਗ੍ਰੀਨ ਸਟੇਨ ਕੰਪਨੀ ਨਾਲ 15 ਮਹੀਨਿਆਂ ਲਈ ਕੂੜੇ ਦੇ ਨਿਪਟਾਰੇ ਦਾ ਕਾਂਟ੍ਰੈਕਟ ਕੀਤਾ ਗਿਆ ਹੈ।ਮੇਅਰ ਜਤਿੰਦਰ ਸਿੰਘ ਭਾਟੀਆ ਨੇ ਦੱਸਿਆ ਕਿ ਨਗਰ ਨਿਗਮ ਵੱਲੋਂ ਇਸ ਕੰਮ ਲਈ 46.34 ਕਰੋੜ ਰੁਪਏ ਦਾ ਟੈਂਡਰ ਜਾਰੀ ਕੀਤਾ ਗਿਆ ਸੀ। ਪ੍ਰਕਿਰਿਆ ਦੇ ਅਧੀਨ ਈਕੋਗ੍ਰੀਨ ਸਟੇਨ ਕੰਪਨੀ ਨੂੰ ਇਹ ਕੰਮ 21% ਘੱਟ ਯਾਨੀ 36.54 ਕਰੋੜ ਰੁਪਏ ਵਿੱਚ ਅਲਾਟ ਹੋਇਆ।ਡਾ. ਅਜੈ ਗੁਪਤਾ ਨੇ ਜਾਣਕਾਰੀ ਦਿੱਤੀ ਕਿ ਰੋਜ਼ਾਨਾ 3333 ਮੈਟਰਿਕ ਟਨ ਕੂੜੇ ਦੀ ਬਾਇਓਰੈਮੀਡੇਸ਼ਨ ਹੋਵੇਗੀ। ਕਰਾਰ ਅਨੁਸਾਰ 11 ਲੱਖ ਮੈਟਰਿਕ ਟਨ ਕੂੜਾ ਖਤਮ ਕਰਨ ਲਈ ਐਕਸ਼ਨ ਪਲਾਨ ਨਿਗਮ ਨੂੰ ਸੌਂਪਿਆ ਜਾਵੇਗਾ, ਜਿਸ ਵਿੱਚ ਰੋਜ਼ਾਨਾ ਅਤੇ ਮਾਸਿਕ ਰਿਪੋਰਟ ਦੀ ਮਾਨੀਟਰਿੰਗ ਕੀਤੀ ਜਾਵੇਗੀ।ਮੇਅਰ ਭਾਟੀਆ ਨੇ ਕਿਹਾ ਕਿ ਲੋਕ ਅਕਸਰ ਕਹਿੰਦੇ ਸਨ ਕਿ ਇਹ ਢੇਰੀ ਕਦੇ ਖ਼ਤਮ ਨਹੀਂ ਹੋਵੇਗੀ।ਉਸਨੂੰ ਚੁੱਕਣ ਦਾ ਕੰਮ ਅੱਜ ਤੋਂ ਸ਼ੁਰੂ ਹੋ ਗਿਆ ਹੈ।ਇਹ ਆਮ ਆਦਮੀ ਪਾਰਟੀ ਵਲੋਂ ਚੁੱਕਿਆ ਇਕ ਇਤਿਹਾਸਿਕ ਕਦਮ ਹੈ : ਡੰਪ 'ਤੇ ਆਨਲਾਈਨ ਬੈਲੇਂਸਿੰਗ ਅਤੇ ਇਲੈਕਟ੍ਰਾਨਿਕ ਵੇਇੰਗ ਸਿਸਟਮ ਲਗਾਇਆ ਜਾਵੇਗਾ ਅਤੇ ਸਾਰੇ ਕੰਮ ਦੀ ਸੀਸੀਟੀਵੀ ਨਾਲ ਨਿਗਰਾਨੀ ਹੋਵੇਗੀ। ਉਨ੍ਹਾਂ ਨੇ ਦੱਸਿਆ ਕਿ ਕੰਪਨੀ ਸਾਲਿਡ ਵੇਸਟ ਮੈਨੇਜਮੈਂਟ ਰੂਲਜ਼ ਅਨੁਸਾਰ ਕੰਮ ਕਰੇਗੀ। ਇਸ ਦੇ ਨਾਲ ਮੇਅਰ ਭਾਟੀਆ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਮਿਤੀ 01-10-2025 ਤੋਂ ਨਗਰ ਨਿਗਮ ਵੱਲੋਂ ਕੂੜਾ ਲਿਫਟਿੰਗ ਕੰਪਨੀ ਨਾਲ਼ ਵੀ ਕਾਂਟ੍ਰੈਕਟ ਕੀਤਾ ਗਿਆ ਹੈ।ਜਲਦ ਹੀ ਸ਼ਹਿਰ ਵਿੱਚ ਡੋਰ-ਟੂ-ਡੋਰ ਕੂੜੇ ਦੀ ਲਿਫਟਿੰਗ ਸ਼ੁਰੂ ਕੀਤੀ ਜਾਵੇਗੀ। ਕੂੜੇ ਦੀ ਸਮੱਸਿਆ ਤੋਂ ਨਿਪਟਣ ਤੋਂ ਬਾਅਦ ਪੀਣ ਦੇ ਪਾਣੀ ਅਤੇ ਸੀਵਰੇਜ ਦੀਆਂ ਸਮੱਸਿਆਵਾਂ ਨੂੰ ਵੀ ਪ੍ਰਾਥਮਿਕਤਾ ਦੇ ਕੇ ਹੱਲ ਕੀਤਾ ਜਾਵੇਗਾ।ਇਸ ਮੌਕੇ ਡਿਪਟੀ ਮੇਅਰ ਤਰੁਣਬੀਰ ਸਿੰਘ ਕੈਂਡੀ, ਜ਼ਿਲ੍ਹਾ ਪ੍ਰਧਾਨ ਸ਼ਹਿਰੀ ਪ੍ਰਭਬੀਰ ਸਿੰਘ ਬਰਾੜ, ਜ਼ਿਲ੍ਹਾ ਜਨਰਲ ਸਕੱਤਰ ਮੁਖਵਿੰਦਰ ਸਿੰਘ ਵਿਰਦੀ, ਜ਼ਿਲ੍ਹਾ ਮੀਡੀਆ ਇੰਚਾਰਜ ਸਤਨਾਮ ਸਿੰਘ ਮਠਾੜੂ, ਚੇਅਰਮੈਨ ਬਲਜੀਤ ਸਿੰਘ ਰਿੰਕੂ, ਮਾਝਾ ਜ਼ੋਨ ਮਹਿਲਾ ਵਿੰਗ ਇੰਚਾਰਜ ਸੁਖਬੀਰ ਕੌਰ, ਮਾਝਾ ਜ਼ੋਨ ਮੀਡੀਆ ਸਕੱਤਰ ਵਰੁਣ ਰਾਣਾ, ਕੌਂਸਲਰ ਵਿੱਕੀ ਦੱਤਾ, ਸਤਨਾਮ, ਵਿਜੈ ਕੁਮਾਰ, ਰਵੀਸ਼ੇਰ ਸਿੰਘ, ਮਨਪ੍ਰੀਤ ਸਿੰਘ, ਜਗਮੀਤ ਸਿੰਘ ਕੁੱਲੀ, ਹੈਪੀ, ਬੰਟੀ ਪਹਿਲਵਾਨ, ਕਮਲ ਬੋਹਰੀ, ਸ਼ਮਸ਼ੇਰ ਸਿੰਘ, ਸੁੱਖ ਹੁੰਦਲ, ਗੁਰਵਿੰਦਰ ਸਿੰਘ ਰਿੰਕੂ, ਹਰਜੀਤ ਸਿੰਘ ਕਲਕੱਤਾ, ਨਵਨੀਤ ਸ਼ਰਮਾ ਪੀਏ, ਸੁਦੇਸ਼, ਬਿਕਰਮ ਸਿੰਘ ਸ਼ੇਰਗਿੱਲ ਕਮਿਸ਼ਨਰ ਨਗਰ ਨਿਗਮ ਅੰਮ੍ਰਿਤਸਰ, ਸੁਰਿੰਦਰ ਸਿੰਘ ਵਧੀਕ ਕਮਿਸ਼ਨਰ ਨਗਰ ਨਿਗਮ ਅੰਮ੍ਰਿਤਸਰ ਆਦਿ ਮੌਜੂਦ ਸਨ।



## ਮੌਸਮ ਵਿਭਾਗ ਨੇ ਆਉਂਦੇ ਦਿਨਾਂ 'ਚ ਜਤਾਈ ਭਾਰੀ ਮੀਂਹ ਦੀ ਸੰਭਾਵਨਾ

**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**- ਭਾਰਤ ਮੌਸਮ ਵਿਭਾਗ ਵੱਲੋਂ 4 ਤੋਂ 10 ਅਕਤੂਬਰ ਤੱਕ ਮੌਸਮ ਚੇਤਾਵਨੀ ਦੇ ਆਧਾਰ 'ਤੇ ਪੰਜਾਬ ਅਤੇ ਨਾਲ ਲੱਗਦੇ ਰਾਜਾਂ ਦੇ ਕੁੱਝ ਹਿੱਸਿਆਂ ਵਿੱਚ ਬਾਰਿਸ਼ ਦੀ ਸੰਭਾਵਨਾ ਦੱਸੀ ਗਈ ਹੈ।ਇਸ ਸਥਿਤੀ ਨੂੰ ਮੁੱਖ ਰੱਖਦੇ ਹੋਏ ਅਤੇ ਲੋਕਾਂ ਨੂੰ ਸੁਚੇਤ ਕਰਨ ਲਈ ਜ਼ਿਲ੍ਹਾ ਮੈਜਿਸਟਰੇਟ ਸਾਕਸ਼ੀ ਸਾਹਨੀ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਐਕਟ 2023 ਦੀ ਧਾਰਾ 163 ਦੇ ਅਧੀਨ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਦੱਸਿਆ ਹੈ ਕਿ ਬਾਰਿਸ਼ ਦੌਰਾਨ ਰਾਖਵੇਂ ਡੈਮਾਂ ਤੋਂ ਪਾਣੀ ਛੱਡਣ ਅਤੇ ਹੋਣ ਵਾਲੀ ਬਾਰਿਸ਼ ਕਾਰਨ ਰਾਵੀ ਅਤੇ ਬਿਆਸ ਤੇ ਦਰਿਆ ਦੇ ਪਾਣੀ ਦੇ ਪੱਧਰ ਵਿੱਚ ਕੁੱਝ ਉਤਾਰ-ਚੜ੍ਹਾਅ ਹੋ ਸਕਦਾ ਹੈ।ਉਨ੍ਹਾਂ ਸਮੂਹ ਵਸਨੀਕਾਂ ਨੂੰ ਬੇਨਤੀ ਕੀਤੀ ਹੈ ਕਿ ਇਸ ਸਮੇਂ ਦੌਰਾਨ ਦਰਿਆ ਪਾਰ ਕਰਨ ਦੀ ਕੋਸ਼ਿਸ਼ ਨਾ ਕੀਤੀ ਜਾਵੇ ਅਤੇ ਕਿਸਾਨ ਅਤੇ ਪਸ਼ੂ ਪਾਲਕ ਆਪਣੇ ਪਸ਼ੂਆਂ ਨੂੰ ਦਰਿਆ ਦੇ ਕੰਢੇ ਜਾਂ ਦਰਿਆ ਦੇ ਅੰਦਰ ਨਾ ਜਾਣ ਦੇਣ।

# ਕਾਰ ਸੇਵਾ ਵਾਲੇ ਬਾਬਾ ਜਗਤਾਰ ਸਿੰਘ ਵੱਲੋਂ ਰਿਹਾਇਸ਼ੀ ਕਮਰਿਆਂ ਦਾ ਨਿਰਮਾਣ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਬਾਬਾ ਜਗਤਾਰ ਸਿੰਘ ਅਤੇ ਬਾਬਾ ਮਹਿੰਦਰ ਸਿੰਘ ਕਾਰ ਸੇਵਾ ਤਰਨਤਾਰਨ ਵਾਲਿਆਂ ਵੱਲੋਂ ਗੁਰਦੁਆਰਾ ਸਾਹਿਬ ਦੀ ਪਸ਼ੂਆਂ ਦੀ ਹਵੇਲੀ ਵਿਚ ਕੰਮ ਕਰਦੇ ਕਰਮਚਾਰੀਆਂ ਦੀ ਰਿਹਾਇਸ਼ ਲਈ ਕਮਰੇ ਤਿਆਰ ਕੀਤੇ ਗਏ। ਹੈੱਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ ਵੱਲੋਂ ਬਾਬਾ ਬੁੱਢਾ ਸਾਹਿਬ ਦੇ ਚਰਨਾਂ ਵਿੱਚ ਅਰਦਾਸ ਕਰਕੇ ਬਾਬਾ ਮਹਿੰਦਰ ਸਿੰਘ ਕਾਰ ਸੇਵਾ ਤਰਨਤਾਰਨ, ਸਕੱਤਰ ਪ੍ਰਤਾਪ ਸਿੰਘ ਬਾਜਵਾ, ਮੈਨੇਜਰ ਸਰਬਦਿਆਲ ਸਿੰਘ ਵੱਲੋਂ ਉਦਘਾਟਨ ਕੀਤਾ ਗਿਆ।ਇਸ ਮੌਕੇ ਮੀਤ ਮੈਨੇਜਰ ਗੁਰਜੀਤ ਸਿੰਘ, ਪ੍ਰਿਥੀਪਾਲ ਸਿੰਘ ਸੁਪਰਵਾਈਜ਼ਰ, ਅਮਰਬੀਰ ਸਿੰਘ ਅਕਾਊਂਟੈਂਟ, ਬਿਕਰਮਜੀਤ ਸਿੰਘ ਰਿਕਾਰਡਕੀਪਰ, ਸੁਰਜੀਤ ਸਿੰਘ ਪੰਜਵੜ, ਪਰਗਟ ਸਿੰਘ ਮੰਨਣ, ਨਿਰਮਲ ਸਿੰਘ ਭੂਰੇ, ਦਿਲਜੀਤ ਸਿੰਘ ਵਲਟੋਹਾ ਆਦਿ ਸਟਾਰ ਅਤੇ ਸੰਗਤਾਂ ਹਾਜ਼ਰ ਸਨ।

# ਤਖਤ ਸ੍ਰੀ ਹਜ਼ੂਰ ਸਾਹਿਬ ਵਿਖੇ ਪੁਰਾਤਨ ਮਰਿਆਦਾ ਅਨੁਸਾਰ ਮਨਾਇਆ ਦੁਸਹਿਰੇ ਦਾ ਤਿਉਹਾਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਛੋਹ ਅਸਥਾਨ ਤਖਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ ਵਿਖੇ ਹਰ ਸਾਲ ਦੀ ਤਰਾਂ ਦੁਸਹਿਰਾ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਪੁਰਾਤਨ ਚਲੀ ਆ ਰਹੀ ਮਰਿਯਾਦਾ ਅਨੁਸਾਰ 22 ਸਤੰਬਰ ਤੋਂ 2 ਅਕਤੂਬਰ ਤੱਕ ਤਖ਼ਤ ਸਾਹਿਬ ਵਿਖੇ ਸ੍ਰੀ ਦਸਮ ਗ੍ਰੰਥ ਸਾਹਿਬ ਵਿਚੋਂ ਯੁੱਧਮਈ ਬਾਣੀ ਦੇ ਪਾਠ ਰੋਜ਼ਾਨਾ ਕੀਤੇ ਗਏ। 29 ਸਤੰਬਰ ਤੋਂ ਧਾਰਮਿਕ ਦੀਵਾਨ ਸਜਾਏ ਗਏ, ਜਿਸ ਵਿੱਚ ਪੰਥਕ ਕਵੀਸ਼ਰੀ ਤੇ ਢਾਡੀ ਜੱਥਿਆਂ ਨੇ ਉਚੇਚੇ ਤੌਰ 'ਤੇ ਹਾਜ਼ਰੀਆਂ ਭਰੀਆਂ।ਤਖ਼ਤ ਸਾਹਿਬ ਦੇ ਸਾਬਕਾ ਜੱਥੇਦਾਰ ਸੰਤ ਬਾਬਾ ਜੋਗਿੰਦਰ ਸਿੰਘ ਮੋਨੀ ਦੀ ਮਿੱਠੀ ਯਾਦ ਵਿੱਚ 1 ਅਕਤੂਬਰ ਦੀ ਰਾਤ ਜਥੇਦਾਰ ਸੰਤ ਬਾਬਾ ਕੁਲਵੰਤ ਸਿੰਘ ਅਤੇ ਸਮੂੰਹ ਪੰਜ ਪਿਆਰੇ ਸਾਹਿਬਾਨ ਦੀ ਸਰਪ੍ਰਸਤੀ ਹੇਠ ਅਤੇ ਡਾ. ਵਿਜੇ ਸਤਬੀਰ ਸਿੰਘ, ਮੁੱਖ ਪ੍ਰਬੰਧਕ, ਗੁਰਦੁਆਰਾ ਬੋਰਡ ਦੇ ਸਹਿਯੋਗ ਨਾਲ ਰੈਣ ਸਬਾਈ ਕੀਰਤਨ ਦਰਬਾਰ ਆਯੋਜਿਤ ਕੀਤਾ ਗਿਆ ।2 ਅਕਤੂਬਰ ਨੂੰ ਬਾਦ ਦੁਪਹਿਰ 4 ਵਜੇ ਬੜੀ ਸੱਜ ਧੱਜ ਤੋਂ ਸਾਨੋ ਸ਼ੌਕਤ ਨਾਲ ਦੁਸਹਿਰੇ ਦਾ ਮਹੱਲਾ ਆਰੰਭ ਹੋਇਆ ਜੋ ਸ਼ਹਿਰ ਦੇ ਵੱਖ-ਵੱਖ ਮਾਰਗਾਂ ਤੋਂ ਹੁੰਦਾ ਹੋਇਆ ਦੇਰ ਰਾਤ ਨੂੰ ਵਾਪਿਸ ਤਖਤ ਸਾਹਿਬ ਵਿਖੇ ਸਮਾਪਤ ਹੋਇਆ। ਇਸ ਵਿੱਚ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਜੱਥੇਦਾਰ ਸੰਤ ਬਾਬਾ ਕੁਲਵੰਤ ਸਿੰਘ ਤੇ ਸਮੂਹ ਪੰਜ ਪਿਆਰੇ ਸਾਹਿਬਾਨ, ਗੁਰੂ ਮਹਾਰਾਜ ਦੇ ਘੋੜੇ, ਨਿਸ਼ਾਨਚੀ ਸਿੰਘ, ਗੱਤਕਾ ਪਾਰਟੀਆਂ, ਕੀਰਤਨੀ ਜੱਥੇ, ਨਿਹੰਗ ਸਿੰਘ, ਦਲ ਪੰਥ, ਸੰਪਰਦਾਵਾਂ ਤੇ ਦੇਸ਼ ਵਿਦੇਸ਼ ਤੋਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਾਮਲ ਹੋਈਆਂ।ਪੁਰਾਤਨ ਚਲੀ ਆ ਰਹੀ ਮਰਯਾਦਾ ਅਨੁਸਾਰ ਹੱਲਾ ਬੋਲ ਚੌਂਕ 'ਚ ਨਿਸ਼ਾਨਚੀ ਸਿੰਘ ਵਲੋਂ ਅਰਦਾਸ ਕਰਨ ਉਪਰੰਤ ਹੱਲਾ ਆਰੰਭ ਹੋ ਕੇ ਚਿਖਲਵਾੜੀ ਚੌਂਕ ਤੇ ਸਮਾਪਤ ਹੋਇਆ।ਦੁਸਹਿਰਾ ਪੁਰਬ ਦਾ ਇਹ ਮਹੱਲਾ ਗੁਰਦੁਆਰਾ ਬਾਉਲੀ ਦਮਦਮਾ ਸਾਹਿਬ ਵਿਖੇ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਛਕਣ ਉਪਰੰਤ ਨਿਰਧਾਰਤ ਮਾਰਗਾਂ ਰਾਹੀਂ ਹੁੰਦਾ ਹੋਇਆ ਤਖ਼ਤ ਸਾਹਿਬ ਵਿਖੇ ਤਕਰੀਬਨ ਰਾਤ 11 ਵਜੇ ਵਿਖੇ ਪੁੱਜਿਆ। ਦੁਸਹਿਰੇ ਦੇ ਇਸ ਮਹਾਨ ਪੁਰਬ ਤੇ ਸਿੰਘ ਸਾਹਿਬ ਸੰਤ ਬਾਬਾ ਅਵਤਾਰ ਸਿੰਘ ਮੁਖੀ ਦਲ ਬਾਬਾ ਬਿਧੀ ਚੰਦ, ਜਥੇਦਾਰ ਬਾਬਾ ਜੋਗਾ ਸਿੰਘ ਮੁਖੀ ਤਰਨਾ ਦਲ, ਸੰਤ ਬਾਬਾ ਗੁਰਦੇਵ ਸਿੰਘ ਜੀ ਸ਼ਹੀਦੀ ਬਾਗ ਵਾਲੇ, ਨਿਹੰਗ ਸਿੰਘ ਬੁੱਢਾ ਦਲ ਆਪਣੇ ਦਲ ਪੰਥ ਦੇ ਸਿੰਘਾਂ, ਘੋੜਿਆਂ ਤੇ ਹਾਥੀਆਂ ਆਦਿ ਸਮੇਤ ਸ੍ਰੀ ਹਜ਼ੂਰ ਸਾਹਿਬ ਪੁੱਜੇ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਇਆ ਗਿਆ। ਨਾਲ ਹੀ ਅਨੇਕ ਜੱਥੇਬੰਦੀਆਂ, ਸੰਪਰਦਾਵਾਂ ਅਤੇ ਸੰਗਤਾਂ ਵੱਲੋਂ ਵੱਖ-ਵੱਖ ਥਾਵਾਂ ਤੇ ਲੰਗਰ ਲਗਾਏ ਗਏ ਸਨ। ਦੁਸਹਿਰਾ ਪੁਰਬ ਮੌਕੇ ਵੱਡੀ ਗਿਣਤੀ ਵਿੱਚ ਪੁੱਜੀਆਂ ਸੰਗਤਾਂ ਲਈ ਡਾ. ਵਿਜੇ ਸਤਬੀਰ ਸਿੰਘ ਦੇ ਆਦੇਸ਼ ਅਨੁਸਾਰ ਸੁਪਰਡੈਂਟ ਗੁਰਦੁਆਰਾ ਸੱਚਖੰਡ ਬੋਰਡ, ਸਮੂਹ ਅਧਿਕਾਰੀ ਅਤੇ ਸਮੂਹ ਸਟਾਫ਼ ਦੇ ਸਹਿਯੋਗ ਨਾਲ ਪੁਖਤਾ ਪ੍ਰਬੰਧ ਕੀਤੇ ਗਏ। ਡਾ. ਵਿਜੇ ਸਤਬੀਰ ਸਿੰਘ ਨੇ ਦੁਸਹਿਰਾ ਪੁਰਬ ਤੇ ਪੁੱਜੀਆਂ ਸਮੂਹ ਪੰਥਕ ਜਥੇਬੰਦੀਆਂ, ਸੰਤਾਂ, ਮਹਾਂਪੁਰਸ਼ਾਂ ਤੇ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।



# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ 'ਚ ਮਨਾਇਆ ਵਿਜੇ ਦਸਮੀ ਦਾ ਤਿਉਹਾਰ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ, ਸਕੱਤਰ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਵਿੱਚ ਦੁਸਹਿਰੇ ਦਾ ਤਿਉਹਾਰ ਮਨਾਇਆ ਗਿਆ। ਸਕੂਲ ਵਿੱਚ ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਨੂੰ ਦੁਸਹਿਰੇ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ ਗਿਆ। ਸਕੂਲ ਦੀ ਅੱਠਵੀਂ ਜਮਾਤ ਦੀ ਵਿਦਿਆਰਥਣ ਸਿਮਰਨਪ੍ਰੀਤ ਕੌਰ ਨੇ ਦੱਸਿਆ ਕਿ ਦੁਸਹਿਰਾ ਸਾਡੇ ਦੇਸ਼ ਵਿੱਚ ਹਰ ਸਾਲ ਮਨਾਇਆ ਜਾਂਦਾ ਹੈ, ਇਸ ਨੂੰ ਵਿਜੇ ਦਸ਼ਮੀ ਵੀ ਕਿਹਾ ਜਾਂਦਾ ਹੈ ਅਤੇ ਇਹ ਸਾਨੂੰ ਭਗਵਾਨ ਸ਼੍ਰੀ ਰਾਮ ਚੰਦਰ ਜੀ ਦੀ ਲੰਕਾ 'ਤੇ ਹੋਈ ਜਿੱਤ ਨੂੰ ਯਾਦ ਦਿਵਾਉਂਦਾ ਹੈ। ਦੁਸਹਿਰੇ ਵਾਲੇ ਦਿਨ ਅਸੀਂ ਰਾਵਣ, ਕੁੰਭਕਰਨ ਅਤੇ ਮੇਘਨਾਥ ਦੇ ਪੁਤਲੇ ਸਾੜਦੇ ਹਾਂ, ਇਸ ਦਾ ਮਤਲਬ ਇਹ ਹੈ ਕਿ ਅਸੀਂ ਆਪਣੇ ਅੰਦਰ ਦੀਆਂ ਬੁਰਾਈਆਂ ਨੂੰ ਵੀ ਸਾੜਦੇ ਹਾਂ।ਇਸ ਦੌਰਾਨ ਲਿਟਲ ਸਪਰਾਊਟ ਦੇ ਵਿਦਿਆਰਥੀਆਂ ਦੀ ਗਤੀਵਿਧੀ ਕਰਵਾਈ ਗਈ। ਸਕੂਲ ਪ੍ਰਿੰਸੀਪਲ ਕਿਰਨ ਕੇਸਰ ਨੇ ਦੱਸਿਆ ਕਿ ਇਸ ਤਿਉਹਾਰ ਦਾ ਸੁਨੇਹਾ ਹੈ ਕਿ ਸੱਚ ਦੀ ਜਿੱਤ ਹੁੰਦੀ ਹੈ ਅਤੇ ਬੁਰਾਈ ਦੀ ਹਾਰ ਹੁੰਦੀ ਹੈ।



## ਹੱਡੀਆਂ ਦਾ ਮੁਫ਼ਤ ਚੈੱਕਅੱਪ ਕੈਂਪ ਭਲਕੇ

**ਬਸਤੀ ਸ਼ੇਖ (ਜਲੰਧਰ) (ਲਖਵਿੰਦਰ ਸਿੰਘ)**- ਸ੍ਰੀ ਗੁਰੂ ਨਾਨਕ ਦੇਵ ਚੈਰੀਟੇਬਲ ਸੁਸਾਇਟੀ ਵੱਲੋਂ ਹੱਡੀਆਂ ਦਾ ਮੁਫ਼ਤ ਚੈੱਕਅੱਪ ਕੈਂਪ 5 ਅਕਤੂਬਰ ਦਿਨ ਐਤਵਾਰ ਨੂੰ ਨਾਹਰ ਪ੍ਰੋਪਰਟੀ ਡੀਲਰ ਦੁਕਾਨ ਨੰਬਰ 6, ਕਰਨ ਇਨਕਲੇਵ ਮਾਰਕੀਟ ਗਾਖਲਾ ਰੋਡ ਬਸਤੀ ਦਾਨਿਸ਼ਮੰਦ ਜਲੰਧਰ ਵਿਖੇ ਲਗਾਇਆ ਜਾ ਰਿਹਾ ਹੈ। ਇਸ ਮੌਕੇ 'ਤੇ ਹੱਡੀਆਂ ਦੇ ਮਾਹਰ ਡਾਕਟਰ ਮੇਜਰ ਪ੍ਰਮੋਦ ਮਹਿੰਦਰ (ਐਮ ਐਸ, ਐਫ ਆਈ ਸੀ ਐਸ) ਅਪੈਕਸ ਹਸਪਤਾਲ ਵਾਲੇ ਕੈਂਪ ਵਿੱਚ ਹੱਡੀਆਂ ਦਾ ਮੁਫ਼ਤ ਚੈੱਕ ਅਪ ਹੱਡੀਆਂ ਦਾ ਸਕੈਨ ਅਤੇ ਦਵਾਈਆਂ ਵੀ ਮੁਫ਼ਤ ਦਿੱਤੀਆਂ ਜਾਣਗੀਆਂ। ਰਜਿਸਟ੍ਰੇਸ਼ਨ ਸਵੇਰੇ 9 ਵਜੇ ਤੋਂ ਸ਼ੁਰੂ ਹੋਵੇਗੀ ਅਤੇ ਚੈੱਕਅੱਪ 10 ਵਜੇ ਤੋਂ ਲੈ ਕੇ 1 ਵਜੇ ਤੱਕ ਹੋਵੇਗਾ।





## ਵਾਰਡ ਨੰਬਰ ਚਾਰ 'ਚ ਸ਼ੈਰੀ ਕਲਸੀ ਨੇ ਗਲੀ ਦਾ ਨਿਰਮਾਣ ਸ਼ੁਰੂ ਕਰਵਾਇਆ

**ਬਟਾਲਾ (ਡਾ. ਮਲਵਿੰਦਰ ਸਿੰਘ)**- ਬਟਾਲਾ ਸ਼ਹਿਰ ਅੰਦਰ ਵਿਕਾਸ ਪੱਖੋਂ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ ਅਤੇ ਸ਼ਹਿਰ ਵਾਸੀਆਂ ਦੀਆਂ ਲੰਮੇ ਸਮੇਂ ਤੋਂ ਲਮਕਦੀਆਂ ਮੰਗਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ। ਇਹ ਪ੍ਰਗਟਾਵਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਵਾਰਡ ਨੰਬਰ 4 ਦੀ ਗਲੀ ਨੰਬਰ 3 ਵਿਖੇ ਵਾਰਡ ਵਾਸੀਆਂ ਦੀ ਮੌਜੂਦਗੀ ਵਿਖੇ ਗਲੀ ਬਣਾਉਣ ਦਾ ਕੰਮ ਸ਼ੁਰੂ ਕਰਨ ਉਪਰੰਤ ਕੀਤਾ।ਵਿਧਾਇਕ ਨੇ ਵਾਰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ਹਿਰ ਵਾਸੀਆਂ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਦਹਾਕਿਆਂ ਤੋਂ ਗਲੀਆਂ ਨਾ ਬਣਨ ਕਾਰਨ ਲੋਕਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਪਰ ਹੁਣ ਉਹ ਖੁਦ ਲੋਕਾਂ ਤੱਕ ਪਹੁੰਚ ਕਰਕੇ ਉਨਾਂ ਦੀਆਂ ਮੁਸ਼ਕਲਾਂ ਦਾ ਨਿਪਟਾਰਾ ਕਰ ਰਹੇ ਹਨ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਸ਼ਹਿਰ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕੀਤਾ ਗਿਆ ਹੈ ਅਤੇ ਹੁਣ ਚਿਰੋਕਣੀਆਂ ਮੰਗਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਵੱਖ ਵੱਖ ਵਿਕਾਸ ਕਾਰਜ ਪ੍ਰਗਤੀ ਅਧੀਨ ਹਨ। ਇਸ ਮੌਕੇ ਵਾਰਡ ਵਾਸੀਆਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕੀਤਾ।

# ਬੜੀ ਧੂਮਧਾਮ ਅਤੇ ਸ਼ਰਧਾਪੂਰਵਕ ਮਨਾਇਆ ਕਾਦੀਆਂ 'ਚ ਵੱਖ-ਵੱਖ ਥਾਈਂ ਦੁਸਹਿਰਾ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਕਸਬਾ ਕਾਦੀਆਂ ਵਿੱਚ ਦੁਸਹਿਰੇ ਦਾ ਪਵਿੱਤਰ ਤਿਉਹਾਰ ਦੋ ਵੱਖ ਵੱਖ ਥਾਵਾਂ 'ਤੇ ਬੜੀ ਧੂਮਧਾਮ ਅਤੇ ਸ਼ਰਧਾਪੂਰਵਕ ਮਨਾਇਆ ਗਿਆ।ਨੌਜਵਾਨ ਦੁਸਹਿਰਾ ਕਮੇਟੀ ਵੱਲੋਂ ਕਲਾਸਵਾਲਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਦੀ ਗਰਾਊਂਡ ਵਿੱਚ ਰਾਵਣ ਦਾ 50 ਫੁੱਟ ਉੱਚਾ ਪੁਤਲਾ ਫੂਕਿਆ ਗਿਆ। ਇਸ ਮੌਕੇ ਦੁਸਹਿਰਾ ਕਮੇਟੀ ਵੱਲੋਂ ਲੋਕ ਗਾਇਕ ਗਿੱਲ ਮਾਣੂਕੇ, ਪੰਜਾਬੀ ਗਾਇਕ ਅਤਰੋ ਚਤਰੋ ਨੇ ਆਏ ਹੋਏ ਲੋਕਾਂ ਦਾ ਖ਼ੂਬ ਮਨੋਰੰਜਨ ਕੀਤਾ।ਇਸ ਮੌਕੇ ਚੇਅਰਮੈਨ ਡਾ. ਤਿਲਕ ਘੁੰਮਣ, ਪ੍ਰਧਾਨ ਸਰਬਜੀਤ ਮਹਿਤਾ, ਵਾਈਸ ਪ੍ਰਧਾਨ ਹਰਦੀਪ ਸਿੰਘ ਦੀਪਾ, ਖਜ਼ਾਨਚੀ ਸਤੀਸ਼ ਕੁਮਾਰ, ਸੁਮੀਤ, ਰਾਜਕੁਮਾਰ ਕਾਲਾ, ਧਰਮਪਾਲ ਪ੍ਰੇਮੀ, ਸਰਪੰਚ ਸ਼ਮਸ਼ੇਰ ਸਿੰਘ ਸ਼ੇਰਾ, ਪਰਮਜੀਤ ਪੰਮਾ, ਕਰਨ, ਮੰਨੂ, ਦਰਸ਼ਨ ਸਿੰਘ ਭਿੰਡਰ , ਕੌਂਸਲਰ ਅਬਦੁਲ ਵਾਸੇ, ਅਸ਼ਵਨੀ ਵਰਮਾ, ਉਂਕਾਰ ਸ਼ਾਸਤਰੀ, ਅਮਿਤ ਮਹਾਜਨ, ਅਸ਼ੋਕ ਸ਼ਰਮਾ, ਰਾਜ ਕੁਮਾਰ, ਆਂਚਲ ਮਹਾਜਨ ਮਹਿਲਾ ਮੰਡਲ ਪ੍ਰਧਾਨ ਭਾਜਪਾ, ਗੁਲਸ਼ਨ ਵਰਮਾ, ਆਪ ਸੀਨੀਅਰ ਆਗੂ ਕਾਮਰੇਡ ਗੁਰਮੇਜ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਅਤੇ ਇਲਾਕੇ ਤੋਂ ਪਿੰਡਾ ਦੇ ਲੋਕ ਪਹੁੰਚੇ ਹੋਏ ਸਨ। ਇਸੇ ਤਰ੍ਹਾਂ ਆਈ ਟੀ ਆਈ ਗਰਾਊਂਡ ਵਿੱਚ ਵੀ ਕੌਸ਼ਲ ਨੰਦਨ ਵੈੱਲਫੇਅਰ ਸੋਸਾਇਟੀ ਵੱਲੋਂ ਦੁਸਹਿਰੇ ਦਾ ਪਵਿੱਤਰ ਤਿਉਹਾਰ ਬੜੀ ਧੂਮਧਾਮ ਨਾਲ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਮਨਾਇਆ ਗਿਆ ।



# ਮਿੱਲ ਗਰਾਊਂਡ ਧਾਰੀਵਾਲ 'ਚ ਲੋਕਾਂ ਨੇ ਰਲਮਿਲ ਮਨਾਇਆ ਦੁਸਹਿਰਾ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਦੁਸਹਿਰਾ ਕਮੇਟੀ ਧਾਰੀਵਾਲ ਵੱਲੋਂ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਮਿੱਲ ਗਰਾਊਂਡ ਧਾਰੀਵਾਲ ਵਿੱਚ ਬਦੀ ਉੱਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਦੁਸਹਿਰਾ ਤਿਉਹਾਰ ਬੜੀ ਧੂਮ-ਧਾਮ ਨਾਲ ਮਨਾਇਆ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ 'ਆਪ' ਹਲਕਾ ਕਾਦੀਆਂ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਅਜਿਹੇ ਧਾਰਮਿਕ ਤਿਉਹਾਰ ਰਲ ਮਿਲ ਕੇ ਸਾਂਝੇ ਤੌਰ 'ਤੇ ਮਨਾਉਣੇ ਚਾਹੀਦੇ ਹਨ। ਉਨ੍ਹਾਂ ਦੁਸਹਿਰਾ ਕਮੇਟੀ ਨੂੰ 31 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ। ਸ਼ਹਿਰ ਦੀਆਂ ਵੱਖ-ਵੱਖ ਡ੍ਰਾਮਾਟਿਕ ਕਲੱਬਾਂ ਵੱਲੋਂ ਸੁੰਦਰ ਅਤੇ ਆਕਰਸ਼ਕ ਝਾਕੀਆਂ ਕੱਢੀਆਂ ਗਈਆਂ। ਉਪਰੰਤ ਸ਼ਾਮ ਨੂੰ ਬਾਬਾ ਸ੍ਰੀ ਰਾਮ ਚੰਦਰ, ਬਾਬਾ ਰਾਮ ਕ੍ਰਿਸ਼ਨ, ਸੂਰਜ ਪੰਡਿਤ, ਸੰਘਰ ਬਾਬਾ ਕੁੱਲੀ ਵਾਲਿਆਂ ਦੁਆਰਾ ਰਾਵਣ, ਕੁੰਭਕਰਨ ਅਤੇ ਮੇਘਨਾਦ ਦੇ ਬੁੱਤਾਂ ਨੂੰ ਅਗਨੀ ਭੇਟ ਕੀਤਾ ਗਿਆ। ਇਸ ਮੌਕੇ ਦੁਸਹਿਰਾ ਕਮੇਟੀ ਦੇ ਪ੍ਰਧਾਨ ਹਨੀ ਮਹਾਜਨ, ਮੀਤ ਪ੍ਰਧਾਨ ਕੁਨਾਲ ਚੱਢਾ, ਐਡਵੋਕੇਟ ਰਾਕੇਸ਼ ਸ਼ਰਮਾ ਰਣੀਆਂ, ਤਹਿਸੀਲਦਾਰ ਅਰਵਿੰਦਰ ਸਲਵਾਨ, ਡੀਐਸਪੀ. ਕੁਲਵੰਤ ਸਿੰਘ ਮਾਨ, ਕੌਂਸਲਰ ਪਵਨ ਅਬਰੋਲ, ਨਰਾਇਣ ਮਲਹੋਤਰਾ, ਪੰਡਿਤ ਰਾਕੇਸ਼ ਗੌਤਮ, ਨੰਬਰਦਾਰ ਸਰਦਾਰੀ ਲਾਲ ਰਣੀਆ, ਰੋਹਿਤ ਮੈਂਗੀ, ਜਤਿੰਦਰ ਜੱਜ, ਆਪ' ਦੇ ਜ਼ਿਲ੍ਹਾ ਮੀਡੀਆ ਇੰਚਾਰਜ ਮੁੱਖਦੇਵ ਸਿੰਘ ਆਲੋਵਾਲ, ਜਸਵਿੰਦਰਪਾਲ ਜੋਗੋਵਾਲ ਜ਼ਿਲ੍ਹਾ ਐੱਸ. ਸੀ. ਵਿੰਗ, ਡਾ: ਕਮਲਜੀਤ ਸਿੰਘ ਕੇ. ਜੇ., ਨਗਰ ਕੌਂਸਲ ਪ੍ਰਧਾਨ ਅਸ਼ਵਨੀ ਦੁੱਗਲ, ਮੀਤ ਪ੍ਰਧਾਨ ਦੀਪ ਕੁਮਾਰ ਰਿੰਟੂ, ਕ੍ਰਿਸਚੀਅਨ ਨੈਸ਼ਨਲ ਫਰੰਟ ਯੂਥ ਵਿੰਗ ਪੰਜਾਬ ਪ੍ਰਧਾਨ ਬੱਬਾ ਗਿੱਲ, ਮਾਰਕੀਟ ਕਮੇਟੀ ਸਕੱਤਰ ਜਗਰੂਪ ਸਿੰਘ, ਐਡਵੋਕੇਟ ਸ਼ਿਵਚਰਨ ਸਿੰਘ ਮਾਨ, ਸਰਪੰਚ ਰਾਮ ਭਗਤ, ਰੌਕੀ ਮਹਿਰਾ, ਯੂਥ ਕਲੱਬ ਪ੍ਰਧਾਨ ਗਗਨਦੀਪ ਸਿੰਘ ਲੇਹਲ, ਪ੍ਰਦੀਪ ਸਿਆਲ ਆਦਿ ਹਾਜ਼ਰ ਸਨ।

## ਗੁ. ਬੀੜ ਬਾਬਾ ਬੁੱਢਾ ਸਾਹਿਬ ਦਾ ਲੰਗਰ ਹਾਲ ਨਵੀਂ ਦਿੱਖ ਪਿੱਛੋਂ ਸੰਗਤਾਂ ਨੂੰ ਸਮਰਪਿਤ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਜੱਥੇਦਾਰ ਬਾਬਾ ਕਸ਼ਮੀਰ ਸਿੰਘ ਕਾਰ ਸੇਵਾ ਸੰਪ੍ਰਦਾਇ ਭੂਰੀ ਵਾਲਿਆਂ ਵੱਲੋਂ ਲੰਗਰ ਹਾਲ ਦੀ ਇਮਾਰਤ ਨੂੰ ਨਵੀਂ ਦਿੱਖ ਦੇਣ ਤੋਂ ਬਾਅਦ ਬਾਬਾ ਬੁੱਢਾ ਸਾਹਿਬ ਦੇ ਚਰਨਾਂ ਵਿੱਚ ਹੈੱਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ ਵੱਲੋਂ ਅਰਦਾਸ ਕਰਕੇ ਸੰਗਤਾਂ ਲਈ ਲੰਗਰ ਹਾਲ ਦੀ ਆਰੰਭਤਾ ਕੀਤੀ ਗਈ।ਇਸ ਮੌਕੇ ਬਾਬਾ ਸੁਖਵਿੰਦਰ ਸਿੰਘ ਕਾਰ ਸੇਵਾ ਸੰਪ੍ਰਦਾਇ ਭੂਰੀ ਵਾਲਿਆਂ ਨੇ ਦੱਸਿਆ ਕਿ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਦੀ ਰਹਿਨੁਮਾਈ ਹੇਠ ਗੁ: ਬੀੜ ਸਾਹਿਬ ਵਿਖੇ ਸੰਗਤਾਂ ਦੇ ਵੱਡਮੁੱਲੇ ਸਹਿਯੋਗ ਨਾਲ ਬਾਬਾ ਸੋਹਣ ਸਿੰਘ ਬੀੜ ਸਾਹਿਬ, ਬਾਬਾ ਮਨੋਹਰ ਸਿੰਘ ਤੇ ਬਾਬਾ ਜਸਵੰਤ ਸਿੰਘ ਜੱਸਾ ਵੱਲੋਂ ਅਨੇਕਾਂ ਸੇਵਾ ਕਾਰਜ ਕਰਵਾਏ ਜਾ ਰਹੇ ਹਨ ਤਾਂ ਜੋ ਸਾਲਾਨਾ ਜੋੜ ਮੇਲੇ ਤੇ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿਚ ਨਤਮਸਤਕ ਹੋਣ ਲਈ ਪੁੱਜਣ ਵਾਲੀਆਂ ਸੰਗਤਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ੍: ਪ੍ਰਤਾਪ ਸਿੰਘ ਬਾਜਵਾ, ਮੈਨੇਜਰ ਸਰਬਦਿਆਲ ਸਿੰਘ, ਮੀਤ ਮੈਨੇਜਰ ਗੁਰਜੀਤ ਸਿੰਘ ਠੱਠਾ, ਪ੍ਰਿਥੀਪਾਲ ਸਿੰਘ ਸੁਪਰਵਾਈਜ਼ਰ, ਬਿਕਰਮਜੀਤ ਸਿੰਘ ਸੁਰਸਿੰਘ, ਗੁਰਜੀਤ ਸਿੰਘ ਪੰਜਵੜ, ਬਾਬਾ ਮਨਜੀਤ ਸਿੰਘ ਝਬਾਲ ਅਤੇ ਸਮੂਹ ਸਟਾਫ ਅਤੇ ਹੋਰ ਬੇਅੰਤ ਸੰਗਤਾਂ ਹਾਜ਼ਰ ਸਨ।

## ਥਾਣਾ ਤਿੱਬੜ ਦੀ ਪੁਲਸ ਵੱਲੋਂ ਨਸ਼ਾ ਤਸਕਰ ਕਾਬੂ

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਤਿੱਬੜ ਪੁਲਸ ਦੇ ਏ. ਐੱਸ. ਆਈ. ਮਹਿੰਦਰ ਪਾਲ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਨਵਾਂ ਪਿੰਡ ਹੁੰਦਲ ਤੋਂ ਪ੍ਰਿੰਸ ਪੁੱਤਰ ਧਰਮਪਾਲ ਵਾਸੀ ਮੁਹੱਲਾ ਵਾਲਮੀਕ ਕਾਦੀਆਂ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬਰਾਮਦ ਮੋਮੀ ਲਿਫ਼ਾਫ਼ੇ ਨੂੰ ਚੈੱਕ ਕੀਤਾ ਜਿਸ ਵਿਚੋਂ 6 ਗਰਾਮ ਹੈਰੋਇਨ ਅਤੇ 520 ਰੁਪਏ ਡਰੱਗ ਮਨੀ ਬਰਾਮਦ ਹੋਈ ਹੈ। ਪੁਲਸ ਨੇ ਉਕਤ ਵਿਅਕਤੀ ਖ਼ਿਲਾਫ਼ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦਾ ਨਤੀਜਾ 100 ਫੀਸਦੀ ਰਿਹਾ



**ਕਪੂਰਥਲਾ (ਹਨੀ)**- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦਾ ਨਰਸਰੀ ਤੋਂ ਬਾਰਵੀਂ ਜਮਾਤ ਦਾ 'ਫਸਟ ਟਰਮ' ਦਾ ਨਤੀਜਾ ਸ਼ਾਨਦਾਰ ਰਿਹਾ, ਜਿਸ ਵਿੱਚ ਵਿਦਿਆਰਥੀਆਂ ਦੀ ਵਧੀਆ ਕਾਰਗੁਜ਼ਾਰੀ ਰਾਹੀਂ ਸਕੂਲ ਦਾ ਨਤੀਜਾ 100 ਫੀਸਦੀ ਰਿਹਾ।ਵਿਦਿਆਰਥੀਆਂ ਨੂੰ ਆਸ਼ੀਰਵਾਦ ਦੇਣ ਲਈ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਵਿਸ਼ੇਸ਼ ਤੌਰ 'ਤੇ ਪਹੁੰਚੇ।ਵਿਦਿਆਰਥੀਆਂ ਤੇ ਉਨਾਂ ਦੇ ਮਾਪਿਆਂ ਨੂੰ ਸੰਬੋਧਨ ਕਰਦੇ ਹੋਏ ਬੀਬੀ ਗੁਰਪ੍ਰੀਤ ਕੌਰ ਨੇ ਕਿਹਾ ਕਿ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀ ਬਹੁਤ ਹੀ ਵਧੀਆ ਅੰਕ ਲੈ ਕੇ ਪਾਸ ਹੋਏ ਹਨ ਅਤੇ ਸਕੂਲ ਦੇ ਇਸ ਸ਼ਾਨਦਾਰ ਨਤੀਜੇ ਲਈ ਸਮੂਹ ਸਟਾਫ ਮੈਂਬਰ, ਵਿਦਿਆਰਥੀ ਅਤੇ ਉਨਾਂ ਦੇ ਮਾਪਿਆਂ ਨੂੰ ਵਧਾਈ ਪਾਤਰ ਹਨ।

# ਸਾਂਸਦ ਵਿਕਰਮਜੀਤ ਸਾਹਨੀ ਨੇ ਹੜ੍ਹ ਪ੍ਰਭਾਵਿਤ ਖੇਤਰ 'ਚ ਰਾਹਤ ਤੇ ਡੀ-ਸਿਲਟਿੰਗ ਕੰਮ ਦੀ ਕੀਤੀ ਸ਼ੁਰੂਆਤ

**ਗੁਰਦਾਸਪੁਰ (ਜਨਕ ਮਹਾਜਨ)**- ਦੁਸਹਿਰੇ ਦੇ ਪਾਵਨ ਮੌਕੇ ਰਾਜ ਸਭਾ ਸੰਸਦ ਮੈਂਬਰ ਪਦਮਸ਼੍ਰੀ ਡਾ. ਵਿਕਰਮਜੀਤ ਸਿੰਘ ਸਹਨੀ ਨੇ ਆਪਣੀ ਉਦਾਰਤਾ ਦਿਖਾਉਂਦੇ ਹੋਏ ਡੇਰਾ ਬਾਬਾ ਨਾਨਕ ਬਲਾਕ ਦੇ ਹੜ੍ਹ-ਪ੍ਰਭਾਵਿਤ ਪਿੰਡਾਂ ਵਿਚ ਵੱਡੇ ਪੱਧਰ 'ਤੇ ਰਾਹਤ ਅਤੇ ਪੁਨਰਵਾਸ ਕੰਮਾਂ ਦੀ ਸ਼ੁਰੂਆਤ ਕੀਤੀ। ਇਸ ਮੌਕੇ ਸਥਾਨਕ ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਡੀਸੀ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਅਤੇ ਐੱਸਡੀਐੱਮ ਡੇਰਾ ਬਾਬਾ ਨਾਨਕ ਅਦਿਤਿਆ ਸ਼ਰਮਾ ਵੀ ਹਾਜ਼ਰ ਸਨ। ਡਾ. ਸਹਨੀ ਨੇ ਦੱਸਿਆ ਕਿ ਰਾਹਤ ਕੰਮਾਂ ਦੇ ਤਹਿਤ ਰਾਵੀ ਦਰਿਆ ਕੰਢੇ ਪਿੰਡ ਧਰਮਕੋਟ ਪੱਤਣ ਵਿਚ 5 ਜੇਸੀਬੀ ਮਸ਼ੀਨਾਂ ਅਤੇ 18 ਟਰੈਕਟਰ ਲਗਾਏ ਗਏ ਹਨ। ਇਸ ਇਲਾਕੇ ਵਿਚ 4 ਤੋਂ 6 ਫੁੱਟ ਤੱਕ ਪਾਣੀ ਭਰ ਜਾਣ ਕਰਕੇ ਸੈਂਕੜੇ ਏਕੜ ਖੜ੍ਹੀ ਫ਼ਸਲ ਤਬਾਹ ਹੋ ਗਈ ਹੈ, ਜਿਸ ਨਾਲ ਛੋਟੇ ਅਤੇ ਸੀਮਾਂਤ ਕਿਸਾਨ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਨੇ ਭਰੋਸਾ ਦਵਾਇਆ ਕਿ ਮਸ਼ੀਨਰੀ, ਤਜਰਬੇਕਾਰ ਸਟਾਫ਼ ਅਤੇ ਮਜ਼ਦੂਰ ਤਦੋਂ ਤੱਕ ਕੰਮ ਕਰਦੇ ਰਹਿਣਗੇ ਜਦੋਂ ਤੱਕ ਕਿਸਾਨ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਹੋ ਜਾਂਦੇ ਅਤੇ ਉਨ੍ਹਾਂ ਦੀ ਜ਼ਮੀਨ ਰਬੀ ਦੀ ਫ਼ਸਲ ਲਈ ਤਿਆਰ ਨਹੀਂ ਹੋ ਜਾਂਦੀ। ਬਾਅਦ ਵਿਚ, ਡਾ. ਸਹਨੀ ਨੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਵਿਚ ਖ਼ੁਦ ਜਾ ਕੇ ਰਾਹਤ ਸਮੱਗਰੀ ਵੰਡਾਈ, ਜਿਸ ਵਿਚ ਬਿਸਤਰੇ, ਗੱਦੇ, ਫੌਗਿੰਗ ਮਸ਼ੀਨਾਂ, ਫ਼ਰਨੀਚਰ, ਕਿਚਨ ਸੈੱਟ, ਖਾਦਾਨ ਅਤੇ ਹੋਰ ਲੋੜੀਂਦੇ ਘਰੇਲੂ ਸਾਮਾਨ ਸ਼ਾਮਿਲ ਸਨ। ਇਸ ਮੌਕੇ 'ਤੇ ਡਾ. ਸਹਨੀ ਨੇ ਕਿਹਾ ਕੀ ਸਾਡੇ ਕਿਸਾਨ ਪੰਜਾਬ ਦੀ ਰੀੜ੍ਹ ਦੀ ਹੱਡੀ ਹਨ ਅਤੇ ਇਸ ਔਖੀ ਘੜੀ ਵਿਚ ਉਨ੍ਹਾਂ ਦੇ ਨਾਲ ਖੜ੍ਹਾ ਹੋਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਇਸ ਮੌਕੇ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਰਾਜ ਸਭਾ ਮੈਂਬਰ ਡਾ. ਸਾਹਨੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਵੱਡੀ ਉਦਾਰਤਾ ਦਿਖਾਉਂਦੇ ਹੋਏ ਹੜ੍ਹ ਪੀੜਤਾਂ ਦੀ ਮਦਦ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਰਾਹਤ ਅਤੇ ਪੁਨਰਵਾਸ ਕਾਰਜ ਤੇਜ਼ੀ ਨਾਲ ਜਾਰੀ ਹਨ ਅਤੇ ਸਰਕਾਰ ਵੱਲੋਂ ਹੜ੍ਹ ਪੀੜਤਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ।



## ਪੁਲਸ ਵੱਲੋਂ ਭਾਰੀ ਮਾਤਰਾ 'ਚ ਆਤਿਸ਼ਬਾਜ਼ੀ ਅਤੇ ਪਟਾਕੇ ਬਰਾਮਦ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਧਾਰੀਵਾਲ ਪੁਲਸ ਦੇ ਏ. ਐੱਸ. ਆਈ. ਸੁਖਦੇਵ ਸਿੰਘ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਗਸ਼ਤ ਕਰਦੇ ਹੋਏ ਡਡਵਾਂ ਚੌਕ ਧਾਰੀਵਾਲ ਪੁੱਜੇ ਤਾਂ ਮੁਖ਼ਬਰ ਖ਼ਾਸ ਨੇ ਇਤਲਾਹ ਦਿੱਤੀ ਕਿ ਪਿਊਸ਼ ਕੋਹਲੀ ਪੁੱਤਰ ਧਰਮਪਾਲ ਕੋਹਲੀ ਵਾਸੀ ਡਡਵਾਂ ਰੋਡ ਧਾਰੀਵਾਲ ਜਿਸ ਦੀ ਕੋਹਲੀ ਬੁੱਕ ਸਟੋਰ ਦੇ ਨਾਮ ਦੀ ਦੁਕਾਨ ਡਡਵਾਂ ਰੋਡ ਧਾਰੀਵਾਲ ਵਿਖੇ ਹੈ ਅਤੇ ਦੁਕਾਨ ਦਾ ਸਟੋਰ ਦੁਕਾਨ ਦੇ ਨੇੜੇ ਹੀ ਗਲੀ ਪਿਊਸ਼ ਕੋਹਲੀ ਨੇ ਦੁਕਾਨ ਦੇ ਵੱਖ-ਵੱਖ ਸਟੋਰ ਵਿਚ ਆਤਿਸ਼ਬਾਜ਼ੀ, ਪਟਾਕੇ ਨੂੰ ਬਿਨਾਂ ਕਿਸੇ ਮਨਜ਼ੂਰੀ ਤੋਂ ਸਟੋਰ ਕਰਕੇ ਆਪਣੇ ਕਬਜ਼ੇ ਵਿਚ ਰੱਖਿਆ ਹੈ। ਇਸ ਬਾਰੇ ਇਤਲਾਹ ਮਿਲਣ 'ਤੇ ਤਫ਼ਤੀਸ਼ੀ ਅਫ਼ਸਰ ਨੇ ਸਮੇਤ ਪੁਲਸ ਪਾਰਟੀ ਪਿਊਸ਼ ਕੋਹਲੀ ਦੇ ਸਟੋਰ ਡਡਵਾਂ ਚੌਕ ਧਾਰੀਵਾਲ ਵਿਖੇ ਰੇਡ ਕਰਕੇ ਉਸ ਨੂੰ ਕਾਬੂ ਕੀਤਾ। ਇਸ ਦੌਰਾਨ ਭਾਰੀ ਮਾਤਰਾ ਵਿਚ ਆਤਿਸ਼ਬਾਜ਼ੀ ਅਤੇ ਪਟਾਕੇ ਬਰਾਮਦ ਹੋਏ ਹਨ। ਪੁਲਸ ਨੇ ਪਿਊਸ਼ ਕੋਹਲੀ ਖ਼ਿਲਾਫ਼ ਜ਼ੇਰੇ ਧਾਰਾ 9 (1) ਬੀ ਦਾ ਐਕਸਪਲੋਸਿਵ ਐਕਟ 1884 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਕੁੱਲੀ ਬਾਬਾ ਖੁਸ਼ਦਿਲ ਨਿਰਮਲੇ ਦੀ ਸਾਲਾਨਾ ਬਰਸੀ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ ਕਰਵਾਇਆ

**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਦਰੀਆ ਵਿਖੇ ਧੰਨ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਗੁਰੂ ਜੀ ਦੇ ਪਿਆਰੇ ਗੁਰਸਿੱਖ ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਪੁਰਬ ਨੂੰ ਸਮਰਪਿਤ ਅਤੇ ਕੁੱਲੀ ਬਾਬਾ ਖੁਸ਼ਦਿਲ ਨਿਰਮਲੇ ਜੀ ਦੀ 29ਵੀਂ ਸਾਲਾਨਾ ਬਰਸੀ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ ਕਰਵਾਇਆ ਗਿਆ। ਕੁੱਲੀ ਬਾਬਾ ਖੁਸ਼ਦਿਲ ਜੀ ਦਰੀਆ ਦੇ ਮੁੱਖ ਸੇਵਾਦਾਰ ਸ਼੍ਰੀਮਾਨ ਸੰਤ ਬਾਬਾ ਮੱਖਣ ਸਿੰਘ ਦੀ ਦੇਖ ਰੇਖ ਵਿੱਚ ਕਰਵਾਏ ਇਸ ਸਾਲਾਨਾ ਬਰਸੀ ਸਮਾਗਮ ਵਿੱਚ ਸਿੱਖ ਪੰਥ ਦੇ ਮਹਾਨ ਪ੍ਰਚਾਰਕ ਨਿਰਮਲੇ ਸੰਤ ਮਹਾਂਪੁਰਸ਼ ਪਹੁੰਚੇ ਅਤੇ ਸਤਿਕਾਰ ਵਜੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਭ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਨਿਰਮਲੇ ਸੰਤ ਸ਼੍ਰੀਮਾਨ ਸੰਤ ਬਾਬਾ ਸੋਹਣ ਸਿੰਘ ਅਰਨੀਵਾਲ ਵਾਲੇ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸ਼੍ਰੀਮਾਨ 108 ਸ੍ਰੀ ਮਹੰਤ ਬਾਬਾ ਗਿਆਨ ਦੇਵ ਸਿੰਘ ਜੀ ਵੇਦਾਂਤਾ ਅਚਾਰੀਆ ਨਿਰਮਲ ਪੰਚਾਇਤੀ ਅਖਾੜਾ ਕਨਖੱਲ ਹਰਿਦੁਆਰ ਵਾਲੇ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕੀ ਗੁਰੂ ਗ੍ਰੰਥ ਸਾਹਿਬ ਦਾ ਵੱਧ ਤੋਂ ਵੱਧ ਸਤਿਕਾਰ ਤੇ ਗੁਰਬਾਣੀ ਵਿਚਾਰ ਨੂੰ ਆਪਣੇ ਜੀਵਨ ਵਿੱਚ ਅਪਣਾਉਣਾ ਚਾਹੀਦਾ ਹੈ। ਕੀਰਤਨ ਦਰਬਾਰ ਵਿੱਚ ਗਿਆਨੀ ਪਰਮਿੰਦਰ ਸਿੰਘ ਜੀ ਅਮੋਲਕ ਜੰਡਿਆਲੇ ਵਾਲੇ ਢਾਡੀ ਜਥਾ, ਗਿਆਨੀ ਮੱਖਣ ਸਿੰਘ ਜੀ ਦਸ਼ਮੇਸ਼ ਨਗਰੀਆਂ ਸ਼ਾਗਿਰਦ ਜੋਗਾ ਸਿੰਘ ਜੋਗੀ ਕਵੀਸ਼ਰੀ ਜਥਾ, ਭਾਈ ਦਵਿੰਦਰ ਸਿੰਘ ਜੀ ਬੋਦਲਾਂ ਵਾਲੇ, ਭਾਈ ਸਤਨਿੰਦਰ ਪਾਲ ਸਿੰਘ ਜੀ ਬੋਦਲਾਂ ਵਾਲੇ, ਪ੍ਰੋਫੈਸਰ ਅਵਤਾਰ ਸਿੰਘ ਜੀ ਬੋਦਲਾਂ ਵਾਲੇ, ਭਾਈ ਜਸਵਿੰਦਰ ਸਿੰਘ ਜੀ ਗੜਦੀਵਾਲਾ ਉਸਤਾਦ ਸ਼ਮਿੰਦਰ ਪਾਲ ਸਿੰਘ ਜੀ, ਤਬਲਾ ਵਾਦਕ ਉਸਤਾਦ ਕੁਲਵਿੰਦਰ ਸਿੰਘ ਜੀ ਅਕੈਡਮੀ ਫਤਿਹਪੁਰ ਹੁਸ਼ਿਆਰਪੁਰ ਵਾਲੇ, ਭਾਈ ਗੁਰਮੁੱਖ ਸਿੰਘ ਜੀ ਕੰਧਾਲਾ ਜੱਟਾਂ ਵਾਲੇ, ਉਸਤਾਦ ਜੈਦੇਵ ਜੀ ਤਬਲਾ ਵਾਦਕ ਪੰਜਾਬੀ ਘਰਾਣਾ, ਸ਼੍ਰੀਮਤੀ ਬਨੀਤਾ ਜੀ ਸਪੁੱਤਰੀ ਕਾਲਾ ਰਾਮ ਜੀ ਸਿਤਾਰਵਾਦਕ ਪੰਜਾਬੀ ਕਲਾ ਭਵਨ ਯੂਨੀਵਰਸਿਟੀ ਪਟਿਆਲਾ, ਬਲਵੀਰ ਸਿੰਘ ਗੁਰਦਾਸਪੁਰੀ, ਕਵੀਸ਼ਰ ਬਲਵੀਰ ਸਿੰਘ ਨਿਮਾਣਾ ਕਵੀਸ਼ਰ, ਢਾਡੀ ਦਾਤਾਰ ਸਿੰਘ ਦਾਤਾ ਕੰਧਾਲਾ ਜੱਟਾਂ ਵਾਲੇ ਅਤੇ ਹੋਰ ਜੱਥੇ ਆਈਆਂ ਹੋਈਆਂ ਸੰਗਤਾਂ ਨੂੰ ਗੁਰਬਾਣੀ ਕਥਾ ਕੀਰਤਨ ਨਾਲ ਨਿਹਾਲ ਕੀਤਾ। ਇਸ ਸਾਰੇ ਸਮਾਗਮ ਵਿੱਚ ਭਾਈ ਦਾਤਾਰ ਸਿੰਘ ਦਾਤਾ ਜੀ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ। ਉਹਨਾਂ ਦੱਸਿਆ ਕਿ ਕੀਰਤਨ ਦਰਬਾਰ ਵਿੱਚ ਭਾਈ ਘਨਈਆ ਜੀ ਸੇਵਾ ਦਲ ਬਾਬਕ ਵੱਲੋਂ ਚਾਹ ਪਕੌੜੇ ਮਠਿਆਈਆਂ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।



# ਸੰਤ ਬਾਬਾ ਗੁਰਦਿਆਲ ਸਿੰਘ ਵੱਲੋਂ ਇਕੋਤਰੀ ਲੜੀ 'ਚ ਪੁੱਜੇ ਸੰਤ ਮਹਾਂਪੁਰਸ਼ਾਂ ਦਾ ਸਨਮਾਨ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਧੰਨ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਕਰਵਾਏ ਜਾ ਰਹੇ ਮਹਾਨ ਸਾਲਾਨਾ ਇਕੋਤਰੀ ਸਮਾਗਮ ਸੰਤ ਬਾਬਾ ਗੁਰਦਿਆਲ ਸਿੰਘ ਜੀ ਦੇ ਮਹਾਨ ਉਪਰਾਲੇ ਸਦਕਾ ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਦੇ ਇਕ ਵੱਡੇ ਕੇਂਦਰ ਵਜੋਂ ਸੰਸਾਰ ਪੱਧਰ ਤੇ ਜਾਣੇ ਜਾਂਦੇ ਹਨ ।ਜਿਥੋਂ ਸੇਧ ਲੈ ਕੇ ਹਜ਼ਾਰਾਂ ਪ੍ਰਾਣੀ ਗੁਰੂ ਵਾਲੇ ਬਣੇ ਹਨ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾਂ ਸੰਤ ਬਾਬਾ ਜੋਗਾ ਸਿੰਘ ਜੀ ਰਾਮੂ ਥਿਆੜਾ, ਸੰਤ ਬਾਬਾ ਹਰਵਿੰਦਰ ਸਿੰਘ ਜੀ ਰੌਲੀ ਵਾਲੇ ਤੇ ਹੋਰਾਂ ਨੇ ਇਕੋਤਰੀ ਸਮਾਗਮ ਵਿਚ ਹਾਜ਼ਰੀ ਭਰਦਿਆਂ ਕੀਤਾ । ਵਿਸ਼ਵ ਪ੍ਰਸਿੱਧ ਮਹਾਨ ਸਲਾਨਾ ਇਕੋਤਰੀ ਸਮਾਗਮ ਦੇ ਮੁੱਖ ਆਕਰਸ਼ਣ ਵਜੋਂ ਜਾਣੇ ਜਾਂਦੇ ਅਲੌਕਿਕ ਨਗਰ ਕੀਰਤਨ 6 ਅਕਤੂਬਰ ਨੂੰ ਸਜਾਏ ਜਾਣਗੇ । ਜਦਕਿ 101 ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਦੇ ਭੋਗ 7 ਅਕਤੂਬਰ ਨੂੰ ਪੂਰਨ ਸ਼ਰਧਾ ਅਤੇ ਸਤਿਕਾਰ ਸਹਿਤ ਕਰਵਾਏ ਜਾਣਗੇ। 7 ਅਕਤੂਬਰ ਨੂੰ ਹੋਣ ਵਾਲੇ ਸੰਪੂਰਨਤਾ ਸਮਾਗਮ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਇਕ ਵਿਸ਼ਾਲ ਗੁਰਮਤਿ ਕੀਰਤਨ ਦਰਬਾਰ ਨਾਲ ਸਮਪੰਨ ਹੋਣਗੇ । ਤਪ ਅਸਥਾਨ ਬਾਬਾ ਬਲਵੰਤ ਸਿੰਘ ਤੋਂ 6 ਅਕਤੂਬਰ ਨੂੰ ਸਵੇਰੇ 10 ਵਜੇ ਇਹ ਨਗਰ ਕੀਰਤਨ ਪੂਰੇ ਸਿੱਖੀ ਜਾਹੋ ਜਲਾਲ ਨਾਲ ਰਵਾਨਾ ਹੋਣਗੇ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਫੁੱਲਾਂ ਨਾਲ ਸਜੀ ਸੁੰਦਰ ਏਅਰ ਕੰਡੀਸ਼ਨਰ ਬੱਸ ਵਿਚ ਪਾਲਕੀ ਸਾਹਿਬ ਸੁਸ਼ੋਭਿਤ ਕੀਤੀ ਜਾਵੇਗੀ ਤਾਂ ਜੋ ਸੰਗਤਾਂ ਇਸ ਨਗਰ ਕੀਰਤਨ ਦੇ ਦਰਸ਼ਨ ਦੀਦਾਰੇ ਕਰ ਸਕਣ । ਪੰਜ ਪਿਆਰਿਆਂ ਦੀ ਅਗਵਾਈ ਹੇਠ ਸਿੱਖ ਮਾਣ ਮੱਤੇ ਇਤਿਹਾਸ ਨੂੰ ਸਮਰਪਿਤ ਇਸ ਨਗਰ ਕੀਰਤਨ ਦੇ ਦਰਸ਼ਨਾਂ ਲਈ ਦੇਸ਼-ਵਿਦੇਸ਼ ਦੀਆਂ ਸੰਗਤਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ । ਜਿਸ ਦੇ ਚਲਦੇ ਦੁਬਈ, ਕੈਨੇਡਾ, ਅਮਰੀਕਾ ਆਦਿ ਮੁਲਕਾਂ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਡੇਰਾ ਟਾਂਡਾ ਪੁਜੀਆਂ ਹੋਇਆ ਹੋਈਆਂ ਹਨ । ਇਕੋਤਰੀ ਸਮਾਗਮ ਦੇ ਨਗਰ ਕੀਰਤਨ ਅਤੇ ਸੰਪੂਰਨਤਾ ਸਮਾਗਮ ਨੂੰ ਲੈ ਕੇ ਸੰਗਤਾਂ ਦਾ ਉਤਸ਼ਾਹ ਇਸ ਵੇਲੇ ਸਿਖਰਾਂ ਤੇ ਚੱਲ ਰਿਹਾ ਹੈ । ਇਕੋਤਰੀ ਸਮਾਗਮ ਨੂੰ ਸਮਰਪਿਤ ਹਰ ਰੋਜ ਸ਼ਾਮ 7 ਵਜੇ ਤੋਂ ਰਾਤ 10 ਵਜੇ ਤੱਕ ਵਿਸ਼ਾਲ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ । ਜਿਸ ਵਿਚ ਸੰਤ ਬਾਬਾ ਗੁਰਦਿਆਲ ਸਿੰਘ ਜੀ ਤੋਂ ਇਲਾਵਾ ਹੋਰ ਕਈ ਸੰਤ ਮਹਾਂਪੁਰਸ਼ ਅਤੇ ਸਿੰਘ ਸਾਹਿਬਾਨ ਹਾਜ਼ਰ ਸੰਗਤਾਂ ਨੂੰ ਬਾਣੀ ਅਤੇ ਬਾਣੇ ਦੀ ਮਹਾਨਤਾ ਨਾਲ ਜੋੜ ਕੇ ਸਦਾ ਲਈ ਗੁਰੂ ਵਾਲੇ ਬਣਨ ਲਈ ਪਰੇਰ ਰਹੇ ਹਨ । ਸੰਤ ਬਾਬਾ ਗੁਰਦਿਆਲ ਸਿੰਘ ਜੀ ਨੇ ਸੰਗਤਾਂ ਦੇ ਸਨਮੁੱਖ ਹੁੰਦੇ ਇਸ ਸਮਾਗਮ ਨੂੰ ਸੱਚਖੰਡ ਵਾਸੀ ਬਾਬਾ ਬਲਵੰਤ ਸਿੰਘ ਜੀ ਵਲੋਂ ਚਲਾਈ ਗਈ ਇਕੋਤਰੀ ਪਰੰਪਰਾ ਦੱਸਿਆ ਅਤੇ ਇਕੋਤਰੀ ਸਮਾਗਮ ਨੂੰ ਸਤਿਗੁਰ ਦੇ ਸੰਦੇਸ਼ ਅਤੇ ਸਿੱਖੀ ਸਿਧਾਂਤ ਦਾ ਪ੍ਰਤੀਕ ਦੱਸਿਆ । ਇਕੋਤਰੀ ਸਮਾਗਮ ਮੌਕੇ ਸੰਤ ਬਾਬਾ ਜੋਗਾ ਸਿੰਘ ਜੀ ਰਾਮੂ ਥਿਆੜਾ, ਸੰਤ ਬਾਬਾ ਹਰਵਿੰਦਰ ਸਿੰਘ ਰੌਲੀ ਵਾਲਿਆਂ ਤੋਂ ਇਲਾਵਾ ਸੰਤ ਬਾਬਾ ਗੁਰਦੀਪ ਸਿੰਘ ਜੀ ਖਜਾਲੇ ਵਾਲੇ, ਸੰਤ ਗੁਰਦੀਪ ਸਿੰਘ ਜੀ ਚੰਦ ਪੁਰਾਣੇ ਵਾਲੇ ,ਸੰਤ ਮਨਵੀਰ ਸਿੰਘ ਨਾਨਕਸਰ, ਸੰਤ ਜਸਪਾਲ ਸਿੰਘ ਬੁਰਜ ਲਿਟਾਂ, ਸੰਤ ਬਾਬਾ ਗੁਰਪਾਲ ਸਿੰਘ ਮਹਿਤਪੁਰ ਵਾਲੇ, ਸੰਤ ਅਮਰੀਕ ਸਿੰਘ ਪੜੈਣ, ਸੰਤ ਪ੍ਰੇਮ ਸਿੰਘ ,ਸੰਤ ਬਾਬਾ ਭਰਪੂਰ ਸਿੰਘ ਤੋਂ ਇਲਾਵਾਂ ਹੋਰ ਕਈ ਮਹਾਂਪੁਰਸ਼ਾ ਨੇ ਹਾਜ਼ਰੀ ਭਰੀ । ਵਰਨਣਯੋਗ ਹੈ ਕਿ ਸੰਤ ਬਾਬਾ ਗੁਰਦਿਆਲ ਸਿੰਘ ਜੀ ਨੇ ਸੰਤ ਮਹਾਪੁਰਸ਼ਾ ਦਾ ਇਕੋਤਰੀ ਲੜੀ ਵਿਚ ਹਾਜ਼ਰੀ ਭਰਨ ਤੇ ਸਿਰੋਪਾਉ ਭੇਟ ਕਰ ਕੇ ਸਨਮਾਨ ਵੀ ਕੀਤਾ।



ਨਵਾਂ ਜ਼ਮਾਨਾ
ਸ਼ਨੀਵਾਰ, 4 ਅਕਤੂਬਰ 2025

# ਸੰਘ ਦਾ ਸਿੱਕਾ

*ਰਾਸ਼ਟਰੀ ਸੋਇਮ ਸੇਵਕ ਸੰਘ (ਆਰ ਐੱਸ ਐੱਸ) ਦੇ ਸੌ ਸਾਲ ਪੂਰੇ ਹੋਣ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਿੰਨ ਵਾਰ ਪਾਬੰਦੀ ਦਾ ਸਾਹਮਣਾ ਕਰਨ ਵਾਲੀ ਇਸ ਜਥੇਬੰਦੀ ਦੀ ਆਜ਼ਾਦੀ ਦੇ ਅੰਦੋਲਨ ਵਿੱਚ ਭੂਮਿਕਾ ਤੇ 'ਅੰਗਰੇਜ਼ਾਂ ਦੇ ਅੱਤਿਆਚਾਰ ਸਹਿਣ' ਦਾ ਸਰੇਆਮ ਝੂਠ ਬੋਲਦਿਆਂ ਜਿਹੜਾ ਸਿੱਕਾ ਜਾਰੀ ਕੀਤਾ, ਉਸ ਵਿੱਚ ਭਾਰਤ ਮਾਤਾ ਦੇ ਹੱਥ ਵਿੱਚ ਤਿਰੰਗਾ ਨਹੀਂ, ਭਗਵਾਂ ਝੰਡਾ ਹੈ, ਜਿਹੜਾ ਸੰਘ ਦੀਆਂ ਸ਼ਾਖਾਵਾਂ ਵਿੱਚ ਲਹਿਰਾਇਆ ਜਾਂਦਾ ਹੈ। ਮੋਦੀ ਸਰਕਾਰ ਦੀ ਇਹ ਹਰਕਤ ਭਾਰਤ ਦੇ ਕੌਮੀ ਝੰਡੇ, ਸੰਵਿਧਾਨ ਤੇ ਆਜ਼ਾਦੀ ਦੇ ਸੰਘਰਸ਼ਾਂ ਵਿੱਚ ਦਿੱਤੀਆਂ ਗਈਆਂ ਕੁਰਬਾਨੀਆਂ ਦਾ ਹੀ ਨਹੀਂ, ਸਰਹੱਦਾਂ 'ਤੇ ਸ਼ਹੀਦ ਹੋਣ ਵਾਲੇ ਉਨ੍ਹਾਂ ਸੈਨਕਾਂ ਦਾ ਵੀ ਅਪਮਾਨ ਹੈ, ਜਿਹੜੇ ਤਿਰੰਗੇ ਵਿੱਚ ਲਿਪਟ ਕੇ ਆਪਣੇ ਘਰ ਵਾਪਸ ਆਉਂਦੇ ਹਨ। ਸੰਵਿਧਾਨ ਉੱਤੇ ਹਮਲਾਵਰ ਹੋਣ ਦੇ ਤਮਾਮ ਦੋਸ਼ਾਂ ਨੂੰ ਨਕਾਰਦਿਆਂ ਮੋਦੀ ਵਾਰ-ਵਾਰ ਸੰਵਿਧਾਨ ਨੂੰ ਮੱਥੇ ਨਾਲ ਲਾ ਕੇ ਤਸਵੀਰ ਖਿਚਵਾਉਂਦੇ ਹਨ, ਪਰ ਹਕੀਕਤ ਇਹ ਹੈ ਕਿ ਉਨ੍ਹਾ ਦਾ ਇਹ ਸਿੱਕਾ ਸੰਵਿਧਾਨ ਦੀ ਆਤਮਾ ਨੂੰ ਦਾ.ਗਣ ਵਰਗਾ ਹੈ। ਮੋਦੀ ਜਾਣਦੇ ਹਨ ਕਿ ਅਜੇ ਗੁਰੂ ਗੋਲਵਲਕਰ ਵਾਂਗ ਆਪਣੇ ਸੁਫਨਿਆਂ ਦੇ ਝੰਡੇ ਨੂੰ ਲੈ ਕੇ ਸੱਚ ਬੋਲਣ ਦਾ ਸਮਾਂ ਨਹੀਂ ਆਇਆ ਹੈ। ਤਿਰੰਗੇ ਦੇ ਕੌਮੀ ਝੰਡਾ ਹੋਣ ਦੇ ਐਲਾਨ ਦੇ ਬਾਅਦ ਆਰ ਐੱਸ ਐੱਸ ਦੇ ਤੱਤਕਾਲੀਨ ਮੁਖੀ ਗੁਰੂ ਗੋਲਵਲਕਰ ਨੇ 14 ਅਗਸਤ 1947 ਨੂੰ ਸੰਘ ਦੇ ਅੰਗਰੇਜ਼ੀ ਤਰਜਮਾਨ 'ਆਰਗੇਨਾਈਜ਼ਰ' ਵਿੱਚ ਲਿਖਿਆ ਸੀ-ਜਿਹੜੇ ਲੋਕ ਕਿਸਮਤ ਦੇ ਦਾਅ ਨਾਲ ਸੱਤਾ ਤੱਕ ਪੁੱਜੇ ਹਨ, ਉਹ ਭਲੇ ਹੀ ਸਾਡੇ ਹੱਥਾਂ ਵਿੱਚ ਤਿਰੰਗੇ ਫੜਾ ਦੇਣ, ਪਰ ਹਿੰਦੂਆਂ ਵੱਲੋਂ ਨਾ ਇਸ ਨੂੰ ਕਦੇ ਸਨਮਾਨਤ ਕੀਤਾ ਜਾ ਸਕੇਗਾ ਤੇ ਨਾ ਅਪਣਾਇਆ ਜਾ ਸਕੇਗਾ। ਤਿੰਨ ਦਾ ਅੰਕੜਾ ਆਪਣੇ-ਆਪ ਵਿੱਚ ਅਸ਼ੁੱਭ ਹੈ ਅਤੇ ਇੱਕ ਅਜਿਹਾ ਝੰਡਾ ਜਿਸ ਵਿੱਚ ਤਿੰਨ ਰੰਗ ਹੋਣ, ਬੇਹੱਦ ਖਰਾਬ ਮਨੋਵਿਗਿਆਨਕ ਅਸਰ ਪਾਵੇਗਾ ਤੇ ਦੇਸ਼ ਲਈ ਨੁਕਸਾਨਦੇਹ ਹੋਵੇਗਾ।*

*ਸਰਦਾਰ ਪਟੇਲ ਨੇ ਇਸ ਦੇ ਜਵਾਬ ਵਿੱਚ ਕਿਹਾ ਸੀ ਕਿ ਗੋਲਵਲਕਰ ਨੂੰ ਹਿੰਦੂ ਧਰਮ ਬਾਰੇ ਕੁਝ ਨਹੀਂ ਪਤਾ। ਹਿੰਦੂ ਧਰਮ ਦੇ ਮੁੱਖ ਦੇਵਤਾ ਤਿੰਨ ਹੀ ਹਨ-ਬ੍ਰਹਮਾ, ਵਿਸ਼ਨੂ, ਮਹੇਸ਼। ਸੰਘ ਦੇ ਸੌ ਸਾਲ ਪੂਰੇ ਹੋਣ 'ਤੇ ਮੋਦੀ ਨੇ ਇੱਕ ਡਾਕ ਟਿਕਟ ਵੀ ਜਾਰੀ ਕੀਤੀ, ਜਿਸ ਵਿੱਚ 1963 ਦੀ ਗਣਤੰਤਰ ਦਿਵਸ ਪਰੇਡ ਵਿੱਚ ਸੰਘ ਦੇ ਸੋਇਮ ਸੇਵਕਾਂ ਦੇ ਮਾਰਚ ਦਾ ਚਿੱਤਰ ਹੈ। ਪੂਰਾ ਮੀਡੀਆ ਇਹ ਦੱਸਣ ਵਿੱਚ ਜੁਟ ਗਿਆ ਕਿ ਨਹਿਰੂ ਨੇ ਸੰਘ ਨੂੰ ਗਣਤੰਤਰ ਦਿਵਸ ਦੀ ਪਰੇਡ ਵਿੱਚ ਸੱਦਿਆ ਸੀ। ਸਚਾਈ ਇਹ ਹੈ ਕਿ ਉਸ ਸਾਲ ਗਣਤੰਤਰ ਦਿਵਸ 'ਤੇ ਹੋਣ ਵਾਲੀ ਪਰੇਡ ਹੋਈ ਹੀ ਨਹੀਂ ਸੀ। ਚੀਨ ਨਾਲ ਜੰਗ ਕਾਰਨ ਸੈਨਾਵਾਂ ਮੋਰਚੇ 'ਤੇ ਸਨ। ਉਦੋਂ ਇੱਕ 'ਨਾਗਰਿਕ ਮਾਰਚ' ਕੱਢਣ ਦਾ ਫੈਸਲਾ ਕੀਤਾ ਗਿਆ ਸੀ ਤੇ ਆਮ ਲੋਕਾਂ ਨੂੰ ਇਸ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ ਸੀ। ਇਨ੍ਹਾਂ ਦੀ ਆੜ ਵਿੱਚ ਸੰਘ ਦੇ ਗਣਵੇਸ਼ਧਾਰੀ ਵੀ ਸ਼ਾਮਲ ਹੋ ਗਏ। ਮਹਾਤਮਾ ਗਾਂਧੀ ਦੀ ਹੱਤਿਆ ਨੂੰ ਲੈ ਕੇ ਲੱਗੇ ਦਾਗ ਨੂੰ ਲੁਕੋਂਦੇ ਫਿਰਦੇ ਸੰਘ ਲਈ ਇਹ ਦੇਸ਼ਭਗਤੀ ਦਿਖਾਉਣ ਦਾ ਚੰਗਾ ਮੌਕਾ ਸੀ, ਜਿਸ ਦਾ ਉਸ ਨੇ ਇਸਤੇਮਾਲ ਕੀਤਾ। ਨਾਗਰਿਕ ਹੋਣ ਦੇ ਨਾਤੇ ਉਨ੍ਹਾਂ ਨੂੰ ਮਾਰਚ ਵਿੱਚ ਸ਼ਾਮਲ ਹੋਣ ਤੋਂ ਰੋਕਿਆ ਨਹੀਂ ਗਿਆ ਸੀ।*

*ਦਰਅਸਲ ਝੂਠ ਤੇ ਫਰੇਬ ਵਿੱਚ ਸੰਘ ਤੇ ਉਸ ਦੀਆਂ ਜਥੇਬੰਦੀਆਂ ਦਾ ਕੋਈ ਸਾਨੀ ਨਹੀਂ। ਧਰਮ-ਨਿਰਪੱਖ ਸੰਵਿਧਾਨ ਨੂੰ ਨਸ਼ਟ ਕਰਕੇ ਮਨੂੰਵਾਦੀ ਸਿਧਾਂਤਾਂ 'ਤੇ ਅਧਾਰਤ ਹਿੰਦੂ ਰਾਜ ਬਣਾਉਣਾ ਹੀ ਉਸ ਦਾ ਨਿਸ਼ਾਨਾ ਹੈ। ਉਸ ਨੇ ਭਾਰਤ ਮਾਤਾ ਦੇ ਹੱਥ 'ਚੋਂ ਤਿਰੰਗਾ ਖੋਹ ਕੇ ਭਗਵਾਂ ਫੜਾ ਦਿੱਤਾ ਹੈ, ਜੋ ਸੰਵਿਧਾਨ 'ਤੇ ਸਿੱਧੀ ਸੱਟ ਹੈ, ਪਰ ਮੋਦੀ ਇਹ ਭੁੱਲ ਗਏ ਹਨ ਕਿ ਸੱਤਾ ਦੀ ਤਾਕਤ ਨਾਲ ਚਲਾਇਆ ਗਿਆ ਝੂਠ ਦਾ ਸਿੱਕਾ ਇਤਿਹਾਸ ਦੇ ਕੂੜੇਦਾਨ ਵਿੱਚ ਜਾਂਦਾ ਹੈ। ਇਤਿਹਾਸ ਵਿੱਚ ਸਿਰਫ ਸੱਚ ਦਾ ਸਿੱਕਾ ਚਲਦਾ ਹੈ।*

## ਮੱਝਾਂ ਅੱਗੇ ਬੀਨ !

*ਅੱਗ ਨਾਲ,*
*ਅੱਗ ਨਹੀਂ ਬੁਝਦੀ।*
*ਪਾਣੀ ਪਾਉਣਾ ਪੈਂਦਾ ਹੈ,*
*ਛਾਵਾਂ ਥੱਲੇ ਬੈਠਣ ਦੇ ਲਈ,*
*ਰੁੱਖ ਲਗਾਉਣਾ ਪੈਂਦਾ ਹੈ।*
*ਵੱਤ ਹੱਥੋਂ ਨਾ ਨਿਕਲ ਜਾਵੇ,*
*ਖੇਤ ਨੂੰ ਵਾਹੁਣਾ ਪੈਂਦਾ ਹੈ।*
*ਦੋਸਤ ਜੇਕਰ ਰੁੱਸ ਜਾਏ ਤਾਂ,*
*ਆਪ ਮਨਾਉਣਾ ਪੈਂਦਾ ਹੈ।*
*ਰਾਗਾਂ ਦੇ ਘੇਰੇ ਦੇ ਅੰਦਰ।*
*ਬੇਸੁਰ ਗਾਉਣਾ ਪੈਂਦਾ ਹੈ,*
*ਮੱਝਾਂ ਅੱਗੇ ਰੋਜ਼ ਸਵੇਰੇ।*
*ਬੀਨ ਵਜਾਉਣਾ ਪੈਂਦਾ ਹੈ।*

*-ਗੁਲਪੁਰ*

# ਪ੍ਰਵਾਸੀ ਪੰਜਾਬੋਂ ਬਾਹਰ ਭਜਾਓ ਮੁਹਿੰਮ ਪਿੱਛੇ ਕੌਣ ?

ਭਈਏ ਸਾਨੂੰ ਗੰਦ ਖੁਆਈ ਜਾਂਦੇ ਨੇ, ਉਹ ਸਾਡੇ ਸੱਭਿਆਚਾਰ ਨੂੰ ਤਹਿਸ-ਨਹਿਸ ਕਰ ਰਹੇ ਹਨ। ਉਹ ਸਾਡੇ ਬੱਚਿਆਂ ਲਈ, ਪਰਿਵਾਰਾਂ ਲਈ ਖ਼ਤਰਾ ਹਨ। ਇੱਕ ਵੇਲਾ ਸੀ ਜਦੋਂ ਕਿਸਾਨ ਰਾਤਾਂ ਨੂੰ ਉਨੀਂਦਰੇ ਰੇਲਵੇ ਸਟੇਸ਼ਨਾਂ 'ਤੇ ਪ੍ਰਵਾਸੀ ਮਜ਼ਦੂਰਾਂ ਦੇ ਗੱਡੀ 'ਚੋਂ ਉਤਰਨ ਦਾ ਇੰਤਜ਼ਾਰ ਕਰਿਆ ਕਰਦੇ ਸਨ ਅਤੇ ਆਪਣੇ ਖੇਤਾਂ-ਹਵੇਲੀਆਂ ਅੰਦਰ ਉਹਨਾਂ ਦੇ ਠਹਿਰਨ ਦਾ ਖੁਸ਼ੀ-ਖੁਸ਼ੀ ਇੰਤਜ਼ਾਮ ਕਰਿਆ ਕਰਦੇ ਸਨ, ਪਰ ਅੱਜ ਸੋਸ਼ਲ ਮੀਡੀਆ 'ਤੇ ਪ੍ਰਵਾਸੀ ਭਜਾਓ, ਭਈਏ ਭਜਾਓ ਦੀ ਕਾਵਾਂਰੌਲੀ ਸੋਸ਼ਲ ਮੀਡੀਆ 'ਤੇ ਬਹੁਤ ਹੀ ਜ਼ੋਰ-ਸ਼ੋਰ ਨਾਲ ਪਾਈ ਜਾ ਰਹੀ ਹੈ। ਨਾ ਸਿਰਫ ਕਾਵਾਂਰੌਲੀ ਬਲਕਿ ਕਈ ਥਾਵਾਂ 'ਤੇ ਪ੍ਰਵਾਸੀਆਂ ਨੂੰ ਖੱਜਲ-ਖੁਆਰ ਕਰਨ ਦੀਆਂ ਇੱਕਾਦੁੱਕਾ ਘਟਨਾਵਾਂ ਵੀ ਸਾਹਮਣੇ ਆਈਆਂ ਹਨ। ਇਸ ਕਾਵਾਂਰੌਲੀ ਦਾ ਤਾਜ਼ਾ ਸਬੱਬ ਬਣਾਇਆ ਜਾ ਰਿਹਾ ਹੈ ਇੱਕ ਪ੍ਰਵਾਸੀ ਵੱਲੋਂ ਹੁਸ਼ਿਆਰਪੁਰ ਦੇ ਪੰਜ ਸਾਲਾ ਬੱਚੇ ਹਰਵੀਰ ਦਾ ਬੇਰਹਿਮੀ ਨਾਲ ਕਤਲ ਕੀਤੇ ਜਾਣਾ। ਇਸ ਗੱਲ 'ਚ ਕੋਈ ਦੋ ਰਾਵਾਂ ਨਹੀਂ ਹਨ ਕਿ ਅਣਭੋਲ ਬਾਲਕ ਨੂੰ ਮੌਤ ਦੇ ਘਾਟ ਉਤਾਰਨ ਵਾਲੇ ਬੁਜ਼ਦਿਲ ਸ਼ਖਸ ਦੀ ਪਹਿਚਾਣ ਹੋਣ ਦੇ ਨਾਲ-ਨਾਲ ਉਹਨੂੰ ਕਾਨੂੰਨ ਮੁਤਾਬਕ ਬਣਦੀ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ, ਪਰ ਇਹਦਾ ਮਤਲਬ ਇਹ ਨਹੀਂ ਬਣਦਾ ਕਿ ਸਾਰੇ ਪ੍ਰਵਾਸੀ ਭਾਈਚਾਰੇ ਨੂੰ ਹੀ ਦੋਸ਼ੀ ਕਰਾਰ ਦੇ ਦਿੱਤਾ ਜਾਵੇ ਅਤੇ ਉਸ ਭਾਈਚਾਰੇ ਵਿਰੁੱਧ ਅੱਗ ਵਰਤਾਈ ਜਾਵੇ। ਇਸ ਪ੍ਰਵਾਸੀ ਭਜਾਓ ਵਰਤਾਰੇ ਨੂੰ ਬਿਨਾਂ ਕੋਈ ਡੂੰਘੀ ਵਿਚਾਰ ਕੀਤਿਆਂ ਸਿਰਫ਼ ਕੁਝ ਕੁ ਸਿਰਫਿਰਿਆਂ ਸਿਰ ਦੋਸ਼ ਮੜ੍ਹ ਕੇ ਛੱਡ ਦੇਣਾ ਕੋਈ ਢੁਕਵਾਂ ਜੁਆਬ ਨਹੀਂ ਬਣਦਾ। ਇਸ ਮਾਮਲੇ ਦੀਆਂ ਡੂੰਘੀਆਂ ਤਹਿਆਂ ਫਰੋਲਣੀਆਂ ਪੈਣਗੀਆਂ। ਇਹਨੂੰ ਸਾਡੇ ਮੁਲਕ ਦੇ ਸਮੁੱਚੇ ਆਰਥਕ ਤੇ ਸਿਆਸੀ ਢਾਂਚੇ ਦੇ ਪ੍ਰਸੰਗ 'ਚ ਵਿਚਾਰਿਆਂ ਹੀ ਕਿਸੇ ਫਲਦਾਇਕ ਸਿੱਟੇ 'ਤੇ ਪਹੁੰਚਿਆ ਜਾ ਸਕਦਾ ਹੈ ਅਤੇ ਕੋਈ ਢੁਕਵੀਂ ਵਿਓਂਤਬੰਦੀ ਕੀਤੀ ਜਾ ਸਕਦੀ ਹੈ।

ਕੁਝ ਸੱਜਣ ਇਹ ਕਹਿੰਦੇ ਹਨ ਕਿ ਇਹ ਵਰਤਾਰਾ ਇਸ ਕਰਕੇ ਸਾਹਮਣੇ ਆਇਆ ਹੈ ਕਿ ਪ੍ਰਵਾਸੀ ਇੱਥੇ ਆ ਕੇ ਸਾਡੀਆਂ ਧੀਆਂ-ਭੈਣਾਂ ਨੂੰ ਮਾੜੀ ਨਜ਼ਰ ਨਾਲ ਦੇਖਦੇ ਹਨ ਅਤੇ ਉਹਨਾਂ ਨੂੰ ਉਧਾਲ ਕੇ ਲੈ ਜਾਂਦੇ ਹਨ ਜਾਂ ਫਿਰ ਲੈ ਜਾਣਗੇ। ਪੰਜਾਬ ਅੰਦਰ ਇਹਨਾਂ ਭਈਆਂ ਦੀ ਗਿਣਤੀ ਵਧ ਜਾਣ ਨਾਲ ਪੰਜਾਬ ਅੰਦਰ ਡੈਮੋਗਰਾਫਿਕ ਤਬਦੀਲੀਆਂ ਆ ਜਾਣਗੀਆਂ, ਯਾਨੀ ਕਿ ਆਬਾਦੀ ਦੀ ਬਣਤਰ ਬਦਲ ਜਾਣ ਨਾਲ ਆਬਾਦੀ ਦਾ ਤਨਾਸਬ ਬਿਖ਼ਰ ਜਾਵੇਗਾ ਅਤੇ ਇਸ ਨਾਲ ਪੰਜਾਬ ਦੀ ਨਿਵੇਕਲੀ ਪਛਾਣ ਖ਼ਤਮ ਹੋ ਜਾਵੇਗੀ। ਪੰਜਾਬੀ ਕੌਮ ਖ਼ਤਮ ਹੋ ਜਾਵੇਗੀ ਆਦਿ ਦੇ ਖ਼ਦਸ਼ੇ ਵੀ ਪ੍ਰਗਟ ਕੀਤੇ ਗਏ ਹਨ।

ਇਸ ਦੀ ਤਹਿ ਫਰੋਲਣ ਲਈ ਇਹ ਦੇਖੀਏ ਕਿ ਅਜਿਹੀ ਕਿਸਮ ਦਾ ਰੌਲਾ-ਰੱਪਾ ਹੁਣੇ ਹੀ ਕਿਉਂ ਸਾਹਮਣੇ ਆਇਆ ਹੈ ਅਤੇ ਇਹਨੂੰ ਹਵਾ ਦੇਣ ਵਾਲੇ ਕੌਣ ਹਨ? ਅਸੀਂ ਦੇਖਦੇ ਹਾਂ ਕਿ ਇਹ ਗੱਲ ਅੱਜ ਹੀ ਕਿਉਂ ਸਾਹਮਣੇ ਆਈ? ਅਗਸਤ ਮਹੀਨੇ ਦੇ ਅੰਤਲੇ ਹਫਤੇ 'ਚ ਆਏ ਮਾਨਸੂਨ ਦੇ ਭਾਰੇ ਮੀਹਾਂ ਨੇ ਉੱਤਰੀ ਭਾਰਤ ਦੇ ਹੋਰਨਾਂ ਇਲਾਕਿਆਂ ਦੇ ਨਾਲ-ਨਾਲ ਪੰਜਾਬ ਦੇ 13 ਜ਼ਿਲ੍ਹਿਆਂ ਦੇ 2100 ਤੋਂ ਵਧੇਰੇ ਪਿੰਡਾਂ ਦੇ ਲੱਖਾਂ ਲੋਕਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। 56 ਕੀਮਤੀ ਜਾਨਾਂ, ਲੱਖਾਂ ਏਕੜ ਫ਼ਸਲਾਂ, ਪਸ਼ੂ-ਡੰਗਰ, ਹਰਾ ਚਾਰਾ, ਮਕਾਨ, ਟਰੈਕਟਰ ਆਦਿ ਖੇਤੀ ਮਸ਼ੀਨਰੀ ਤੇ ਘਰਾਂ ਦੇ ਆਮ ਸਮਾਨ ਦਾ ਵੱਡੇ ਪੱਧਰ 'ਤੇ ਬੇਹਿਸਾਬਾ ਨੁਕਸਾਨ ਕੀਤਾ ਹੈ। ਇਸ ਦੁੱਖ ਦੀ ਘੜੀ ਅੰਦਰ ਸਰਕਾਰ ਜਾਂ ਸਰਕਾਰੀ ਮਸ਼ੀਨਰੀ ਨਾਂਅ ਦੀ ਚੀਜ਼ ਨਾਦਾਰਦ ਸੀ। ਲੋਕਾਂ ਦੀ ਭਾਈਚਾਰਕ ਸਾਂਝ ਨੇ ਹੀ ਇੱਕ-ਦੂਜੇ ਦਾ ਹੱਥ ਵੰਡਾਇਆ ਅਤੇ ਲੋਕਾਂ ਨੂੰ ਰਾਹਤ ਪਹੁੰਚਾਈ ਹੈ। ਹੁਣ ਜਦੋਂ ਮੀਂਹਾਂ ਦਾ ਸੀਜ਼ਨ ਖ਼ਤਮ ਹੋ ਗਿਆ ਹੈ ਤਾਂ ਲੋਕਾਂ ਦੇ ਮਨਾਂ ਅੰਦਰ ਸਰਕਾਰੀ ਇਮਦਾਦ ਹਾਸਲ ਨਾ ਹੋਣ ਸੰਬੰਧੀ ਅਤੇ ਨੁਕਸਾਨੀ ਗਈ ਜਾਇਦਾਦ ਤੇ ਫ਼ਸਲਾਂ ਦੇ ਮੁਆਵਜ਼ੇ ਦੀ ਗੱਲ ਉਠਾਈ ਜਾਣੀ ਹੈ ਅਤੇ ਜ਼ੁੰਮੇਵਾਰੀ ਫਿਕਸ ਕੀਤੀ ਜਾਣੀ ਹੈ, ਹੜ੍ਹਾਂ ਕਾਰਨ ਫ਼ੈਲੀਆਂ ਬਿਮਾਰੀਆਂ ਵਰਗੀਆਂ ਮੈਡੀਕਲ ਸਮੱਸਿਆਵਾਂ ਨਾਲ ਜੂਝ ਰਹੇ ਹੜ੍ਹ ਪੀੜਤਾਂ ਨੂੰ ਕੋਈ ਰਾਹਤ ਪਹੁੰਚਾਈ ਜਾਣੀ ਹੈ ਤਾਂ ਹਾਕਮਾਂ ਨੂੰ ਲੋਕਾਂ ਦੇ ਇਸ ਗੁੱਸੇ ਦਾ ਡਰ ਲਗਾਤਾਰ ਹੀ ਸਤਾ ਰਿਹਾ ਹੈ। ਇਹ ਪਹਿਲੀ ਵਾਰ ਨਹੀਂ ਕਿ ਅਜਿਹਾ ਕੁਝ ਵਾਪਰਿਆ ਹੈ। ਜਦੋਂ ਕਦੇ ਵੀ ਲੋਕ ਸਰਕਾਰ ਸਾਹਮਣੇ ਕੋਈ ਸਵਾਲ ਉਠਾਉਂਦੇ ਹਨ ਤਾਂ ਹਾਕਮਾਂ ਵੱਲੋਂ ਕੋਈ ਨਾ ਕੋਈ ਅਜਿਹਾ ਵੰਝ ਗੱਡਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਜੋ ਲੋਕਾਂ ਦਾ ਧਿਆਨ ਸਹੀ ਨਿਸ਼ਾਨੇ ਵੱਲ ਸੇਧਤ ਲੜਾਈ ਤੋਂ ਭਟਕਾਇਆ ਜਾ ਸਕੇ। ਪਿਛਲੇ ਇਤਿਹਾਸਕ ਕਿਸਾਨ ਘੋਲ ਦੌਰਾਨ ਵੀ ਧਰਮਾਂ-ਖਿੱਤਿਆਂ ਤੋਂ ਨਿਰਪੱਖ ਕਿਸਾਨਾਂ ਦੀ ਮਿਸਾਲੀ ਭਾਈਚਾਰਕ ਏਕਤਾ ਨੂੰ ਸੰਨ੍ਹ ਮਾਰਨ ਲਈ ਅਜਿਹਾ ਬਹੁਤ ਕੁਝ ਕਰਨ ਦੀਆਂ ਕੋਸ਼ਿਸ਼ਾਂ ਹਾਕਮਾਂ ਸਮੇਤ ਲੋਕ ਵਿਰੋਧੀ ਅਨਸਰਾਂ ਨੇ ਕੀਤੀਆਂ ਸਨ।


ਡਾ. ਬਲਜਿੰਦਰ ਸਿੰਘ

ਸੁਆਲ ਉੱਠਦਾ ਹੈ ਕਿ ਆਮ ਲੋਕ ਅਜਿਹੇ ਸਮਾਜ ਵਿਰੋਧੀ ਅਨਸਰਾਂ ਦੇ ਝਾਂਸੇ 'ਚ ਆ ਕੇ ਆਪਣੇ ਹੀ ਭਰਾਵਾਂ ਸੰਗ ਆਢ੍ਹਾ ਲਾਉਣ ਨੂੰ ਰਾਜ਼ੀ ਕਿਵੇਂ ਹੋ ਜਾਂਦੇ ਹਨ? ਮੁਲਕ ਅੰਦਰ ਵੱਡੀ ਪੱਧਰ 'ਤੇ ਫੈਲੀ ਬੇਰੁਜ਼ਗਾਰੀ ਇੱਕ ਅਜਿਹਾ ਕਾਰਕ ਹੈ, ਜਿਹੜਾ ਅਜਿਹੇ ਲੋਕ ਵਿਰੋਧੀ ਅਨਸਰਾਂ ਲਈ ਰਿਜ਼ਰਵ ਫੋਰਸ ਯਾਨੀ ਕਿ ਸਟੋਰ ਹਾਊਸ ਦਾ ਕੰਮ ਕਰਦਾ ਹੈ ਅਤੇ ਇਹ ਗਰੀਬੀ-ਭੁੱਖਮਰੀ ਦੇ ਸਤਾਏ ਚੰਦ ਦਮੜਿਆਂ ਦੇ ਲਾਲਚ ਵੱਸ ਬਿਨਾਂ ਕੋਈ ਸੋਚ-ਵਿਚਾਰ ਕੀਤਿਆਂ ਲੋਕ ਵਿਰੋਧੀ ਸਿਆਸੀ ਪਾਰਟੀਆਂ ਅਤੇ ਸੰਸਥਾਵਾਂ ਦੇ ਮਗਰ ਲੱਗ ਆਪਸੀ ਭਰਾਮਾਰ ਜੰਗ ਅੰਦਰ ਜਾ ਸ਼ਾਮਲ ਹੁੰਦੇ ਹਨ। ਅੰਕੜਿਆਂ 'ਤੇ ਇੱਕ ਮੋਟੀ ਝਾਤ ਹੀ ਇਸ ਗੱਲ ਦੀ ਸ਼ਾਹਦੀ ਭਰਦੀ ਹੈ ਕਿ 2021 ਦੀ ਜਨਗਣਨਾ ਨਾ ਕੀਤੇ ਜਾਣ ਕਰਕੇ ਇਸ ਤੋਂ ਪਹਿਲਾਂ ਹੋਈ 2011 ਦੀ ਜਨਗਣਨਾ ਮੁਤਾਬਕ ਪੰਜਾਬ ਦੀ ਕੁੱਲ ਆਬਾਦੀ 2.77 ਕਰੋੜ ਹੈ, ਜਿਸ 'ਚੋਂ 98.97 ਲੱਖ ਕੰਮ ਕਰਨ ਵਾਲੇ ਹਨ। 22.22 ਲੱਖ ਲੋਕ ਬੇਰੁਜ਼ਗਾਰ ਹਨ, 15.55 ਲੱਖ ਕੰਮ ਦੀ ਤਲਾਸ਼ 'ਚ ਹਨ ਅਤੇ 14.46 ਲੱਖ ਨੂੰ ਕਦੇ-ਕਦਾਈਂ ਕੰਮ ਮਿਲ ਜਾਂਦਾ ਹੈ ਕਦੇ ਨਹੀਂ। ਜਿਨ੍ਹਾਂ ਨੂੰ ਕੰਮ ਮਿਲਦਾ ਵੀ ਹੈ, ਉਹ ਵੀ 3-6 ਮਹੀਨੇ ਹੀ ਕੰਮ ਕਰਦੇ ਹਨ। 18-29 ਸਾਲ ਦੀ ਉਮਰ ਵਾਲੇ ਨੌਜਵਾਨਾਂ ਅੰਦਰ ਬੇਰੁਜ਼ਗਾਰੀ ਦੀ ਦਰ 16.6% ਹੈ, ਜਦਕਿ ਇਹੀ ਦਰ ਮੁਲਕ ਪੱਧਰ 'ਤੇ 10.2% ਹੈ। 2015-16 ਮੁਤਾਬਕ ਪੰਜਾਬ ਦੇ ਨੌਜਵਾਨਾਂ ਅੰਦਰ ਬੇਰੁਜ਼ਗਾਰੀ ਦੀ ਦਰ 16.5% ਹੈ ਜਦਕਿ ਮੁਲਕ ਪੱਧਰ 'ਤੇ ਇਹੀ ਦਰ 7% ਘੱਟ ਯਾਨੀ ਕਿ 9.2% ਹੀ ਹੈ। ਨੈਸ਼ਨਲ ਸੈਂਪਲ ਸਰਵੇ ਦੇ ਅਠਾਰਵੇਂ ਰਾਊਂਡ ਮੁਤਾਬਕ ਪੰਜਾਬ ਦੇ ਬੇਰੁਜ਼ਗਾਰਾਂ 'ਚੋਂ 72% ਪੜ੍ਹੇ-ਲਿਖੇ ਹਨ ਅਤੇ ਇਨ੍ਹਾਂ 'ਚੋਂ 22% ਤਕਨੀਕੀ ਯੋਗਤਾ ਪ੍ਰਾਪਤ ਹਨ, ਜਦਕਿ 78% ਗੈਰ-ਤਕਨੀਕੀ ਯੋਗਤਾ ਹਾਸਲ ਹਨ।

ਸਾਮਰਾਜਵਾਦ ਤੇ ਕਾਰਪੋਰੇਟੀ ਵਿਕਾਸ ਮਾਡਲ ਵੀ ਲੋਕਾਂ ਅੰਦਰ ਫੈਲੀ ਬੇਚੈਨੀ ਦਾ ਇੱਕ ਕਾਰਨ ਹੈ। ਆਪਣੀ ਪੂੰਜੀ ਨੂੰ ਸੁਰੱਖਿਅਤ ਰੱਖਣ ਤੇ ਵਧਾਉਣ ਦੇ ਨਾਂਅ ਹੇਠ ਕੀਤਾ ਵਿਕਾਸ ਬਹੁਤ ਹੀ ਅਸਾਵਾਂ ਹੁੰਦਾ ਹੈ। ਭਾਰਤਮਾਲਾ ਸੜਕਾਂ ਦਾ ਨਿਰਮਾਣ, ਝੋਨੇ ਦੀ ਪੰਜਾਬ ਅੰਦਰ ਖੇਤੀ ਨੂੰ ਉਤਸ਼ਾਹਤ ਕਰਨਾ, ਇੱਕ ਪਾਸੇ ਪਰਾਲੀ ਸਾੜ ਕੇ ਪ੍ਰਦੂਸ਼ਣ ਫੈਲਾਉਣ ਦੇ ਦੋਸ਼ ਹੇਠ ਕਿਸਾਨਾਂ 'ਤੇ ਕੇਸ ਮੜ੍ਹਨੇ ਅਤੇ ਆਪਣੇ ਮਾਡਲ ਤਹਿਤ ਅਜਿਹੀਆਂ ਸਨਅਤਾਂ ਨੂੰ ਉਤਸ਼ਾਹਤ ਕਰਨਾ, ਜਿਹੜੀਆਂ ਪ੍ਰਦੂਸ਼ਣ ਫੈਲਾ ਕੇ ਲੋਕਾਂ ਨੂੰ ਕੈਂਸਰ, ਫੇਫੜਿਆਂ ਅਤੇ ਹੋਰ ਜਾਨਲੇਵਾ ਬਿਮਾਰੀਆਂ ਦੀ ਗ੍ਰਿਫ਼ਤ 'ਚ ਲਿਆ ਰਹੀਆਂ ਹਨ। ਅਜਿਹੇ ਅਸਾਵੇਂ ਵਿਕਾਸ ਨਾਲ ਲੋਕਾਂ ਦਾ ਚੌਤਰਫੀ ਵਿਕਾਸ ਕਿਸੇ ਰੂਪ 'ਚ ਵੀ ਸੰਭਵ ਨਹੀਂ, ਬਲਕਿ ਉਨ੍ਹਾਂ ਦੀ ਜ਼ਿੰਦਗੀ ਤਾਂ ਹੋਰ ਵੀ ਬਦਤਰ ਹੋ ਰਹੀ ਹੈ। ਲੋਕਾਂ ਅੰਦਰ ਬੇਚੈਨੀ ਦਾ ਇਹ ਵੀ ਇੱਕ ਕਾਰਨ ਹੈ।

ਆਪਣਾ ਉੱਲੂ ਸਿੱਧਾ ਕਰਨ ਲਈ ਹਾਕਮ ਬਹੁਤ ਸਾਰੇ ਮਸਲਿਆਂ ਨੂੰ ਲੋਕਾਂ ਦੀ ਆਮ ਰਾਇ ਨਾਲ ਹੱਲ ਕਰਨ ਦੀ ਬਜਾਏ ਆਪਣੇ ਹਿੱਤਾਂ ਮੁਜਬ ਹੱਲ ਕਰਦੇ ਹਨ। ਹਿੰਦੋਸਤਾਨ ਵਰਗਾ ਵਿਸ਼ਾਲ ਮੁਲਕ ਭਾਸ਼ਾਵਾਂ, ਪਹਿਰਾਵੇ, ਤਹਿਜ਼ੀਬ, ਧਰਮ, ਧਾਰਮਿਕ ਅਕੀਦਾ, ਜਾਤ-ਪਾਤ, ਜਨਜਾਤੀ ਤੇ ਆਦਿਵਾਸੀ ਕਬਾਇਲ਼ੀ ਲੋਕਾਂ ਆਦਿ ਵੱਖੋ-ਵੱਖਰੀਆਂ ਵੰਨਗੀਆਂ ਦੇ ਲੋਕਾਂ ਦਾ ਬਣਿਆ ਹੋਇਆ ਹੈ। ਅਜਿਹੇ ਵਖਰੇਵਿਆਂ ਨੂੰ ਨਜ਼ਰਅੰਦਾਜ਼ ਕਰਦਿਆਂ ਆਪਣੇ ਹੀ ਹਿੱਤਾਂ ਮੁਜਬ ਇਲਾਕਾਈ ਹੱਦਬੰਦੀਆਂ ਮੁਕੱਰਰ ਕਰਨੀਆਂ, ਅਲੱਗ-ਅਲੱਗ ਇਲਾਕਿਆਂ ਦੀਆਂ ਬੋਲੀਆਂ ਨੂੰ ਪਾਸੇ ਰੱਖਦਿਆਂ ਹਿੰਦੀ ਨੂੰ ਕੌਮੀ ਭਾਸ਼ਾ ਦਾ ਰੁਤਬਾ ਦੇ ਕੇ ਮੁਲਕ ਦੇ ਸਮੂਹ ਲੋਕਾਂ ਸਿਰ ਮੜ੍ਹਣ ਵਰਗੇ ਕਦਮ ਜਿੱਥੇ ਇੱਕ ਪਾਸੇ ਲੋਕਾਂ ਅੰਦਰ ਪਨਪਦੇ ਰਹਿੰਦੇ ਹਨ ਅਤੇ ਨਾਲ ਹੀ ਉਹ ਗੱਦੀ 'ਤੇ ਬਿਰਾਜਮਾਨ ਹਾਕਮਾਂ ਅਤੇ ਸੱਤਾ ਤੋਂ ਬਾਹਰ ਰਹਿ ਰਹੇ ਹਾਕਮ ਹਿੱਸਿਆਂ ਨੂੰ ਵੀ ਅਜਿਹੀ ਜ਼ਰਖੇਜ਼ ਭੋਇੰ ਮੁਹੱਈਆ ਕਰਵਾਉਂਦੇ ਹਨ, ਜਿਹੜੀ ਲੋਕਾਂ ਦੇ ਜਾਇਜ਼ ਤੇ ਹੱਕੀ ਸੰਘਰਸ਼ਾਂ ਨੂੰ ਭਟਕਾਉਣ ਤੇ ਲੀਹੋਂ ਲਾਹੁਣ 'ਚ ਵੀ ਸਹਾਈ ਹੁੰਦੀ ਹੈ।

ਪ੍ਰਵਾਸ, ਹਿਜ਼ਰਤ, ਇੰਮੀਗ੍ਰੇਸ਼ਨ, ਸੱਤ ਸਮੁੰਦਰੋਂ ਪਾਰ ਆਦਿ ਕਿੰਨੇ ਹੀ ਲਫ਼ਜ਼ ਹਨ, ਜਿਹੜੇ ਕਿਸੇ ਵਿਅਕਤੀ ਦੇ ਇੱਕ ਥਾਂ ਤੋਂ ਕਿਸੇ ਦੂਜੇ ਥਾਂ 'ਤੇ ਜਾ ਵਸਣ ਨੂੰ ਬਿਆਨਦੇ ਹਨ। ਆਮ ਕਰਕੇ ਇਹ ਪ੍ਰਵਾਸ ਕਿਸੇ ਵਿਅਕਤੀ ਵੱਲੋਂ ਰੁਜ਼ਗਾਰ ਲਈ ਜਾਂ ਫਿਰ ਆਪਣੇ ਲਈ ਵਧੀਆ ਖੁਸ਼ਗਵਾਰ ਹਾਲਤਾਂ ਦੀ ਤਲਾਸ਼ ਕਰਨਾ ਹੈ। ਅਜਿਹੇ ਹਾਲਾਤ ਮੁੱਢ ਤੋਂ ਹੀ ਬਣਦੇ ਰਹੇ ਹਨ ਕਿ ਕਿਸੇ ਥਾਂ 'ਤੇ ਹਾਲਤਾਂ ਅਗਰ ਲੋਕਾਂ ਦੇ ਰਹਿਣ ਲਈ ਮੁਆਫ਼ਕ ਨਾ ਰਹੀਆਂ ਤਾਂ ਉਹ ਥਾਂ ਛੱਡ ਕੇ ਕਿਸੇ ਹੋਰ ਥਾਂ ਜਾ ਰਹਿਣ ਲੱਗ ਪਏ। ਮਨੁੱਖ ਜਾਤੀ ਨੇ ਆਪਣੇ ਮੁੱਢ ਤੋਂ ਹੀ ਅਜਿਹੀਆਂ ਨਾਖੁਸ਼ਗਵਾਰ ਤੇ ਖੁਸ਼ਗਵਾਰ ਹਾਲਤਾਂ ਦਾ ਸਾਹਮਣਾ ਕੀਤਾ ਹੈ ਅਤੇ ਇਹਦਾ ਹੀ ਨਤੀਜਾ ਹੈ ਕਿ ਅੱਜ ਦਾ ਮਨੁੱਖ ਸਾਰੀ ਦੁਨੀਆ 'ਤੇ ਛਾਇਆ ਹੋਇਆ ਹੈ।

ਮਨੁੱਖਾ ਇਤਿਹਾਸ ਨੇ ਕਰਵਟ ਲਈ ਅਤੇ ਆਪੋ ਆਪਣੇ ਕਬੀਲੇ, ਪਰਿਵਾਰ ਆਦਿ ਦੀ ਸਲਾਮਤੀ ਬਣਾਈ ਰੱਖਣ ਲਈ ਖੋਹ-ਖਿੰਝ ਦੀ ਲੜਾਈ 'ਚ ਆਪੋ 'ਚ ਇਸ ਧਰਤੀ 'ਤੇ ਲਕੀਰਾਂ ਵਾਹ ਲਈਆਂ। ਇਹ ਮੁਲਕ, ਇਹ ਇਲਾਕਾ, ਇਹ ਦੇਸ਼, ਇੱਹ ਖਿੱਤਾ ਮੇਰਾ ਹੈ, ਇਹ ਤੇਰਾ ਹੈ। ਇਓਂ ਕਰਕੇ ਦੇਸ਼, ਮੁਲਕ ਆਦਿ ਹੋਂਦ 'ਚ ਆਏ। ਇਹ ਵੀ ਲੋਕਾਂ ਨੂੰ ਇੱਕ ਖਾਸ ਧਿਰ ਨਾਲ ਬੰਨ੍ਹਣ ਦਾ ਸਬੱਬ ਬਣਾਏ ਜਾਂਦੇ ਹਨ।

ਇੱਕ ਬੜਾ ਵੱਡਾ ਰੌਲਾ ਮਚਾਇਆ ਜਾ ਰਿਹਾ ਹੈ ਕਿ ਪ੍ਰਵਾਸੀਆਂ ਦੇ ਇੱਥੇ ਰਹਿਣ ਨਾਲ ਤੇ ਉਨ੍ਹਾਂ ਦੀ ਗਿਣਤੀ ਵਧ ਜਾਣ ਨਾਲ ਆਬਾਦੀ ਅੰਦਰ ਅਸੰਤੁਲਨ ਪੈਦਾ ਹੋ ਜਾਂਦਾ ਹੈ। ਫੇਸਬੁਕ 'ਤੇ ਇੱਕ ਬੜੀ ਸੁਲਝੀ ਹੋਈ ਪੋਸਟ ਇਸ ਬਾਰੇ ਸਾਰੇ ਭੁਲੇਖਿਆਂ ਨੂੰ ਦੂਰ ਕਰਨ ਲਈ ਕਾਫ਼ੀ ਹੈ। 2011 ਦੀ ਪਿਛਲੀ ਮਰਦਮਸ਼ੁਮਾਰੀ 'ਚ ਪੰਜਾਬ ਅੰਦਰ 13 ਲੱਖ ਪ੍ਰਵਾਸੀ ਸਨ। ਉਹ ਪੋਸਟ ਕਹਿੰਦੀ ਹੈ ਕਿ ਮੰਨ ਲਓ ਅੱਜ ਇਹ ਗਿਣਤੀ 30 ਲੱਖ ਵੀ ਹੋ ਗਈ ਹੋਊ, ਤਾਂ ਵੀ ਉਹ ਕੁੱਲ ਆਬਾਦੀ ਦਾ 0.85 ਫੀਸਦੀ ਹੀ ਬਣਦੀ ਹੈ। ਇਸੇ ਹੀ ਸਮੇਂ 2021 ਵਿੱਚ ਕੈਨੇਡਾ ਅੰਦਰ ਵੱਸਦੇ ਹਿੰਦੋਸਤਾਨੀਆਂ ਦੀ ਆਬਾਦੀ 3.3 ਫੀਸਦੀ ਸੀ, ਇਹਦੇ 'ਚੋਂ ਪੰਜਾਬੀਆਂ ਦੀ ਗਿਣਤੀ 2.1 ਫੀਸਦੀ ਹੈ। ਸਿੰਗਾਪੁਰ ਅੰਦਰ ਹਿੰਦੋਸਤਾਨੀਆਂ ਦੀ 9% ਹੈ, ਜਦਕਿ ਪੰਜਾਬੀਆਂ ਦੀ 0.85% ਹੈ। ਆਸਟਰੇਲੀਆ ਵਿੱਚ ਹਿੰਦੋਸਤਾਨੀਆਂ ਦੀ ਆਬਾਦੀ 3.2% ਹੈ, ਜਦਕਿ ਪੰਜਾਬੀਆਂ ਦੀ ਗਿਣਤੀ 0.9% ਹੈ। ਇਹਨਾਂ ਮੁਲਕਾਂ ਅੰਦਰ ਤਾਂ ਪੰਜਾਬੀਆਂ ਨੇ ਉਹਨਾਂ ਲੋਕਾਂ ਦੇ ਆਬਾਦੀ ਤਨਾਸਬ ਨੂੰ ਪ੍ਰਭਾਵਤ ਨਹੀਂ ਕੀਤਾ ਤੇ ਨਾ ਹੀ ਸੱਭਿਆਚਾਰ ਨੂੰ ਕੋਈ ਨੁਕਸਾਨ ਪਹੁੰਚਾਇਆ ਹੈ। ਅਸਲ 'ਚ ਸੱਭਿਆਚਾਰ ਨੂੰ ਨੁਕਸਾਨ ਬਾਹਰੋਂ ਨਹੀਂ, ਅੰਦਰੋਂ ਹੁੰਦਾ ਹੈ। ਐਥੇ ਵੀ ਪੰਜਾਬੀ ਜ਼ੁਬਾਨ ਨੂੰ ਖ਼ਤਰਾ ਪੰਜਾਬੀਆਂ ਤੋਂ ਹੀ ਹੈ। ਆਪਣੀ ਗ਼ੁਲਾਮ ਜ਼ਹਿਨੀਅਤ ਦੇ ਹੁੰਦਿਆਂ ਪੰਜਾਬੀ ਜਦੋਂ ਵਿਆਹ-ਸ਼ਾਦੀਆਂ ਦੇ ਸੱਦਾ ਪੱਤਰ ਅੰਗ੍ਰੇਜ਼ੀ 'ਚ ਛਪਾਉਂਦੇ ਹਨ ਅਤੇ ਆਪਣੇ ਬੱਚਿਆਂ ਨੂੰ ਪੰਜਾਬੀ ਜ਼ੁਬਾਨ ਵਾਲੇ ਸਕੂਲਾਂ ਦੀ ਬਜਾਏ ਅੰਗ੍ਰੇਜ਼ੀ ਮਾਧਿਅਮ ਵਾਲੇ ਸਕੂਲਾਂ 'ਚ ਪੜ੍ਹਨੇ ਪਾਉਂਦੇ ਹਨ ਤਾਂ ਪੰਜਾਬੀ ਜ਼ੁਬਾਨ ਨੂੰ ਉਚਾਈਆਂ ਵੱਲ ਪੰਜਾਬੀਆਂ ਦੀ ਥਾਂ ਕੌਣ ਲੈ ਕੇ ਜਾਊ ਅਤੇ ਨਾਲ ਹੀ ਅਗਰ ਜ਼ੁਬਾਨ ਹੀ ਖੁਸ ਗਈ ਤਾਂ ਸੱਭਿਆਚਾਰ ਕੀਹਨੂੰ ਕਹਾਂਗੇ? ਅੱਜ ਦੇ ਜ਼ਮਾਨੇ 'ਚ ਅੰਗ੍ਰੇਜ਼ੀ ਦੇ ਗਿਆਨ ਨੂੰ ਐਨਾ ਅਹਿਮ ਇਸ ਲਈ ਮੰਨਿਆ ਜਾਣ ਲੱਗਿਆ ਹੈ, ਕਿਉਂਕਿ ਸਾਮਰਾਜਵਾਦ ਨੇ ਪਛੜੇ ਮੁਲਕਾਂ ਦੇ ਅਰਥਚਾਰਿਆਂ ਨੂੰ ਇਸ ਢੰਗ ਨਾਲ ਆਪਣੇ ਜਕੜਪੰਜੇ ਹੇਠ ਲਿਆ ਹੋਇਆ ਹੈ ਕਿ ਅਗਰ ਕੋਈ ਵੀ ਆਪਣੇ ਆਪ ਨੂੰ ਤਰੱਕੀ ਦੇ ਰਾਹ 'ਤੇ ਲਿਜਾਣਾ ਚਾਹੁੰਦਾ ਹੈ ਤਾਂ ਉਹਨੂੰ ਅੰਗ੍ਰੇਜ਼ੀ ਪੜ੍ਹਨੀ ਹੀ ਪਊ।

ਇੱਥੇ ਇਹ ਗੱਲ ਦਾ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੈ ਕਿ ਪ੍ਰਵਾਸੀਆਂ ਦਾ ਇਹ ਅਜੰਡਾ ਮੋਦੀ ਹਕੂਮਤ ਲਈ ਆਉਣ ਵਾਲੀਆਂ ਬਿਹਾਰ ਦੀਆਂ ਚੋਣਾਂ ਮੌਕੇ ਇੱਕ ਰਾਮਬਾਨ ਸਾਬਤ ਹੋਣ ਜਾ ਰਿਹਾ ਹੈ। ਭਾਜਪਾ ਦੀ ਮੋਦੀ ਹਕੂਮਤ ਇਹਨੂੰ ਆਪਣੀ ਫਿਰਕੂ ਫਾਸ਼ੀਵਾਦੀ ਸਿਆਸਤ ਨੂੰ ਅੱਗੇ ਵਧਾਉਣ ਦੇ ਸੰਦ ਦੇ ਰੂਪ 'ਚ ਵਰਤੇਗੀ।

ਇਸ ਦੌਰ ਅੰਦਰ ਇੱਕ ਹਾਂਪੱਖੀ ਵਰਤਾਰੇ ਦੀ ਗੱਲ ਕਰਨ ਬਿਨਾਂ ਇਹ ਲਿਖਤ ਅਧੂਰੀ ਲੱਗੇਗੀ ਕਿ ਖਿੱਚੋਤਾਣ ਦੇ ਇਸ ਦੌਰ ਅੰਦਰ ਲੋਕਾਂ ਦਾ ਇੱਕ ਬਹੁਤ ਵੱਡਾ ਹਿੱਸਾ ਅਜਿਹਾ ਵੀ ਸਾਹਮਣੇ ਆਇਆ ਹੈ, ਜਿਸ ਨੇ ਇਸ ਮਸਲੇ ਨੂੰ ਬਹੁਤ ਹੀ ਤਵਾਜ਼ਨ ਨਾਲ ਲਿਆ ਹੈ ਅਤੇ ਆਪਣੀ ਬਣਦੀ ਹੈਸੀਅਤ ਮੁਜਬ ਪ੍ਰਵਾਸੀਆਂ ਦੀ ਇਮਦਾਦ ਕੀਤੀ ਹੈ ਤੇ ਉਹਨਾਂ ਦੇ ਖਦਸ਼ੇ ਨੂੰ ਦੂਰ ਕਰਨ ਲਈ ਯਤਨ ਜੁਟਾਏ ਹਨ।

ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਕੋਈ ਵੀ ਪ੍ਰਵਾਸੀ ਕਿਸੇ ਮੂਲ ਬਸ਼ਿੰਦੇ ਦਾ ਦੋਖੀ ਨਹੀਂ ਹੁੰਦਾ। ਹਕੀਕਤ ਹੈ ਕਿ ਦੋਹਾਂ ਦੇ ਦੁਸ਼ਮਣ ਸਾਂਝੇ ਹਨ, ਜਿਹੜੇ ਕਿਰਤ ਦੀ ਲੁੱਟ ਕਰਨ ਲਈ ਭਰਾਮਾਰ ਲੜਾਈਆਂ 'ਚ ਕਿਰਤੀ ਲੋਕਾਂ ਨੂੰ ਉਲ਼ਝਾਉਂਦੇ ਹਨ। ਜਮਹੂਰੀ ਤੇ ਇਨਸਾਫਪਸੰਦ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਲੋਕ ਏਕਤਾ ਦੀਆਂ ਕੋਸ਼ਿਸ਼ਾਂ ਕਰਦਿਆਂ ਇਨ੍ਹਾਂ ਲੋਕ-ਦੋਖੀ ਹਾਕਮਾਂ ਤੋਂ ਮੁਕਤੀ ਲਈ ਅੱਗੇ ਆਉਣ।

**# ਸੰਪਰਕ : 94170-79720**

# ਮੁਸਕਾਨ ਪਿੱਛੇ ਲੁਕਿਆ ਸੱਚ

**ਮਨਮੀਤ ਕੱਕੜ**

ਪੰਜਾਬ ਦੀ ਧਰਤੀ, ਜਿੱਥੇ ਹਾਸੇ-ਖੇਡ ਦੀਆਂ ਗੂੰਜਾਂ ਅਤੇ ਜੋਸ਼ੀਲੇ ਨੌਜਵਾਨਾਂ ਦੀਆਂ ਚਮਕਦੀਆਂ ਅੱਖਾਂ ਸਾਡੀ ਸ਼ਾਨ ਹਨ, ਉੱਥੇ ਹੀ ਇਸ ਜਵਾਨੀ ਦੇ ਮਨਾਂ ਵਿੱਚ ਇੱਕ ਖਾਮੋਸ਼ ਸੰਘਰਸ਼ ਵੀ ਲੁਕਿਆ ਹੋਇਆ ਹੈ। ਬਾਹਰੋਂ ਸਭ ਕੁਝ ਠੀਕ ਲੱਗਦਾ ਹੈ—ਮੁਸਕਰਾਹਟਾਂ, ਹੌਸਲੇ ਤੇ ਜਿੱਦ, ਪਰ ਅੰਦਰੋਂ ਬਹੁਤ ਸਾਰੇ ਨੌਜਵਾਨ ਤਣਾਅ, ਨਿਰਾਸ਼ਾ ਤੇ ਨਸ਼ਿਆਂ ਦੀ ਡੂੰਘੀ ਖਾਈ ਵਿੱਚ ਫਸੇ ਹੋਏ ਨੇ। ਇਹ ਸਮੱਸਿਆ ਕੋਈ ਛੋਟੀ-ਮੋਟੀ ਨਹੀਂ, ਸਗੋਂ ਇੱਕ ਅਜਿਹਾ ਸੰਕਟ ਹੈ, ਜਿਸ ਨੂੰ ਸਮਝਣ ਅਤੇ ਹੱਲ ਕਰਨ ਦੀ ਸਖ਼ਤ ਲੋੜ ਹੈ।ਰਾਸ਼ਟਰੀ ਮਾਨਸਿਕ ਸਿਹਤ ਸਰਵੇਖਣ 2015-16 ਦੀ ਰਿਪੋਰਟ ਵਿੱਚ ਦੱਸਿਆ ਗਿਆ ਸੀ ਕਿ ਪੰਜਾਬ ਵਿੱਚ ਲਗਭਗ 10-12 ਫੀਸਦੀ ਲੋਕ ਕਿਸੇ ਨਾ ਕਿਸੇ ਮਾਨਸਿਕ ਸਮੱਸਿਆ ਨਾਲ ਜੂਝਦੇ ਨੇ। ਜੇ ਗੱਲ ਨੌਜਵਾਨਾਂ ਦੀ ਕਰੀਏ, ਤਾਂ ਇਹ ਅੰਕੜਾ ਹੋਰ ਵੀ ਡਰਾਉਣਾ ਹੈ। ਸਭ ਤੋਂ ਦੁਖਦਾਈ ਗੱਲ ਇਹ ਹੈ ਕਿ 80 ਫੀਸਦੀ ਤੋਂ ਵੱਧ ਲੋਕਾਂ ਨੂੰ ਲੋੜੀਂਦੀ ਮਾਨਸਿਕ ਸਿਹਤ ਸਹਾਇਤਾ ਨਹੀਂ ਮਿਲਦੀ। ਇਸ ਦਾ ਸਿੱਧਾ ਮਤਲਬ ਹੈ ਹਰ 10 ਵਿੱਚੋਂ 8 ਨੌਜਵਾਨ ਇਕੱਲੇ ਹੀ ਆਪਣੀਆਂ ਮਨ ਦੀਆਂ ਜੰਗਾਂ ਲੜਦੇ ਨੇ।ਇਸ ਸਾਰੇ ਵਿੱਚ ਨਸ਼ਿਆਂ ਦੀ ਸਮੱਸਿਆ ਨੇ ਪੰਜਾਬ ਦੀ ਜਵਾਨੀ ਨੂੰ ਹੋਰ ਵੀ ਡੂੰਘੇ ਸੰਕਟ ਵਿੱਚ ਧੱਕ ਦਿੱਤਾ ਹੈ। ਅੰਕੜੇ ਦੱਸਦੇ ਨੇ ਕਿ ਲਗਭਗ 15 ਫੀਸਦੀ ਪੰਜਾਬੀ ਜਨਸੰਖਿਆ ਸ਼ਰਾਬ ਜਾਂ ਹੋਰ ਨਸ਼ਿਆਂ ਦੀ ਆਦੀ ਹੈ। ਇਹਨਾਂ ਵਿੱਚੋਂ ਜ਼ਿਆਦਾਤਰ ਨੌਜਵਾਨ ਆਪਣੀ ਅੱਲ੍ਹੜ ਉਮਰ ਵਿੱਚ ਹੀ ਨਸ਼ਿਆਂ ਦੀ ਦਲਦਲ ਵਿੱਚ ਫਸ ਜਾਂਦੇ ਹਨ। 2023 ਵਿੱਚ ਪੰਜਾਬ ਵਿੱਚ ਨਸ਼ਿਆਂ ਦੀ ਓਵਰਡੋਜ਼ ਨਾਲ 89 ਮੌਤਾਂ ਹੋਈਆਂ, ਜੋ ਸਾਰੇ ਦੇਸ਼ ਵਿੱਚ ਸਭ ਤੋਂ ਵੱਧ ਸਨ। ਇਹ ਅੰਕੜੇ ਸਿਰਫ਼ ਨੰਬਰ ਨਹੀਂ, ਸਗੋਂ ਉਹਨਾਂ ਪਰਵਾਰਾਂ ਦੀਆਂ ਕਹਾਣੀਆਂ ਨੇ, ਜਿੱਥੇ ਨੌਜਵਾਨ ਮੁਸਕਾਨਾਂ ਦੀ ਆੜ ਵਿੱਚ ਨਸ਼ਿਆਂ ਤੇ ਮਾਨਸਿਕ ਸਮੱਸਿਆਵਾਂ ਨਾਲ ਜੂਝ ਰਹੇ ਨੇ।ਮਾਨਸਿਕ ਸਿਹਤ ਮਾਹਰਾਂ ਦੀ ਘਾਟ ਵੀ ਇਸ ਸਮੱਸਿਆ ਨੂੰ ਹੋਰ ਵਧਾਉਂਦੀ ਹੈ।

ਪੂਰੇ ਦੇਸ਼ ਵਿੱਚ 1 ਲੱਖ ਲੋਕਾਂ ਪਿੱਛੇ ਸਿਰਫ਼ 0.3 ਮਨੋਚਿਕਿਤਸਕ ਹਨ, ਜਦਕਿ ਜ਼ਰੂਰਤ 3 ਦੀ ਹੈ। ਪੰਜਾਬ ਵਿੱਚ 2025 ਤੱਕ ਸਿਰਫ਼ 144 ਮਨੋਵਿਗਿਆਨੀ ਹਨ, ਯਾਨੀ ਹਰ 3-4 ਲੱਖ ਲੋਕਾਂ ਲਈ ਇੱਕ ਮਨੋਵਿਗਿਆਨੀ। ਪਿੰਡਾਂ ਤੇ ਛੋਟੇ ਸ਼ਹਿਰਾਂ ਵਿੱਚ ਤਾਂ ਇਹ ਸਹੂਲਤ ਨਾ-ਮਾਤਰ ਹੀ ਹੈ।ਸਭ ਤੋਂ ਚਿੰਤਾਜਨਕ ਗੱਲ ਹੈ ਨੌਜਵਾਨਾਂ ਵਿੱਚ ਵਧਦੀ ਆਤਮਹੱਤਿਆ ਦੀ ਦਰ। 15 ਤੋਂ 29 ਸਾਲ ਦੀ ਉਮਰ ਦੇ ਨੌਜਵਾਨਾਂ ਵਿੱਚ ਆਤਮ-ਹੱਤਿਆ ਮੌਤ ਦਾ ਸਭ ਤੋਂ ਵੱਡਾ ਕਾਰਨ ਬਣ ਚੁੱਕੀ ਹੈ। ਇੱਕ ਅਧਿਐਨ ਮੁਤਾਬਕ ਇਸ ਉਮਰ ਦੇ ਮੁੰਡਿਆਂ ਵਿੱਚ ਆਤਮ-ਹੱਤਿਆ ਦੀ ਦਰ 25.5 ਪ੍ਰਤੀ ਲੱਖ ਅਤੇ ਕੁੜੀਆਂ ਵਿੱਚ 24.9 ਪ੍ਰਤੀ ਲੱਖ ਹੈ, ਜੋ ਵਿਸ਼ਵ ਔਸਤ ਨਾਲੋਂ ਕਿਤੇ ਜ਼ਿਆਦਾ ਹੈ। ਪੰਜਾਬ ਵਿੱਚ ਵੀ ਇਹ ਰੁਝਾਨ ਘੱਟ-ਬਹੁਤ ਇੰਝ ਹੀ ਹੈ। 2013 ਤੋਂ 2023 ਦੌਰਾਨ ਵਿਦਿਆਰਥੀਆਂ ਦੀਆਂ ਆਤਮ-ਹੱਤਿਆਵਾਂ ਵਿੱਚ 50 ਫੀਸਦੀ ਦਾ ਵਾਧਾ ਹੋਇਆ ਹੈ। ਪੜ੍ਹਾਈ ਦਾ ਦਬਾਅ, ਪਰਿਵਾਰਕ ਮਸਲੇ, ਮਾਨਸਿਕ ਤਣਾਅ ਤੇ ਸਹੀ ਸਲਾਹ ਦੀ ਘਾਟ, ਇਹ ਸਭ ਇਸ ਦੇ ਪਿੱਛੇ ਵੱਡੇ ਕਾਰਣ ਹਨ। ਇਸ ਸਾਰੇ ਦਾ ਸਭ ਤੋਂ ਵੱਡਾ ਦੁਖਦਾਈ ਪਹਿਲੂ ਇਹ ਹੈ ਕਿ ਸਾਡੇ ਸਮਾਜ ਵਿੱਚ ਮਾਨਸਿਕ ਸਿਹਤ ਨੂੰ ਅਜੇ ਵੀ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ। ਨੌਜਵਾਨ ਜਦੋਂ ਚਿੰਤਾ ਜਾਂ ਡਿਪਰੈਸ਼ਨ ਨਾਲ ਜੂਝਦੇ ਨੇ ਤਾਂ ਨਾ ਤਾਂ ਉਹਨਾਂ ਨੂੰ ਕੋਈ ਮਾਹਰ ਮਿਲਦਾ ਹੈ, ਨਾ ਹੀ ਕੋਈ ਅਜਿਹੀ ਸੁਰੱਖਿਅਤ ਥਾਂ, ਜਿੱਥੇ ਉਹ ਆਪਣੇ ਮਨ ਦੀ ਗੱਲ ਖੁੱਲ੍ਹ ਕੇ ਕਹਿ ਸਕਣ। ਸਕੂਲ-ਕਾਲਜਾਂ ਵਿੱਚ ਕੌਂਸਲਰ ਨਹੀਂ ਹੁੰਦੇ ਅਤੇ ਪਰਵਾਰ ਅਕਸਰ ਇਸ ਨੂੰ 'ਮੂਡ ਦੀ ਗੱਲ' ਸਮਝ ਕੇ ਨਜ਼ਰ- ਅੰਦਾਜ਼ ਕਰ ਦਿੰਦੇ ਨੇ।ਇਸ ਸੰਕਟ ਨੂੰ ਹੱਲ ਕਰਨ ਲਈ ਹੁਣ ਸਮਾਂ ਗੱਲਾਂ ਦਾ ਨਹੀਂ, ਸਗੋਂ ਕੰਮ ਕਰਨ ਦਾ ਹੈ। ਪੰਜਾਬ ਨੂੰ ਹਰ ਜ਼ਿਲ੍ਹੇ ਵਿੱਚ ਵਧੇਰੇ ਮਨੋਵਿਗਿਆਨੀ ਅਤੇ ਕੌਂਸਲਰ ਤਾਇਨਾਤ ਕਰਨੇ ਪੈਣਗੇ। ਸਕੂਲਾਂ-ਕਾਲਜਾਂ ਵਿੱਚ ਮਾਨਸਿਕ ਸਿਹਤ ਜਾਗਰੂਕਤਾ ਪ੍ਰੋਗਰਾਮ ਸ਼ੁਰੂ ਕਰਨੇ ਜ਼ਰੂਰੀ ਨੇ, ਜਿੱਥੇ ਨੌਜਵਾਨਾਂ ਨੂੰ ਸਕ੍ਰੀਨਿੰਗ, ਸਲਾਹ ਅਤੇ ਪੀਅਰ ਸਹਾਇਤਾ ਮਿਲ ਸਕੇ। ਸਰਕਾਰ ਨੂੰ ਟੈਲੀ-ਕੌਂਸਲਿੰਗ ਅਤੇ ਡਿਜੀਟਲ ਸਹਾਇਤਾ ਨੂੰ ਮਜ਼ਬੂਤ ਕਰਨਾ ਚਾਹੀਦਾ, ਖਾਸਕਰ ਪਿੰਡਾਂ ਤੇ ਛੋਟੇ ਸ਼ਹਿਰਾਂ ਲਈ। ਸਭ ਤੋਂ ਵੱਡੀ ਗੱਲ, ਸਾਨੂੰ ਮਾਨਸਿਕ ਸਿਹਤ ਨਾਲ ਜੁੜਿਆ ਸਮਾਜਕ ਦਾ.ਗ ਖਤਮ ਕਰਨਾ ਹੋਵੇਗਾ। ਜਦੋਂ ਤੱਕ ਅਸੀਂ ਇਸ ਬਾਰੇ ਖੁੱਲ੍ਹ ਕੇ ਗੱਲ ਨਹੀਂ ਕਰਾਂਗੇ, ਨੌਜਵਾਨ ਇਸ ਖਾਮੋਸ਼ੀ ਦੀ ਮਾਰ ਹੇਠ ਦੱਬਦੇ ਰਹਿਣਗੇ।

ਪੰਜਾਬ ਦੇ ਨੌਜਵਾਨ ਸਾਡੇ ਭਵਿੱਖ ਦੀ ਆਸ ਨੇ। ਜੇ ਅਸੀਂ ਉਹਨਾਂ ਨੂੰ ਇਸ ਦਰਦ ਵਿੱਚ ਇਕੱਲੇ ਛੱਡ ਦਿੱਤਾ, ਤਾਂ ਸਾਡੇ ਸੂਬੇ ਦੀ ਸਭ ਤੋਂ ਵੱਡੀ ਤਾਕਤ ਸਾਡੀ ਜਵਾਨੀ ਖਤਮ ਹੋ ਜਾਵੇਗੀ। ਆਓ, ਇਸ ਚੁੱਪ ਨੂੰ ਤੋੜੀਏ। ਆਓ, ਮੁਸਕਾਨਾਂ ਪਿੱਛੇ ਲੁਕੇ ਦਰਦ ਨੂੰ ਸਮਝੀਏ ਅਤੇ ਆਪਣੇ ਨੌਜਵਾਨਾਂ ਨੂੰ ਇੱਕ ਸੁਰੱਖਿਅਤ, ਸਿਹਤਮੰਦ, ਅਤੇ ਉਮੀਦ ਭਰਿਆ ਭਵਿੱਖ ਦੇਈਏ।

**# ਸੰਪਰਕ : +91 79863-07793**

# ਮੋਬਾਇਲ ਤੋਂ ਸਿੱਖਿਆ ਸੈਂਟਰਾਂ ਤੱਕ ਭਟਕ ਰਹੀ ਅੱਜ ਦੀ ਨੌਜਵਾਨੀ

ਅੱਜ ਦਾ ਭਾਰਤ ਇੱਕ ਅਨੂਠੇ ਦੌਰ ਵਿੱਚੋਂ ਲੰਘ ਰਿਹਾ ਹੈ। ਇੱਕ ਪਾਸੇ ਤਕਨਾਲੋਜੀ ਅਤੇ ਆਰਥਿਕ ਵਿਕਾਸ ਨੇ ਅਸੀਮ ਸੰਭਾਵਨਾਵਾਂ ਦੇ ਦਰਵਾਜ਼ੇ ਖੋਲ੍ਹੇ ਹਨ, ਪਰ ਦੂਜੇ ਪਾਸੇ ਇਸ ਵਿਕਾਸ ਨੇ ਨੌਜਵਾਨ ਪੀੜ੍ਹੀ ਨੂੰ ਕਈ ਚੁਣੌਤੀਆਂ ਦੇ ਸਾਹਮਣੇ ਖੜ੍ਹਾ ਕਰ ਦਿੱਤਾ ਹੈ। ਨੌਜਵਾਨ ਪੀੜ੍ਹੀ ਕਿਸੇ ਵੀ ਦੇਸ਼ ਦਾ ਭਵਿੱਖ ਹੁੰਦੀ ਹੈ ਅਤੇ ਇਸ ਵੇਲੇ ਭਾਰਤ ਦੀ ਨੌਜਵਾਨੀ ਇੱਕ ਅਜਿਹੇ ਦੌਰ ਵਿੱਚੋਂ ਗੁਜ਼ਰ ਰਹੀ ਹੈ, ਜਿੱਥੇ ਉਹ ਆਪਣੇ ਠੀਕ ਰਸਤੇ ਤੋਂ ਭਟਕਦੀ ਜਾਪ ਰਹੀ ਹੈ। ਜਿਸ ਉਮਰ ਵਿੱਚ ਸਿੱਖਿਆ, ਸਹੀ ਦਿਸ਼ਾ ਅਤੇ ਲਕਸ਼ ਹੀ ਭਵਿੱਖ ਤੈਅ ਕਰਦੇ ਹਨ, ਉੱਥੇ ਅੱਜ ਦੀ ਨੌਜਵਾਨੀ ਵੱਡੇ ਪੱਧਰ 'ਤੇ ਚਿੰਤਾ ਅਤੇ ਤਣਾਅ ਦਾ ਸ਼ਿਕਾਰ ਹੋ ਰਹੀ ਹੈ। ਕਦੇ ਕਾਲਜ ਨੂੰ ਸਿੱਖਿਆ ਅਤੇ ਸ਼ਖ਼ਸੀਅਤ ਦੇ ਵਿਕਾਸ ਦਾ ਗੜ੍ਹ ਮੰਨਿਆ ਜਾਂਦਾ ਸੀ, ਅੱਜ ਉਹ ਥਾਂ ਖਾਲੀ ਹੋ ਰਹੀ ਹੈ ਅਤੇ ਇਸ ਦੀ ਜਗ੍ਹਾ ਮੋਬਾਇਲ ਫੋਨਾਂ ਦੀ ਵਰਚੁਅਲ ਦੁਨੀਆ ਅਤੇ ਸਿੱਖਿਆ ਦੇ ਨਾਂਅ 'ਤੇ ਖੁੱਲ੍ਹੇ ਸੈਂਟਰਾਂ ਦੀਆਂ ਚਾਰ-ਦੀਵਾਰੀਆਂ ਨੇ ਲੈ ਲਈ ਹੈ। ਮੋਬਾਇਲ ਫੋਨਾਂ ਦੀ ਦੁਨੀਆ ਵਿੱਚ ਗੁਆਚੀ ਹੋਈ, ਕਾਲਜਾਂ ਤੋਂ ਦੂਰ ਅਤੇ ਨੈਤਿਕ ਕਦਰਾਂ-ਕੀਮਤਾਂ ਤੋਂ ਅਣਜਾਣ ਇਹ ਨੌਜਵਾਨ ਪੀੜ੍ਹੀ ਆਪਣੇ ਆਪ ਨੂੰ ਇੱਕ ਅਜਿਹੀ ਭੁੱਲ-ਭੁਲੱਈਆ ਵਿੱਚ ਪਾ ਰਹੀ ਹੈ, ਜਿਸ ਵਿੱਚੋਂ ਨਿਕਲਣਾ ਔਖਾ ਜਾਪਦਾ ਹੈ। ਇਹ ਬਦਲਾਅ ਸਿਰਫ਼ ਸਿੱਖਿਆ ਪ੍ਰਣਾਲੀ ਲਈ ਹੀ ਚੁਣੌਤੀ ਨਹੀਂ, ਬਲਕਿ ਸਮਾਜ ਦੇ ਨੈਤਿਕ ਅਤੇ ਸਮਾਜਿਕ ਤਾਣੇ-ਬਾਣੇ ਲਈ ਵੀ ਇੱਕ ਵੱਡਾ ਖ਼ਤਰਾ ਬਣਦਾ ਜਾ ਰਿਹਾ ਹੈ।

ਸਿੱਖਿਆ ਦੇ ਸਾਧਨ ਵਜੋਂ ਸ਼ੁਰੂ ਹੋਇਆ ਮੋਬਾਇਲ ਅੱਜ ਮਨੋਰੰਜਨ ਦਾ ਨਸ਼ਾ ਬਣ ਗਿਆ। ਅੱਜ ਦੇ ਨੌਜਵਾਨਾਂ ਲਈ ਮੋਬਾਈਲ ਫੋਨ ਸਿਰਫ਼ ਸੰਚਾਰ ਦਾ ਸਾਧਨ ਨਹੀਂ, ਬਲਕਿ ਉਨ੍ਹਾਂ ਦੀ ਹੋਂਦ ਦਾ ਇੱਕ ਅਨਿੱਖੜਵਾਂ ਹਿੱਸਾ ਬਣ ਗਿਆ ਹੈ। ਸਵੇਰੇ ਉੱਠਣ ਤੋਂ ਲੈ ਕੇ ਰਾਤ ਨੂੰ ਸੌਣ ਤੱਕ ਉਨ੍ਹਾਂ ਦਾ ਜੀਵਨ ਇਸ ਛੋਟੀ ਜਿਹੀ ਸਕਰੀਨ ਦੇ ਆਲੇ-ਦੁਆਲੇ ਘੁੰਮਦਾ ਹੈ। ਸੋਸ਼ਲ ਮੀਡੀਆ, ਵੀਡੀਓ ਗੇਮਾਂ ਅਤੇ ਬੇਅੰਤ ਵੀਡੀਓਜ਼ ਉਨ੍ਹਾਂ ਨੂੰ ਅਜਿਹੀ ਦੁਨੀਆ ਵਿੱਚ ਖਿੱਚ ਲੈਂਦੇ ਹਨ, ਜਿੱਥੇ ਅਸਲੀਅਤ ਦੀ ਕੋਈ ਜਗ੍ਹਾ ਨਹੀਂ ਹੁੰਦੀ। ਇਸ ਨਿਰਭਰਤਾ ਦੇ ਕਈ ਨਕਾਰਾਤਮਕ ਪ੍ਰਭਾਵ ਹਨ।


ਡਾ. ਸੰਦੀਪ ਸਿੰਘ ਮੁੰਡੇ

ਅੱਜ ਦੀ ਨੌਜਵਾਨ ਪੀੜ੍ਹੀ ਉੱਚ ਸਿੱਖਿਆ ਦੇ ਮਾਨਤਾ ਪ੍ਰਾਪਤ ਕਾਲਜਾਂ ਤੋਂ ਦੂਰ ਹੁੰਦੀ ਜਾ ਰਹੀ ਹੈ। ਇਹ ਕਾਲਜ ਸਿਰਫ਼ ਅਕਾਦਮਿਕ ਗਿਆਨ ਪ੍ਰਾਪਤ ਕਰਨ ਦਾ ਸਥਾਨ ਨਹੀਂ ਹਨ, ਬਲਕਿ ਇਹ ਨੌਜਵਾਨਾਂ ਦੇ ਸਰਬਪੱਖੀ ਵਿਕਾਸ ਲਈ ਇੱਕ ਅਹਿਮ ਪੜਾਅ ਹੁੰਦੇ ਹਨ। ਇੱਥੇ ਉਹ ਵੱਖ-ਵੱਖ ਪਿਛੋਕੜਾਂ ਵਾਲੇ ਲੋਕਾਂ ਨੂੰ ਮਿਲਦੇ ਹਨ ਅਤੇ ਸਮਾਜਿਕ ਰਿਸ਼ਤਿਆਂ ਦੀ ਮਹੱਤਤਾ ਸਿੱਖਦੇ ਹਨ। ਬਦਕਿਸਮਤੀ ਨਾਲ ਅੱਜ ਬਹੁਤ ਸਾਰੇ ਨੌਜਵਾਨ ਰੈਗੂਲਰ ਕਾਲਜ ਜਾਣ ਦੀ ਬਜਾਏ ਆਨਲਾਈਨ ਕੋਰਸਾਂ ਜਾਂ ਸਿੱਖਿਆ ਸੈਂਟਰਾਂ 'ਤੇ ਨਿਰਭਰ ਹੋ ਰਹੇ ਹਨ। ਇਸ ਨਾਲ ਉਹ ਸਮਾਜਿਕ ਵਿਕਾਸ ਦੇ ਇਸ ਅਹਿਮ ਪੜਾਅ ਤੋਂ ਵਾਂਝੇ ਰਹਿ ਜਾਂਦੇ ਹਨ। ਨਤੀਜੇ ਵਜੋਂ ਉਨ੍ਹਾਂ ਵਿੱਚ ਸਹਿਣਸ਼ੀਲਤਾ, ਸਹਿਯੋਗ ਅਤੇ ਲੀਡਰਸ਼ਿਪ ਵਰਗੇ ਨੈਤਿਕ ਗੁਣਾਂ ਦਾ ਅਭਾਵ ਦੇਖਣ ਨੂੰ ਮਿਲਦਾ ਹੈ।

ਅੱਜ ਦੀ ਨੌਜਵਾਨ ਪੀੜ੍ਹੀ ਵਿੱਚ ਸਿੱਖਣ ਦੀ ਆਦਤ ਘਟ ਰਹੀ ਹੈ ਅਤੇ ਪੜ੍ਹਨ-ਲਿਖਣ ਦੀ ਲਲ਼ਕ ਵੀ ਨਹੀਂ ਰਹੀ। ਸਿੱਖਣਾ ਇੱਕ ਨਿਰੰਤਰ ਪ੍ਰਕਿਰਿਆ ਹੈ, ਜੋ ਜੀਵਨ ਭਰ ਚੱਲਦੀ ਹੈ। ਇਹ ਸਿਰਫ਼ ਅਕਾਦਮਿਕ ਪੜ੍ਹਾਈ ਤੱਕ ਸੀਮਤ ਨਹੀਂ, ਪਰ ਅੱਜ ਦੇ ਨੌਜਵਾਨਾਂ ਵਿੱਚ ਇਸ ਆਦਤ ਦੀ ਘਾਟ ਜਾਪਦੀ ਹੈ। ਇਸ ਦਾ ਮੁੱਖ ਕਾਰਨ ਮੋਬਾਇਲ ਅਤੇ ਇੰਟਰਨੈੱਟ 'ਤੇ ਉਪਲਬਧ ਤਿਆਰ ਕੀਤੀ ਜਾਣਕਾਰੀ ਹੈ। ਉਹ ਕਿਸੇ ਵੀ ਸਵਾਲ ਦਾ ਜਵਾਬ ਤੁਰੰਤ ਗੂਗਲ 'ਤੇ ਲੱਭ ਲੈਂਦੇ ਹਨ, ਜਿਸ ਨਾਲ ਉਹਨਾਂ ਦੀ ਖੋਜ ਕਰਨ ਅਤੇ ਵਿਸ਼ਲੇਸ਼ਣ ਕਰਨ ਦੀ ਸਮਰੱਥਾ ਘਟ ਰਹੀ ਹੈ। ਉਹ ਕਿਤਾਬਾਂ ਪੜ੍ਹਨ ਤੋਂ ਵੀ ਕਤਰਾਉਂਦੇ ਹਨ, ਕਿਉਂਕਿ ਉਨ੍ਹਾਂ ਨੂੰ ਇਹ ਬੋਰਿੰਗ ਲੱਗਦਾ ਹੈ।

ਬਹੁਤ ਸਾਰੇ ਨੌਜਵਾਨਾਂ ਨੂੰ ਆਪਣੇ ਮਾਤਾ-ਪਿਤਾ ਵੱਲੋਂ ਬਹੁਤ ਜ਼ਿਆਦਾ ਸੁੱਖ-ਸਹੂਲਤਾਂ ਮਿਲਦੀਆਂ ਹਨ। ਉਨ੍ਹਾਂ ਨੂੰ ਬਿਨਾਂ ਕਿਸੇ ਮਿਹਨਤ ਤੋਂ ਹਰ ਉਹ ਚੀਜ਼ ਮਿਲ ਜਾਂਦੀ ਹੈ, ਜੋ ਉਹ ਚਾਹੁੰਦੇ ਹਨ, ਇਸ ਨਾਲ ਉਨ੍ਹਾਂ ਵਿੱਚ ਸੰਘਰਸ਼ ਕਰਨ ਦੀ ਆਦਤ ਖਤਮ ਹੋ ਰਹੀ ਹੈ। ਇਸ ਤੋਂ ਇਲਾਵਾ ਬਹੁਤ ਸਾਰੇ ਨੌਜਵਾਨ ਪਿਛਲੱਗੂ ਆਦਤਾਂ ਦੇ ਸ਼ਿਕਾਰ ਹੋ ਜਾਂਦੇ ਹਨ, ਜਿੱਥੇ ਉਹ ਆਪਣੇ ਦੋਸਤਾਂ ਅਤੇ ਸਮਾਜ ਦਾ ਅੰਨ੍ਹੇਵਾਹ ਪਿੱਛਾ ਕਰਦੇ ਹਨ। ਇਹ ਆਦਤ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਖਤਮ ਕਰ ਰਹੀ ਹੈ ਅਤੇ ਉਨ੍ਹਾਂ ਨੂੰ ਇੱਕ ਭੀੜ ਦਾ ਹਿੱਸਾ ਬਣਾ ਰਹੀ ਹੈ।

ਅੱਜ ਦੇ ਸਮੇਂ ਵਿੱਚ ਥਾਂ-ਥਾਂ 'ਤੇ ਖੁੱਲ੍ਹੇ ਸੈਂਟਰ ਸਿੱਖਿਆ ਪ੍ਰਣਾਲੀ ਦਾ ਇੱਕ ਹਿੱਸਾ ਬਣਦੇ ਜਾ ਰਹੇ ਹਨ, ਪਰ ਇਨ੍ਹਾਂ ਦਾ ਨਕਾਰਾਤਮਕ ਰੋਲ ਵੀ ਘੱਟ ਨਹੀਂ।ਜ਼ਿਆਦਾਤਰ ਸੈਂਟਰ ਵਿਦਿਆਰਥੀ ਦਾ ਪੱਧਰ ਨਹੀਂ ਦੇਖਦੇ, ਬਲਕਿ ਹਰ ਇੱਕ ਵਿਦਿਆਰਥੀ ਨੂੰ ਵੱਡੇ ਸੁਪਨੇ ਦਿਖਾਉਂਦੇ ਹਨ। ਅਜਿਹੇ ਸੈਂਟਰ ਵਿਦਿਆਰਥੀਆਂ ਦੀ ਸ਼ਖਸੀਅਤ ਅਤੇ ਗਿਆਨ ਦੇ ਵਿਕਾਸ ਨੂੰ ਤਰਜੀਹ ਨਾ ਦੇ ਕੇ ਦੇ ਕੇਵਲ ਉਨ੍ਹਾਂ ਨੂੰ ਪ੍ਰੀਖਿਆਵਾਂ ਪਾਸ ਕਰਨ ਦੀਆਂ ਤਕਨੀਕਾਂ ਸਿਖਾਉਂਦੇ ਹਨ। ਜ਼ਿਆਦਾਤਰ ਸੈਂਟਰਾਂ ਕੋਲ ਨਾ ਤਾਂ ਵਧੀਆ ਸੰਸਾਧਨ ਹੁੰਦੇ ਹਨ ਅਤੇ ਨਾ ਹੀ ਇਹ ਅਸਲੀ ਗਿਆਨ ਪ੍ਰਦਾਨ ਕਰਦੇ ਹਨ। ਇਹ ਵਿਦਿਆਰਥੀਆਂ ਨੂੰ ਰੱਟਾ ਲਾਉਣ ਲਈ ਉਤਸ਼ਾਹਤ ਕਰਦੇ ਹਨ। ਇਨ੍ਹਾਂ ਸੈਂਟਰਾਂ ਦੀਆਂ ਫੀਸਾਂ ਬਹੁਤ ਜ਼ਿਆਦਾ ਹੁੰਦੀਆਂ ਹਨ, ਜਿਸ ਨਾਲ ਸਿੱਖਿਆ ਇੱਕ ਵਪਾਰ ਬਣ ਗਈ ਹੈ। ਇਸ ਤੋਂ ਇਲਾਵਾ ਇਹ ਸੈਂਟਰ ਵਿਦਿਆਰਥੀਆਂ 'ਤੇ ਮਾਨਸਿਕ ਤਣਾਅ ਪਾਉਂਦੇ ਹਨ।

ਸਮੁੱਚੇ ਤੌਰ 'ਤੇ ਭਾਰਤ ਦੀ ਅਜੋਕੀ ਨੌਜਵਾਨ ਪੀੜ੍ਹੀ ਨੂੰ ਕਈ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੋਬਾਇਲ ਅਤੇ ਮੰਡੀਕ੍ਰਿਤ ਸਿੱਖਿਆ ਵਿਚਕਾਰ ਉਹ ਆਪਣੀ ਅਸਲ ਸ਼ਕਤੀ ਭੁੱਲ ਰਿਹਾ ਹੈ। ਨੌਜਵਾਨਾਂ ਵਿੱਚ ਬੇਚੈਨੀ, ਨਿਰਾਸ਼ਾ ਅਤੇ ਅਸਫਲਤਾ ਦੀ ਭਾਵਨਾ ਵਧ ਰਹੀ ਹੈ। ਮੋਬਾਇਲ 'ਤੇ ਨਿਰਭਰਤਾ, ਕਾਲਜਾਂ ਤੋਂ ਦੂਰੀ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਘਾਟ ਉਨ੍ਹਾਂ ਦੇ ਵਿਕਾਸ ਵਿੱਚ ਰੁਕਾਵਟ ਬਣ ਰਹੀ ਹੈ।ਇਹ ਸਮੱਸਿਆਵਾਂ ਸਿਰਫ਼ ਵਿਅਕਤੀਗਤ ਨਹੀਂ, ਸਗੋਂ ਸਮਾਜਿਕ ਅਤੇ ਰਾਸ਼ਟਰੀ ਪੱਧਰ ਦੀਆਂ ਹਨ। ਇਸ ਸਥਿਤੀ ਵਿੱਚ ਪਰਿਵਰਤਨ ਲਈ ਨੌਜਵਾਨਾਂ ਨੂੰ ਆਪਣੀ ਤਾਕਤ ਪਛਾਣਨ ਦੀ ਲੋੜ ਹੈ। ਮੋਬਾਈਲ ਅਤੇ ਤਕਨਾਲੋਜੀ ਦਾ ਸਹੀ ਇਸਤੇਮਾਲ ਸਿੱਖਿਆ ਅਤੇ ਸਫਲਤਾ ਵਿੱਚ ਮਦਦਗਾਰ ਹੋ ਸਕਦਾ ਹੈ। ਅਜੋਕੀ ਸਿੱਖਿਆ ਪ੍ਰਣਾਲੀ ਨੂੰ ਨੌਕਰੀ-ਕੇਂਦ੍ਰਿਤ ਨਹੀਂ, ਬਲਕਿ ਸਿਖਲਾਈ ਅਤੇ ਕੌਸ਼ਲ-ਕੇਂਦ੍ਰਿਤ ਬਣਾਉਣ ਦੀ ਲੋੜ ਹੈ।

ਨੌਜਵਾਨਾਂ ਨੂੰ ਵੀ ਇਸ ਗੱਲ ਨੂੰ ਸਮਝਣਾ ਚਾਹੀਦਾ ਹੈ ਕਿ ਸਫਲਤਾ ਦਾ ਰਸਤਾ ਸੁੱਖ-ਸਹੂਲਤਾਂ ਜਾਂ ਨਕਲ ਕਰਨ ਨਾਲ ਨਹੀਂ, ਸਗੋਂ ਸਖ਼ਤ ਮਿਹਨਤ, ਸਿੱਖਣ ਦੀ ਲਗਨ ਅਤੇ ਨੈਤਿਕਤਾ ਦੇ ਨਾਲ ਚੱਲ ਕੇ ਮਿਲਦਾ ਹੈ। ਸਾਨੂੰ ਉਨ੍ਹਾਂ ਨੂੰ ਅਜਿਹਾ ਮਾਹੌਲ ਦੇਣ ਦੀ ਜ਼ਰੂਰਤ ਹੈ, ਜਿੱਥੇ ਉਹ ਨਾ ਸਿਰਫ਼ ਅਕਾਦਮਿਕ ਤੌਰ 'ਤੇ ਸਫਲ ਹੋ ਸਕਣ, ਬਲਕਿ ਇੱਕ ਜ਼ਿੰਮੇਵਾਰ ਅਤੇ ਚੰਗੇ ਨਾਗਰਿਕ ਵੀ ਬਣ ਸਕਣ। ਇਹ ਲਾਜ਼ਮੀ ਹੈ ਕਿ ਅਸੀਂ ਆਪਣੇ ਨੌਜਵਾਨਾਂ ਨੂੰ ਸਹੀ ਦਿਸ਼ਾ ਦਿਖਾਈਏ, ਤਾਂ ਜੋ ਉਹ ਭਾਰਤ ਨੂੰ ਇੱਕ ਨਵੇਂ ਪੱਧਰ 'ਤੇ ਲੈ ਜਾ ਸਕਣ।

**# ਸੰਪਰਕ: 94136-52646**

# ਹੜ੍ਹ ਪ੍ਰਭਾਵਤ ਪਿੰਡਾਂ ਦੇ ਲੋਕਾਂ ਵੱਲੋਂ ਡੀ ਸੀ ਦਫ਼ਤਰ ਸਾਹਮਣੇ ਧਰਨਾ

## ਪੰਜਾਬ ਦੇ ਡੈਮਾਂ 'ਤੇ ਕੰਟਰੋਲ ਪੰਜਾਬ ਦਾ ਹੋਵੇ ਤੇ ਪੰਜਾਬ ਦੇ ਪਾਣੀਆਂ ਦੀ ਵੰਡ ਰਿਪੇਰੀਅਨ ਸਿਧਾਂਤ ਮੁਤਾਬਕ ਹੋਵੇ : ਦੀਪ ਸਿੰਘ ਵਾਲਾ, ਚੱਕ ਸੈਦੋ ਕੇ



**ਫਾਜ਼ਿਲਕਾ (ਪਰਮਜੀਤ ਢਾਬਾਂ)**

ਕੱਚੀਆਂ ਜ਼ਮੀਨਾਂ ਦੇ ਮਾਲਕੀ ਹੱਕ ਲੈਣ, ਫਸਲਾਂ, ਘਰਾਂ, ਪਸ਼ੂਆਂ ਤੇ ਮਨੁੱਖਾਂ ਦੇ ਨੁਕਸਾਨ ਦੀ ਭਰਪਾਈ ਲਈ ਢੁੱਕਵੀਂ ਮੁਆਵਜ਼ਾ ਨੀਤੀ ਬਣਾਉਣ, ਪਾਣੀਆਂ ਦੀ ਵੰਡ ਰਿਪੇਰੀਅਨ ਸਿਧਾਂਤ ਮੁਤਾਬਕ ਕਰਨ, ਡੈਮਾਂ 'ਤੇ ਕੰਟਰੋਲ, ਵਿਕਸਿਤ ਨਹਿਰੀ ਢਾਂਚੇ ਤੇ ਬਾਰਿਸ਼ ਦੇ ਪਾਣੀ ਦੀ ਸਾਂਭ ਸੰਭਾਲ ਲਈ ਨੀਤੀ ਬਣਵਾਉਣ ਸਮੇਤ ਹੋਰਨਾਂ ਹੱਕੀ ਮੰਗਾਂ ਦੇ ਹੱਲ ਲਈ ਕਿਰਤੀ ਕਿਸਾਨ ਯੂਨੀਅਨ, ਪੰਜਾਬ ਸਟੂਡੈਂਟਸ ਯੂਨੀਅਨ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਤੇ ਨੌਜਵਾਨ ਭਾਰਤ ਸਭਾ ਵੱਲੋਂ ਡੀ ਸੀ ਦਫ਼ਤਰ ਫਾਜ਼ਿਲਕਾ ਸਾਹਮਣੇ ਵੱਡਾ ਇਕੱਠ ਕਰਕੇ ਧਰਨਾ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿੱਚ ਹੜ੍ਹ ਪ੍ਰਭਾਵਿਤ ਪਿੰਡਾਂ ਤੋਂ ਸੈਂਕੜਿਆਂ ਦੀ ਗਿਣਤੀ ਵਿੱਚ ਲੋਕ ਪਹੁੰਚੇ।ਇਸ ਮੌਕੇ ਇਨ੍ਹਾਂ ਹੜ੍ਹ ਪ੍ਰਭਾਵਿਤ ਪਿੰਡਾਂ ਦੀਆਂ ਮੰਗਾਂ ਨਾਲ ਸੰਬੰਧਤ ਪੰਜਾਬ ਸਰਕਾਰ ਦੇ ਨਾਮ ਮੰਗ ਪੱਤਰ ਦਿੱਤਾ ਗਿਆ।

ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਜਨਰਲ ਸਕੱਤਰ ਰਜਿੰਦਰ ਸਿੰਘ ਦੀਪਸਿੰਘ ਵਾਲਾ, ਫਾਜ਼ਿਲਕਾ ਦੇ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਚੱਕ ਸੈਦੋ ਕੇ, ਪੰਜਾਬ ਸਟੂਡੈਂਟਸ ਯੂਨੀਅਨ ਦੇ ਜਨਰਲ ਸਕੱਤਰ ਧੀਰਜ ਫਾਜ਼ਿਲਕਾ, ਫਾਜ਼ਿਲਕਾ ਦੇ ਜ਼ਿਲ੍ਹਾ ਪ੍ਰਧਾਨ ਕਮਲਜੀਤ ਮੁਹਾਰਖੀਵਾ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਜਨਰਲ ਸਕੱਤਰ ਮਹਿੰਦਰ ਕੌੜੀਆ ਵਾਲੀ, ਨੌਜਵਾਨ ਭਾਰਤ ਸਭਾ ਦੇ ਆਗੂ ਰਾਜਨ ਮੁਹਾਰਸੋਨਾ, ਰਮਨਦੀਪ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਡੈਮ ਸੇਫਟੀ ਐਕਟ ਬਣਾ ਕੇ ਪੰਜਾਬ ਦੇ ਡੈਮਾਂ ਉੱਤੇ ਕੰਟਰੋਲ ਸਥਾਪਤ ਕਰ ਕੇ ਡੈਮਾਂ ਉੱਪਰ ਪੰਜਾਬ ਦੀ ਨੁਮਾਇੰਦਗੀ ਪੂਰਨ ਤੌਰ 'ਤੇ ਖ਼ਤਮ ਕਰ ਦਿੱਤੀ ਹੈ, ਜਿਸ ਕਰਕੇ ਪੰਜਾਬ ਨੂੰ ਡੋਬਣ ਤੇ ਸੁੱਕਾ ਮਾਰਨ ਦਾ ਪੂਰਨ ਅਧਿਕਾਰ ਕੇਂਦਰ ਸਰਕਾਰ ਕੋਲ ਚਲਾ ਗਿਆ ਹੈ, ਜੋ ਕਿ ਰਾਜਾਂ ਦੇ ਅਧਿਕਾਰਾਂ ਦਾ ਬਹੁਤ ਵੱਡਾ ਘਾਣ ਹੈ।ਇਸ ਦੇ ਨਾਲ ਹੀ ਦੂਜੇ ਪਾਸੇ ਹਰਿਆਣਾ ਤੇ ਰਾਜਸਥਾਨ ਨੂੰ ਬਿਨਾਂ ਕਿਸੇ ਰਾਇਲਟੀ ਤੋਂ ਪਾਣੀ ਲੁਟਾਇਆ ਜਾ ਰਿਹਾ ਹੈ, ਪਰ ਜਦੋਂ ਵੱਧ ਪਾਣੀ ਦੀ ਆਮਦ ਹੁੰਦੀ ਹੈ ਤਾਂ ਉਸ ਲਈ ਪੰਜਾਬ ਨੂੰ ਡੁੱਬਣ ਲਈ ਛੱਡ ਦਿੱਤਾ ਜਾਂਦਾ ਹੈ।ਕੇਂਦਰ ਸਰਕਾਰ ਲਗਾਤਾਰ ਰਾਜਾਂ ਦੇ ਅਧਿਕਾਰਾਂ 'ਤੇ ਡਾਕੇ ਮਾਰਦੀ ਆ ਰਹੀ ਹੈ। ਇਸ ਦੇ ਨਾਲ ਹੀ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਮਨਦੀਪ ਚੱਕ ਸੈਦੋ ਕੇ ਤੇ ਹਰਮੀਤ ਝੁੱਗੀਆਂ, ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਮਮਤਾ ਲਾਧੂਕਾ ਤੇ ਆਦਿੱਤਿਆ ਫਾਜ਼ਿਲਕਾ, ਨੌਜਵਾਨ ਭਾਰਤ ਸਭਾ ਦੇ ਆਗੂ ਜੈਮਲ ਸਿੰਘ, ਰੂਪ ਸਿੰਘ ਨੇ ਕਿਹਾ ਕਿ ਕਦੇ ਵੀ ਇਨ੍ਹਾਂ ਸਰਕਾਰਾਂ ਨੇ ਲੋਕਾਂ ਦੀ ਕੋਈ ਸਾਰ ਨਹੀਂ ਲਈ, ਇਨ੍ਹਾਂ ਲੋਕਾਂ ਨੂੰ ਹਮੇਸ਼ਾ ਹੀ ਕਦੇ ਜੰਗਾਂ ਤੇ ਕਦੇ ਹੜ੍ਹਾਂ ਵਿੱਚ ਉਜੜਨ ਲਈ ਛੱਡ ਦਿੱਤਾ ਜਾਂਦਾ ਹੈ।ਇਨ੍ਹਾਂ ਲੋਕਾਂ ਨੂੰ ਸਿਰਫ਼ ਵੋਟਾਂ ਲੈਣ ਲਈ ਹੀ ਵਰਤਿਆ ਜਾਂਦਾ ਹੈ ਤੇ ਸਹੂਲਤਾਂ ਦੇ ਨਾਮ 'ਤੇ ਸਿਰਫ਼ ਗੋਂਗਲੂਆਂ ਤੋਂ ਮਿੱਟੀ ਉਤਾਰਨ ਦਾ ਕੰਮ ਹੀ ਕੀਤਾ ਜਾਂਦਾ ਹੈ।ਅੰਤ ਆਗੂਆਂ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਇਨ੍ਹਾਂ ਹੱਕੀ ਮੰਗਾਂ ਨੂੰ ਫੌਰੀ ਹੱਲ ਕੀਤਾ ਜਾਵੇ ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਸਰਕਾਰ ਖ਼ਿਲਾਫ ਵੱਡਾ ਸੰਘਰਸ਼ ਉਲੀਕਿਆ ਜਾਵੇਗਾ।ਇਸ ਮੌਕੇ ਧਰਮਪ੍ਰੀਤ, ਅਕਾਸ਼, ਜਸ਼ਨ, ਰਮਨ, ਅਰਸ਼ਦੀਪ ਤੇ ਪਿੰਡਾਂ ਦੇ ਹੋਰ ਲੋਕ ਹਾਜ਼ਰ ਸਨ।

# ਪੈਨਸ਼ਨਰਜ਼ ਐਸੋਸੀਏਸ਼ਨ ਜਲਾਲਾਬਾਦ ਦੀ ਮਹੀਨਾਵਾਰ ਮੀਟਿੰਗ



**ਜਲਾਲਾਬਾਦ (ਜੀਤ ਕੁਮਾਰ)**

ਪੰਜਾਬ ਪੈਨਸ਼ਨਰਜ਼ ਐਸੋਸੀਏਸ਼ਨ ਜਲਾਲਾਬਾਦ ਦੀ ਮਹੀਨਾਵਾਰ ਮੀਟਿੰਗ ਪੈਨਸ਼ਨਰਜ਼ ਭਵਨ ਜਲਾਲਾਬਾਦ ਵਿਖੇ ਪ੍ਰਧਾਨ ਬਲਬੀਰ ਸਿੰਘ ਦੀ ਅਗਵਾਈ ਹੇਠ ਸੰਪੰਨ ਹੋਈ, ਜਿਸ ਵਿੱਚ ਦੂਨੀ ਚੰਦ ਚੌਤਰਾ ਨੇ ਮੁਲਾਜ਼ਮ ਤੇ ਪੈਨਸ਼ਨਰਜ਼ ਮੰਗਾਂ ਸਬੰਧੀ ਵਿਸਥਾਰ ਪੂਰਵਕ ਆਪਣੇ ਵਿਚਾਰ ਪੇਸ਼ ਕੀਤੇ। ਗੁਰਦੀਪ ਸਿੰਘ ਫਾਜ਼ਕਾ ਨੇ ਆਪਣੇ ਪ੍ਰਭਾਵਸ਼ਾਲੀ ਸੰਬੋਧਨ ਵਿੱਚ ਸਰਕਾਰ ਨੂੰ ਮੁਲਾਜ਼ਮ ਤੇ ਪੈਨਸ਼ਨਰਜ਼ ਦੀਆਂ ਮੰਗਾਂ ਦਾ ਹੱਲ ਕਰਨ ਦੀ ਮੰਗ ਕੀਤੀ ਕੀਤੀ। ਸਰਪ੍ਰਸਤ ਦੇਸ ਰਾਜ ਗਾਂਧੀ ਨੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਮੁਲਾਜ਼ਮ-ਪੈਨਸ਼ਨਰਜ਼ ਪੱਖੀ ਸਰਕਾਰ ਬਣਨ ਦੇ ਜ਼ੋਰ ਦਿੱਤਾ। ਰਾਜ ਕੁਮਾਰ ਤੇ ਸਤੀਸ਼ ਕੁਮਾਰ ਚਰਾਇਆ ਨੇ ਸਰਕਾਰ ਦੀਆਂ ਮੁਲਾਜ਼ਮ/ਪੈਨਸ਼ਨਰਜ਼ ਦੀਆਂ ਸਾਂਝੀਆਂ ਮੰਗਾਂ ਦਾ ਹੱਲ ਕਰਵਾਉਣ ਲਈ ਸਮੂਹ ਜਥੇਬੰਦੀਆਂ ਨੂੰ ਇਕਮੁੱਠ ਹੋਣ ਦਾ ਸੱਦਾ ਦਿੱਤਾ। ਰਾਜ ਕੁਮਾਰ ਬਜਾਜ, ਪ੍ਰਕਾਸ਼ ਦੋਸ਼ੀ, ਗੋਬਿੰਦ ਰਾਮ ਨੰਦਾ, ਪ੍ਰਵੇਸ਼ ਖੰਨਾ, ਨਿਰਮਲਜੀਤ ਸਿੰਘ ਬਰਾੜ ਨੇ ਆਪਣੇ ਵਿਚਾਰ ਪੇਸ਼ ਕੀਤੇ। ਸਟੇਜ ਸਕੱਤਰ ਦੀ ਭੂਮਿਕਾ ਪ੍ਰਵੇਸ਼ ਖੰਨਾ ਨੇ ਬਾਖੂਬੀ ਨਿਭਾਈ। ਮੀਟਿੰਗ ਦੇ ਅੰਦਰ ਵਿੱਚ ਪ੍ਰਧਾਨ ਬਲਬੀਰ ਸਿੰਘ ਪੁਆਰ ਨੇ ਸਰਕਾਰ ਤੋਂ ਮੁਲਾਜ਼ਮ ਤੇ ਪੈਨਸ਼ਨਰਜ਼ ਦੀਆਂ ਮੰਗਾਂ ਜਿਵੇਂ ਕਿ ਬਕਾਇਆ ਡੀ.ਏ., 6ਵੇਂ ਪੇ-ਕਮਿਸ਼ਨ ਦਾ ਬਕਾਇਆ, ਜਿਨ੍ਹਾਂ ਦਾ ਅਜੇ ਨਹੀਂ ਆਇਆ, ਉਹ ਜਲਦੀ ਖਾਤਿਆਂ ਵਿੱਚ ਪਾਉਣ ਤੇ 2.59 ਦੇ ਹਿਸਾਬ ਨਾਲ ਪੇ-ਫਿਕਸੇਸ਼ਨ ਦੀ ਮੰਗ ਪੂਰੀ ਕਰਨ ਦੀ ਮੰਗ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਿਸ਼ਭੇ ਸਿੰਘ, ਕੇਦਾਰ ਨਾਥ ਨਾਗਪਾਲ, ਪਿੰਦਰ ਕੁਮਾਰ, ਬਲਬੀਰ ਸਿੰਘ ਰੰਡੇਵਾਲ, ਕੇਵਲ ਕ੍ਰਿਸ਼ਨ ਸੇਠੀ, ਗੁਰਨਾਮ ਸਿੰਘ, ਜਸਵ ਸਿੰਘ, ਜੋਗਿੰਦਰ ਸਿੰਘ, ਗੁਰਮੀਤ ਸਿੰਘ, ਰਾਜਿੰਦਰ ਭੱਟੀ, ਮੁਲਖ ਰਾਜ, ਜੈ ਕਿਸ਼ਨ, ਗੁਰਮੀਤ ਸਿੰਘ ਆਦਿ ਮੌਜੂਦ ਸਨ।

# ਰੇਲਵੇ ਓਵਰਬ੍ਰਿਜ ਹੇਠਾਂ ਨਸ਼ੇੜੀਆਂ ਦੇ ਜਮਾਵੜੇ ਤੋਂ ਅੱਕੇ ਲੋਕਾਂ ਵੱਲੋਂ ਰੋਸ ਪ੍ਰਗਟ

## ਓਵਰਬ੍ਰਿਜ ਹੇਠਾਂ ਪੁਲਸ ਮੁਲਾਜ਼ਮ ਪੱਕੇ ਤੌਰ 'ਤੇ ਤਾਇਨਾਤ ਕਰਨ ਦੀ ਮੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜਲਾਲਾਬਾਦ ਰੋਡ ਰੇਲਵੇ ਓਵਰਬ੍ਰਿਜ ਹੇਠਾਂ ਪੌੜੀਆਂ ਤੇ ਪੁਲ ਦੀਆਂ ਪੌੜੀਆਂ ਉੱਪਰ ਨਸ਼ੇੜੀਆਂ ਦਾ ਅੱਡਾ ਹੀ ਬਣ ਗਿਆ ਹੈ ਤੇ ਅਕਸਰ ਇੱਥੇ ਫਾਟਕ 'ਤੇ ਨਸ਼ਾ ਕਰਨ ਵਾਲੇ ਨਸ਼ੇੜੀ ਕਿਸਮ ਦੇ ਲੋਕ ਲੜਦੇ-ਝਗੜਦੇ ਰਹਿੰਦੇ ਨੇ, ਜਿਸ ਦੇ ਚਲਦਿਆਂ ਦੁਕਾਨਦਾਰਾਂ ਤੇ ਆਮ ਲੋਕਾਂ 'ਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ।ਨਸ਼ੇੜੀਆਂ ਤੋਂ ਅੱਕੇ ਜਲਾਲਾਬਾਦ ਰੋਡ ਰੇਲਵੇ ਫਾਟਕ ਦੇ ਦੁਕਾਨਦਾਰਾਂ ਵੱਲੋਂ ਸ਼ੁੱਕਰਵਾਰ ਨੂੰ ਡੀਐੱਸਪੀ ਅਮਨਦੀਪ ਨਾਲ ਮੁਲਾਕਾਤ ਕਰਕੇ ਫਾਟਕ 'ਤੇ ਹਰ ਵੇਲੇ ਚਾਰ ਅਜਿਹੇ ਪੁਲਸ ਮੁਲਾਜ਼ਮਾਂ ਦੀ ਡਿਊਟੀ ਲਾਉਣ ਦੀ ਮੰਗ ਕੀਤੀ ਗਈ, ਜਿਹੜੇ ਈਮਾਨਦਾਰੀ ਨਾਲ ਇੱਥੇ ਡਿਊਟੀ ਦੇ ਕੇ ਨਸ਼ੇੜੀਆਂ 'ਤੇ ਲਗਾਮ ਲਾਉਣ।ਇਹ ਕਹਿਣਾ ਹੈ ਸ੍ਰੀ ਮੁਕਤਸਰ ਸਾਹਿਬ ਦੇ ਜਲਾਲਾਬਾਦ ਰੋਡ ਦੇ ਦੁਕਾਨਦਾਰਾਂ ਦਾ, ਜਿਹੜੇ ਸ਼ੁੱਕਰਵਾਰ ਨੂੰ ਇੱਕਠੇ ਹੋਏ ਤੇ ਪੁਲਸ ਪ੍ਰਸ਼ਾਸਨ ਖ਼ਿਲਾਫ਼ ਨਸ਼ਾ ਤਸਕਰਾਂ 'ਤੇ ਕਾਰਵਾਈ ਨਾ ਕਰਨ ਕਰਦਿਆਂ ਫਾਟਕ 'ਤੇ ਖੜੇ ਹੋਣ ਵਾਲੇ ਨਸ਼ੇੜੀ ਲੋਕਾਂ ਤੋਂ ਨਿਜਾਤ ਦੁਆਉਣ ਦੀ ਮੰਗ ਕੀਤੀ।

ਦੁਕਾਨਦਾਰ ਅੰਕੁਸ਼ ਤਰੇਜਾ, ਅਜੇ ਕੁਮਾਰ, ਸੁਰਿੰਦਰ ਦਾਬੜਾ, ਸ਼ਾਲੂ ਜੁਨੇਜਾ, ਡਿੰਪਲ ਜੈਨ, ਪ੍ਰਦੀਪ ਕੁਮਾਰ, ਗੁਰਮੀਤ ਮੀਤਾ, ਰਜਿੰਦਰ ਲਾਟਰੀ ਵਾਲੇ, ਰਿੰਕੂ ਸਾਈਕਲ ਵਾਲਾ, ਗੁਲਸ਼ਨ ਬੇਕਰੀ ਵਾਲਾ, ਵੀਕੇ ਇਨਵਰਟਰ ਵਾਲਾ ਸਮੇਤ ਹੋਰ ਲੋਕਾਂ ਨੇ ਪੁਲਸ ਪ੍ਰਸ਼ਾਸਨ ਤੋਂ ਫਾਟਕ ਤੇ ਸੁਰੱਖਿਆ ਵਧਾਉਣ ਦੀ ਮੰਗ ਕੀਤੀ ਹੈ।ਦੁਕਾਨਦਾਰਾਂ ਨੇ ਕਿਹਾ ਕਿ ਪਹਿਲਾਂ ਤਾਂ ਓਵਰਬ੍ਰਿਜ ਕਰਕੇ ਉਨ੍ਹਾਂ ਦੀ ਦੁਕਾਨਦਾਰੀ ਵੈਸੇ ਹੀ ਬਹੁਤ ਪ੍ਰਭਾਵਤ ਹੋ ਗਈ ਸੀ, ਰਹੀ ਸਹੀ ਕਸਰ ਇਨ੍ਹਾਂ ਅਸਮਾਜਕ ਤੱਤਾਂ ਕਰਕੇ ਪੂਰੀ ਹੋ ਗਈ ਹੈ।ਇੱਥੋਂ ਲੋਕਾਂ ਦਾ ਲੰਘਣਾ ਹੀ ਔਖਾ ਹੋ ਗਿਆ ਹੈ ਤੇ ਔਰਤਾਂ ਨੂੰ ਬੜੀਆਂ ਦਿੱਕਤਾਂ ਪੇਸ਼ ਆਉਂਦੀਆਂ ਹਨ।ਇਹਨੀ ਨਸ਼ਾ ਕਰਨ ਵਾਲਿਆਂ 'ਚ ਕਈ ਲੜਕੀਆਂ ਵੀ ਸ਼ਾਮਲ ਹੁੰਦੀਆਂ ਨੇ, ਜੋ ਖੁਦ ਨਸ਼ਾ ਕਰਦੀਆਂ ਨਜ਼ਰ ਆਉਂਦੀਆਂ ਨੇ।ਫਾਟਕ ਨੇੜੇ ਮਾਹੌਲ ਬਿਲਕੁਲ ਖ਼ਰਾਬ ਹੋ ਚੁੱਕਾ ਹੈ ਤੇ ਹਰ ਵੇਲੇ ਦਹਿਸ਼ਤ ਦਾ ਮਾਹੌਲ ਬਣਿਆ ਰਹਿੰਦਾ ਹੈ।

ਲੋਕਾਂ ਦਾ ਕਹਿਣਾ ਹੈ ਕਿ ਕਿ ਫਾਟਕ ਨੇੜੇ ਕਈ ਦੁਕਾਨਾਂ 'ਚ ਸ਼ਰੇਆਮ 'ਚ ਚਿੱਟਾ ਸ਼ਰੇਆਮ ਵਿਕਦਾ ਹੈ, ਪਰ ਪੁਲਸ ਪ੍ਰਸ਼ਾਸਨ ਪਤਾ ਨਹੀਂ ਕਿਉਂ ਇਨ੍ਹਾਂ ਨਸ਼ਾ ਵੇਚਣ ਵਾਲਿਆਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕਰਦਾ? ਉਨ੍ਹਾਂ ਦੱਸਿਆ ਕਿ ਦੁਕਾਨਦਾਰ ਪਹਿਲਾਂ ਸਵੇਰੇ 5 ਵਜੇ ਆਉਂਦੇ ਸਨ ਤੇ ਰਾਤ 11 ਵਜੇ ਦੁਕਾਨਾਂ 'ਤੇ ਬੈਠੇ ਰਹਿੰਦੇ ਸਨ, ਪਰ ਹੁਣ ਡਰ ਦਾ ਮਾਹੌਲ ਇਸ ਕਦਰ ਬਣ ਚੁੱਕਾ ਹੈ ਕਿ ਹੁਣ ਦੁਕਾਨਦਾਰ ਸਵੇਰੇ 11 ਵਜੇ ਆਉਂਦੇ ਤੇ 5 ਵਜੇ ਦੁਕਾਨਾਂ ਵਧਾ ਕੇ ਚਲੇ ਜਾਂਦੇ ਨੇ।ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ 7 ਅਕਤੂਬਰ ਨੂੰ ਪੁਰਾਣੀ ਦਾਣਾ ਮੰਡੀ ਵਿਖੇ ਬਾਬਾ ਖੇਤਰਪਾਲ ਜੀ ਦੇ ਜਾਗਰਣ ਮੌਕੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੇ ਆਉਣ ਦੀ ਗੱਲ ਆਖੀ ਜਾ ਰਹੀ ਹੈ, ਜੇਕਰ ਜਾਗਰਣ 'ਚ ਮੁੱਖ ਮੰਤਰੀ ਆਉਂਦੇ ਨੇ ਤਾਂ ਦੁਕਾਨਦਾਰ ਉਨ੍ਹਾਂ ਨੂੰ ਮਿਲਣਗੇ ਤੇ ਇਹ ਮਸਲਾ ਚੁੱਕਣਗੇ।ਜੇਕਰ ਫਿਰ ਵੀ ਕੋਈ ਮਸਲਾ ਹੱਲ ਨਹੀਂ ਹੁੰਦਾ ਤਾਂ ਇਸ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਪੁਲਸ ਪ੍ਰਸ਼ਾਸਨ ਫਾਟਕ 'ਤੇ ਚਾਰ ਈਮਾਨਦਾਰ ਪੁਲਸ ਮੁਲਾਜ਼ਮਾਂ ਦੀ ਪੱਕੀ ਡਿਊਟੀ ਲਾਵੇ, ਤਾਂ ਜੋ ਨਸ਼ੇੜੀਆਂ 'ਤੇ ਨਕੇਲ ਕੱਸੀ ਜਾ ਸਕੇ।

## ਕਾਤਰਾਂ

### ਬਿਜਲੀ ਬੰਦ ਰਹੇਗੀ

**ਮੂਨਕ (ਰਾਜਪਾਲ ਸਿੰਗਲਾ)**-ਬਿਜਲੀ ਲਾਈਨਾਂ ਦੀ ਹੋ ਰਹੀ ਮੁਰੰਮਤ ਨੂੰ ਲੈ ਕੇ ਕੁਝ ਇਲਾਕਿਆਂ ਦੀ 24 ਘੰਟੇ ਵਾਲੀ ਬਿਜਲੀ ਬੰਦ ਰਹੇਗੀ।ਪਾਵਰਕਾਮ ਦਫਤਰ ਮੂਨਕ ਦੇ ਐਸ ਡੀ ਓ ਜੋਧਾ ਰਾਮ ਨੇ ਪ੍ਰੈੱਸ ਨੂੰ ਦੱਸਿਆ ਕਿ 4 ਅਕਤੂਬਰ ਨੂੰ ਮੂਨਕ ਬਾਲਕਨਾਥ ਕੈਂਟ-ਏ ਫੀਡਰ ਦੇ ਫੈਕਟਰੀ ਇਲਾਕੇ ਦੀ ਖਾਸ ਕਰਕੇ ਬਿਜਲੀ ਸਪਲਾਈ ਬੰਦ ਰਹੇਗੀ ਅਤੇ ਆਈ ਟੀ ਆਈ ਕੈਂਟ-1 ਫੀਡਰ ਦੀ 24 ਘੰਟੇ ਵਾਲੀ ਬਿਜਲੀ ਲਾਈਨਾਂ ਦੀ ਚੱਲ ਰਹੀ ਮੁਰੰਮਤ ਨੂੰ ਲੈ ਕੇ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਬਿਜਲੀ ਬੰਦ ਰਹੇਗੀ।ਜਿਸ ਦੇ ਨਾਲ ਖਾਸ ਕਰਕੇ ਤਾਲਿਬ ਚੌਕ ਤੇ ਹੰਸ ਰਾਜ ਪਾਰਕ ਵਾਲੇ ਇਲਾਕੇ ਦੀ ਬਿਜਲੀ ਸਪਲਾਈ ਬੰਦ ਰਹੇਗੀ।ਉਨ੍ਹਾਂ ਕਿਹਾ ਕਿ ਬਿਜਲੀ ਬੰਦ ਦੇ ਸਮੇਂ ਵਿੱਚ ਵੱਧ ਘੱਟ ਹੋ ਸਕਦੀ ਹੈ।

### 60 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ 60 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਕਰਕੇ ਇੱਕ ਵਿਅਕਤੀ ਖਿਲਾਫ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸੁਖਬੀਰ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਗਸ਼ਤ 'ਤੇ ਸੀ ਤਾਂ ਇਸ ਦੌਰਾਨ ਖਾਸ ਮੁਖ਼ਬਰ ਨੇ ਇਤਲਾਹ ਦਿੱਤੀ ਕਿ ਸੁਖਦੇਵ ਸਿੰਘ ਉਰਫ ਸੁੱਖਾ ਪੁੱਤਰ ਮੱਖਣ ਸਿੰਘ ਵਾਸੀ ਨਵਾਂ ਬਾਰੇ ਕੇ ਨਜਾਇਜ਼ ਸ਼ਰਾਬ ਕੱਢਣ ਤੇ ਵੇਚਣ ਦਾ ਆਦੀ ਹੈ ਤੇ ਆਪਣੇ ਪਾਸ ਨਜਾਇਜ਼ ਸ਼ਰਾਬ ਰੱਖ ਕੇ ਅੱਗੇ ਵੇਚਣ ਲਈ ਜੋੜੀਆਂ ਨਹਿਰਾਂ ਪਿੰਡ ਬਾਰੇ ਕੇ ਗਾਹਕਾਂ ਦਾ ਇੰਤਜ਼ਾਰ ਕਰ ਰਿਹਾ ਹੈ। ਪੁਲਸ ਨੇ ਦੱਸਿਆ ਕਿ ਜਦੋਂ ਉਕਤ ਦੋਸ਼ੀ 'ਤੇ ਛਾਪੇਮਾਰੀ ਕੀਤੀ ਤਾਂ ਦੋਸ਼ੀ ਮੌਕੇ ਤੋਂ ਭੱਜਣ ਵਿੱਚ ਕਾਮਯਾਬ ਹੋ ਗਿਆ, ਪਰ ਮੌਕੇ 'ਤੇ 60 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਪਰਾਲੀ ਨੂੰ ਅੱਗ ਲਾਉਣ ਵਾਲੇ ਕਿਸਾਨ ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਮਦੋਟ ਵਿਖੇ ਇਕ ਕਿਸਾਨ ਵੱਲੋਂ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦੇ ਦੋਸ਼ ਵਿੱਚ ਉਸ ਖਿਲਾਫ ਥਾਣਾ ਮਮਦੋਟ ਪੁਲਸ ਨੇ 223 ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਮਮਦੋਟ ਪੁਲਸ ਦੇ ਸਹਾਇਕ ਥਾਣੇਦਾਰ ਜੋਰਾ ਸਿੰਘ ਨੇ ਦੱਸਿਆ ਕਿ ਇਕ ਨੰਬਰ 801 ਮਿਤੀ 1 ਅਕਤੂਬਰ 2025 ਸਮੇਤ ਨੋਡਲ ਅਫਸਰ ਜਸਪ੍ਰੀਤ ਸਿੰਘ ਦੀ ਰਿਪੋਰਟ ਦਫਤਰ ਤਹਿਸੀਲਦਾਰ ਫਿਰੋਜ਼ਪੁਰ ਬਖਖਿਲਾਫ ਜੰਗੀਰ ਸਿੰਘ ਪੁੱਤਰ ਪਾਲਾ ਸਿੰਘ ਵਾਸੀ ਪਿੰਡ ਭਾਵੜਾ ਆਜ਼ਮ ਸ਼ਾਹ, ਜੋ ਪਿੰਡ ਭਾਵੜਾ ਆਜ਼ਮ ਸ਼ਾਹ ਵਿਖੇ ਉਕਤ ਕਿਸਾਨ ਵੱਲੋਂ ਆਪਣੇ ਖੇਤ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਗਾਈ ਹੈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### 2 ਪਿਸਟਲਾਂ ਸਮੇਤ ਦੋ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਮਮਦੋਟ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਦੋ ਪਿਸਟਲ ਗਲੋਕ ਮੇਡ ਇਨ ਅਸਟਰੇਲੀਆ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਅਸਲਾ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਓਮ ਪ੍ਰਕਾਸ਼ ਨੇ ਦੱਸਿਆ ਕਿ ਸਮੇਤ ਪੁਲਸ ਪਾਰਟੀ ਦੇ ਬੀਐੱਸਐੱਫ ਕਰਮਚਾਰੀਆਂ ਦੇ ਮੁਖ਼ਬਰੀ ਦੇ ਆਧਾਰ 'ਤੇ ਦੋਸ਼ੀਆਨ ਸੁਰਜੀਤ ਸਿੰਘ ਪੁੱਤਰ ਜਸਵਿੰਦਰ ਸਿੰਘ ਤੇ ਗੁਰਮੇਜ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀਅਨ ਗੰਦੂ ਕਿਲਚਾ ਮਮਦੋਟ ਨੂੰ ਕਾਬੂ ਕਰਕੇ ਉਨ੍ਹਾਂ ਦੀ ਨਿਸ਼ਾਨਦੇਹੀ ਤੋਂ ਹਵੇਲੀ ਵਿੱਚੋਂ 2 ਪਿਸਟਲ ਗਲੋਕ ਬਰਾਮਦ ਕੀਤੇ ਹਨ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਸਰਕਾਰ ਨੇ ਮੁਲਾਜ਼ਮਾਂ ਨੂੰ ਸਤੰਬਰ ਮਹੀਨੇ ਦੀ ਤਨਖਾਹ ਦੇਣ ਤੋਂ ਹੱਥ ਖੜ੍ਹੇ ਕੀਤੇ : ਚਾਹਲ

## *ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਸਖਤ ਸ਼ਬਦਾਂ 'ਚ ਨਿਖੇਧੀ*

**ਜ਼ੀਰਾ (ਨਰਿੰਦਰ ਅਨੇਜਾ)**-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ ਅਤੇ ਪ੍ਰੈੱਸ ਸਕੱਤਰ ਕਰਨੈਲ ਫਿਲੌਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਜਿੱਥੇ ਮੁੱਖ ਮੰਤਰੀ ਪੰਜਾਬ ਇਹ ਕਹਿੰਦੇ ਨਹੀਂ ਸੀ ਥੱਕਦੇ ਕਿ ਪੰਜਾਬ ਦਾ ਖਜ਼ਾਨਾ ਭਰਿਆ ਹੋਇਆ ਹੈ, ਪਿਛਲੀਆਂ ਸਰਕਾਰਾਂ ਨੂੰ ਮਾਲੀਆ ਇਕੱਠੇ ਕਰਨ ਦਾ ਢੰਗ ਨਹੀਂ ਸੀ।ਐਵੇਂ ਹੀ ਆਮ ਆਦਮੀ ਪਾਰਟੀ ਦਾ ਸੁਪਰੀਮੋ ਅਰਵਿੰਦ ਕੇਜਰੀਵਾਲ ਕਹਿੰਦਾ ਸੀ ਕਿ ਮੈਂ ਬਾਣੀਏ ਦਾ ਮੁੰਡਾ, ਮੈਨੂੰ ਪਤਾ ਕਿਵੇਂ ਪੈਸਾ ਬਣਾਉਣਾ ਹੁੰਦਾ ਹੈ, ਪਰ ਜੇਕਰ ਹੁਣ ਪੰਜਾਬ ਸਰਕਾਰ ਦੀ ਗੱਲ ਕਰੀਏ ਤਾਂ ਸਾਲ ਵਿੱਚ ਬਹੁਤੇ ਮਹੀਨਿਆਂ ਦੀ ਤਰ੍ਹਾਂ ਇਸ ਮਹੀਨੇ ਵੀ ਸਤੰਬਰ ਮਹੀਨੇ ਦੀ ਤਨਖਾਹ ਦੇਣ 'ਤੇ ਖਜ਼ਾਨਿਆਂ ਵਿੱਚ ਜ਼ੁਬਾਨੀ ਰੋਕ ਲਗਾ ਦਿੱਤੀ ਹੈ ਪੰਜਾਬ ਦੇ ਮੁਲਾਜ਼ਮਾਂ ਦਾ ਦੁਸਹਿਰਾ ਦੀ ਫਿੱਕਾ ਲੰਘਾ ਦਿੱਤਾ ਹੈ। ਜੀਟੀਯੂ ਪੰਜਾਬ ਦੇ ਆਗੂਆਂ ਨੇ ਮੰਗ ਕੀਤੀ ਹੈ ਕਿ ਤਨਖਾਹਾਂ ਸਮੇਂ ਸਿਰ ਜਾਰੀ ਕੀਤੀਆਂ ਜਾਣ। ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਜਦੋਂ ਦੀ ਇਹ ਬਦਲਾਵ ਵਾਲੀ ਸਰਕਾਰ ਹੋਂਦ ਵਿੱਚ ਆਈ ਹੈ, ਉਦੋਂ ਤੋਂ ਮੁਲਾਜ਼ਮਾਂ ਦੀਆਂ ਬਹੁਤ ਸਾਰੀਆਂ ਮੰਗਾਂ ਪੈਂਡਿੰਗ ਪਈਆਂ ਹਨ, ਪਰ ਇਸ ਸਰਕਾਰ ਨੇ ਮੁਲਾਜ਼ਮਾਂ ਦੀ ਕੋਈ ਵੀ ਵਿੱਤੀ ਮੰਗ ਜਿਵੇਂ ਕਿ ਕੱਟੇ ਹੋਏ ਕਈ ਤਰ੍ਹਾਂ ਦੇ ਭੱਤੇ ਤੇ ਡੀ ਏ ਦੀਆਂ ਕਿਸ਼ਤ ਵੀ ਜਾਰੀ ਨਹੀਂ ਕੀਤੀ। ਕੇਂਦਰ ਸਰਕਾਰ ਵੱਲੋਂ ਬੀਤੇ ਦਿਨ 3% ਡੀਏ ਵਧਾ ਦਿੱਤਾ ਗਿਆ ਹੈ, ਜਦੋਂਕਿ ਪੰਜਾਬ ਸਰਕਾਰ ਨੇ ਡੀ ਏ ਤਾਂ ਕੀ ਵਧਾਉਣਾ ਸੀ, ਸਗੋਂ ਮੁਲਾਜ਼ਮਾਂ ਦੀਆਂ ਤਨਖਾਹਾਂ 'ਤੇ ਵੀ ਜ਼ੁਬਾਨੀ ਰੋਕ ਲਗਾ ਦਿੱਤੀ ਗਈ ਹੈ।ਜੀਟੀਯੂ ਪੰਜਾਬ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਅਮੀਵਾਲ, ਕੁਲਦੀਪ ਪੁਰੋਵਾਲ, ਮੀਤ ਪ੍ਰਧਾਨ ਮਨੋਹਰ ਲਾਲ ਸ਼ਰਮਾ, ਗੁਰਦੀਪ ਬਾਜਵਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਇਨ੍ਹਾਂ ਮੁਲਾਜ਼ਮਾਂ ਦੀਆਂ ਤਨਖਾਹਾਂ ਨਾ ਮਿਲਣ ਕਾਰਨ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਵਿੱਤੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਬਹੁਤ ਸਾਰੇ ਮੁਲਾਜ਼ਮਾਂ ਨੇ ਆਪਣੇ ਕਈ ਤਰ੍ਹਾਂ ਦੇ ਕੰਮ ਕਾਜ ਬੈਂਕਾਂ ਤੋਂ ਲੋਨ ਲੈ ਕੇ ਕੀਤੇ ਹੋਏ ਹਨ ਅਤੇ ਸਹੀ ਸਮੇਂ 'ਤੇ ਤਨਖਾਹ ਨਾ ਮਿਲਣ ਕਾਰਨ ਉਹ ਬੈਂਕਾਂ ਦੇ ਵੀ ਡਿਫਾਲਟਰ ਹੋ ਜਾਂਦੇ ਹਨ। ਜੀਟੀਯੂ ਪੰਜਾਬ ਨੇ ਕਿਹਾ ਜੇਕਰ ਅੱਜ ਤਨਖਾਹ ਜਾਰੀ ਨਾ ਕੀਤੀ ਗਈ ਤਾਂ ਆਉਣ ਵਾਲੇ ਦਿਨਾਂ ਵਿੱਚ ਖਜ਼ਾਨਾ ਦਫਤਰਾਂ ਦਾ ਘੇਰਾਓ ਕੀਤਾ ਜਾਵੇਗਾ।

# ਯੂਨਾਈਟਡ ਨਰਸਿਜ਼ ਐਸੋਸੀਏਸ਼ਨ ਦਾ ਸੂਬਾ ਪੱਧਰੀ ਧਰਨਾ ਅੱਠਵੇਂ ਦਿਨ 'ਚ ਦਾਖਲ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਯੂ ਐੱਨ ਏ ਪੰਜਾਬ ਦੀ ਅਗਵਾਈ ਹੇਠ ਨਰਸਾਂ ਵੱਲੋਂ ਕੀਤਾ ਜਾ ਰਿਹਾ ਧਰਨਾ ਅੰਦੋਲਨ ਅੱਜ ਆਪਣੇ ਅੱਠਵੇਂ ਦਿਨ ਵਿੱਚ ਦਾਖ਼ਲ ਹੋ ਗਿਆ ਹੈ।ਇਹ ਸੰਘਰਸ਼ ਕੇਵਲ ਨਰਸਿੰਗ ਕੈਡਰ ਦੇ ਹੱਕਾਂ ਦੀ ਲੜਾਈ ਨਹੀਂ, ਸਗੋਂ ਪੰਜਾਬ ਦੀ ਜਨਤਾ ਦੇ ਸਿਹਤ ਅਧਿਕਾਰਾਂ ਤੇ ਲੋਕਤੰਤਰ ਦੀ ਰੱਖਿਆ ਦੀ ਲੜਾਈ ਵੀ ਹੈ।ਪਿਛਲੇ ਕਈ ਸਾਲਾਂ ਤੋਂ ਪੰਜਾਬ ਸਰਕਾਰ ਵੱਲੋਂ ਨਰਸਿੰਗ ਕੇਡਰ ਨਾਲ ਕੀਤੀ ਜਾ ਰਹੀ ਬੇਇਨਸਾਫ਼ੀ ਹੁਣ ਆਪਣੀ ਹੱਦਾਂ ਪਾਰ ਕਰ ਚੁੱਕੀ ਹੈ।ਸਰਕਾਰ ਗ੍ਰੇਡ ਪੇ 4600 ਦੀ ਜਾਇਜ਼ ਮੰਗ ਨੂੰ ਲਟਕਾ ਕੇ ਰੱਖਿਆ ਗਿਆ ਹੈ।ਨਰਸਾਂ ਨੇ ਆਪਣੀ ਪਸੀਨੇ ਦੀ ਕਮਾਈ, ਆਪਣੀ ਜ਼ਿੰਦਗੀ ਤੇ ਆਪਣੀ ਸੇਵਾ ਪੰਜਾਬ ਦੇ ਲੋਕਾਂ ਨੂੰ ਸਮਰਪਤ ਕੀਤੀ ਹੈ, ਪਰ ਬਦਲੇ ਵਿੱਚ ਉਨ੍ਹਾਂ ਨੂੰ ਅਣ ਗਹਿਲਾ, ਅਪਮਾਨ ਤੇ ਸਰਕਾਰੀ ਜ਼ਬਰਦਸਤੀ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ।ਧਰਨੇ ਵਿੱਚ 3704 ਟੀਚਰ ਯੂਨੀਅਨਦੇ ਮੈਂਬਰਾਂ ਨੇ ਸ਼ਮੂਲੀਅਤ ਕਰਕੇ ਇਹ ਸਪੱਸ਼ਟ ਕੀਤਾ ਕਿ ਇਹ ਲੜਾਈ ਸਿਰਫ਼ ਨਰਸਾਂ ਦੀ ਨਹੀਂ, ਸਗੋਂ ਪੰਜਾਬ ਦੇ ਹਰ ਕਰਮਚਾਰੀ ਦੀ ਹੈ।3704 ਯੂਨੀਅਨ ਦੇ ਪ੍ਰਧਾਨ ਸ੍ਰੀ ਹਰਜਿੰਦਰ ਸਿੰਘ ਨੇ ਆਪਣੇ ਸ਼ਬਦਾਂ ਵਿੱਚ ਸਰਕਾਰ ਨੂੰ ਸਖ਼ਤ ਚੇਤਾਵਨੀ ਦਿੱਤੀ।ਉਨ੍ਹਾਂ ਕਿਹਾ ਕਿ ਨਰਸਾਂ ਦੇ ਨਾਲ ਹੋ ਰਿਹਾ ਜ਼ੁਲਮ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਐਸਮਾ ਐਕਟ ਨੂੰ ਲੋਕਤੰਤਰ 'ਤੇ ਕਾਲਾ ਧੱਬਾ ਦੱਸਦੇ ਹੋਏ ਕਿਹਾ ਕਿ ਸਰਕਾਰ ਲੋਕਾਂ ਦੀ ਸੇਵਾ ਕਰਨ ਵਾਲੀਆਂ ਨਰਸਾਂ ਨੂੰ ਦਬਾਉਣ ਦੀ ਨਾਕਾਮ ਕੋਸ਼ਿਸ਼ ਕਰ ਰਹੀ ਹੈ।ਇਹ ਐਕਟ ਨਾ ਸਿਰਫ਼ ਅਨਿਆਂ ਕਾਰੀ ਹੈ, ਸਗੋਂ ਲੋਕਾਂ ਦੇ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਵੀ ਹੈ।ਇਸ ਮੌਕੇ ਮਾਸਟਰ ਕੇਡਰ ਜ਼ਿਲ੍ਹਾ ਪਟਿਆਲਾ ਦੇ ਪ੍ਰਮੁੱਖ ਮੈਂਬਰ ਗੁਰਤੇਜ ਸਿੰਘ, ਬਿਕਰਮ ਸਿੰਘ, ਬਲਦੇਵ ਸਿੰਘ ਤੇ ਜਸਵੀਰ ਸਿੰਘ ਨੇ ਵੀ ਧਰਨੇ ਵਿੱਚ ਸ਼ਾਮਲ ਹੋ ਕੇ ਆਪਣਾ ਅਟੁੱਟ ਸਹਿਯੋਗ ਦਿੱਤਾ।ਇਹ ਸਾਫ਼ ਦਰਸਾਉਂਦਾ ਹੈ ਕਿ ਨਰਸਾਂ ਦਾ ਸੰਘਰਸ਼ ਹੁਣ ਇਕੱਲਾ ਨਹੀਂ ਰਿਹਾ, ਸਗੋਂ ਇਹ ਕਰਮਚਾਰੀਆਂ ਦੀ ਇਕਜੁੱਟਤਾ ਦਾ ਪ੍ਰਤੀਕ ਬਣ ਗਿਆ ਹੈ।ਧਰਨੇ ਵਿੱਚ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਮੁੱਖ ਆਗੂ ਰਨਜੀਤ ਸਿੰਘ ਤੇ ਸਭਜਪਾਲ ਸਿੰਘ ਨੇ ਸ਼ਮੂਲੀਅਤ ਕਰਦੇ ਹੋਏ ਕਿਹਾ ਕਿ ਨਰਸਾਂ ਦੀ ਇਹ ਲੜਾਈ ਦਰਅਸਲ ਪੰਜਾਬ ਦੇ ਲੋਕਾਂ ਦੀ ਲੜਾਈ ਹੈ। ਉਨ੍ਹਾਂ ਨੇ ਐਲਾਨ ਕੀਤਾ ਕਿ ਕਿਸਾਨ ਭਰਾਵਾਂ ਵਾਂਗ, ਨਰਸਾਂ ਨੂੰ ਵੀ ਜ਼ੁਲਮ ਦੇ ਖਿਲਾਫ਼ ਇਕ-ਇਕ ਮੋਰਚੇ 'ਤੇ ਪੂਰਾ ਸਹਿਯੋਗ ਦਿੱਤਾ ਜਾਵੇਗਾ।

# ਕਿਸਾਨ ਯੂਨੀਅਨ (ਏਕਤਾ ਸ਼ਾਦੀਪੁਰ) ਵੱਲੋਂ ਝੋਨੇ ਦੀ ਪਰਾਲੀ ਪ੍ਰਬੰਧਨ ਲਈ ਡੀ ਸੀ ਨੂੰ ਮੰਗ ਪੱਤਰ



**ਦੇਵੀਗੜ੍ਹ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਭਾਰਤੀ ਕਿਸਾਨ ਯੂਨੀਅਨ (ਏਕਤਾ ਸ਼ਾਦੀਪੁਰ) ਵੱਲੋਂ ਝੋਨੇ ਦੀ ਪਰਾਲੀ ਦੇ ਸੰਬੰਧ ਵਿੱਚ ਡੀ ਸੀ ਪਟਿਆਲਾ ਰਾਹੀਂ ਮੁੱਖ ਮੰਤਰੀ ਦੇ ਫੀਲਡ ਅਫ਼ਸਰ ਸਤੀਸ਼ ਚੰਦਰ ਨੂੰ ਬੂਟਾ ਸਿੰਘ ਸ਼ਾਦੀਪੁਰ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ (ਏਕਤਾ ਸ਼ਾਦੀਪੁਰ) ਦੀ ਅਗਵਾਈ ਵਿੱਚ ਜਥੇਬੰਦਕ ਆਗੂਆਂ ਵੱਲੋਂ ਮੰਗ ਪੱਤਰ ਦਿੱਤਾ ਗਿਆ, ਕਿਸਾਨਾਂ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ ਅਤੇ ਪਰਾਲੀ ਦੀ ਸੰਭਾਲ ਲਈ ਮਸ਼ੀਨਰੀ ਦਾ ਪੂਰਾ ਪ੍ਰਬੰਧ ਕਰਨ ਲਈ ਆਖਿਆ ਗਿਆ।ਮੌਸਮ ਦੀ ਮਾਰ ਹੇਠ ਆਏ ਝੋਨੇ ਦੇ ਝਾੜ ਵਿੱਚ ਵੱਡੀ ਗਿਰਾਵਟ ਕਾਰਨ ਕਿਸਾਨ ਪ੍ਰੇਸ਼ਾਨ ਹਨ ਅਤੇ ਉਪਰੋਂ ਪਰਾਲੀ ਦੇ ਨਿਪਟਾਰੇ ਲਈ ਖਰਚੇ ਨਾਲ ਕਿਸਾਨਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਲਈ ਸਰਕਾਰ ਨੂੰ ਬੇਨਤੀ ਹੈ ਕਿ ਇਸ ਦਾ ਜੇ ਕੋਈ ਢੁਕਵਾਂ ਹੱਲ ਕੱਢਿਆ ਜਾਵੇ ਨਹੀਂ ਤਾਂ ਭਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੇ ਫੈਸਲੇ ਅਨੁਸਾਰ ਵੱਡਾ ਸੰਘਰਸ਼ ਕੀਤਾ ਜਾਵੇਗਾ। ਮੁੱਖ ਮੰਤਰੀ ਫੀਲਡ ਅਫਸਰ ਸਤੀਸ਼ ਚੰਦਰ ਵੱਲੋਂ ਆਗੂਆਂ ਨੂੰ ਭਰੋਸਾ ਦਿਵਾਇਆ ਗਿਆ ਕਿ ਇਸ ਸੰਬੰਧੀ ਕਿਸਾਨਾਂ ਨੂੰ ਜਲਦੀ ਮਸ਼ਨੀਰੀ ਦਾ ਪ੍ਰਬੰਧ ਕਰ ਕੇ ਦਿੱਤਾ ਜਾਵੇਗਾ। ਇਸ ਮੌਕੇ ਜਥੇਬੰਦਕ ਆਗੂਆਂ ਵਿੱਚ ਕੈਪਟਨ ਮੇਜਰ ਸਿੰਘ, ਹਰਬੰਸ ਸਿੰਘ ਦਦਹੇੜਾ, ਕਰਨੈਲ ਸਿੰਘ, ਲੱਖਾ ਸਿੰਘ ਸੰਧੂ, ਤਸਵੀਰ ਸਿੰਘ ਨੰਬਰਦਾਰ ਸ਼ਾਦੀਪੁਰ, ਬਲਕਾਰ ਸਿੰਘ, ਹਾਕਮ ਸਿੰਘ ਝੂਹੀ, ਗੁਰਲਾਲ ਸਿੰਘ ਖੇੜੀ, ਰਣਜੀਤ ਸਿੰਘ ਮਿਆਲ ਕਲਾਂ, ਕਾਬਲ ਸਿੰਘ ਖਦਾਦਪੁਰ ਸਮੇਤ ਬਹੁਤ ਸਾਰੇ ਆਗੂ ਮੌਜੂਦ ਰਹੇ।

# ਪ੍ਰਕਾਸ਼ ਭੱਟੀ ਦੇ ਜੈਤੋ ਗੇੜਿਆਂ ਨੇ ਵਿਰੋਧੀਆਂ ਨੂੰ ਪਾਈਆਂ ਭਾਜੜਾਂ



**ਜੈਤੋ (ਸਤੀਸ਼ ਕੁਮਾਰ ਭੀਰੀ)**-ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਕਾਂਗਰਸ ਪਾਰਟੀ ਦੇ ਵੱਖ ਵੱਖ ਧੜਿਆਂ ਵਿਚਕਾਰ ਵਿਧਾਨ ਸਭਾ ਹਲਕਾ ਜੈਤੋ ਤੋਂ ਟਿਕਟ ਦੀ ਦਾਅਵੇਦਾਰੀ ਨੂੰ ਲੈ ਕੇ ਘਮਾਸਾਨ ਮੱਚਿਆ ਹੋਇਆ ਹੈ।ਇਸੇ ਲੜੀ ਤਹਿਤ ਵੱਖ ਵੱਖ ਪਿੰਡਾਂ ਸਮੇਤ ਸਮੁੱਚੇ ਇਲਾਕੇ ਵਿੱਚ ਪ੍ਰਕਾਸ਼ ਸਿੰਘ ਭੱਟੀ ਦੀਆਂ ਸਰਗਰਮੀਆਂ ਤੇ ਹਰੇਕ ਛੋਟੇ ਵੱਡੇ ਦੇ ਦੁੱਖ ਸੁੱਖ ਵਿੱਚ ਸ਼ਾਮਲ ਹੋਣ ਦੇ ਸਿਲਸਿਲੇ ਨੇ ਨਾ ਕੇਵਲ ਕਾਂਗਰਸੀ ਧੜਿਆਂ ਅੰਦਰ, ਬਲਕਿ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਵੀ ਕੰਬਣੀ ਛੇੜ ਦਿੱਤੀ ਹੈ।ਜੇਕਰ ਗੱਲ ਕਰੀਏ ਭੱਟੀ ਦੀ ਲੋਕਪ੍ਰਿਅਤਾ ਦੀ ਤਾਂ ਦੱਸਣਾ ਬਣਦਾ ਹੈ ਕਿ ਵਿਰੋਧੀ ਪਾਰਟੀਆਂ ਦੇ ਆਗੂ ਤੇ ਵਰਕਰ ਵੀ ਸ਼ਰੇਆਮ ਭੱਟੀ ਦੇ ਸਮਰਥਨ ਵਿੱਚ ਬੋਲਣ ਤੇ ਤੁਰਨ ਤੋਂ ਸੰਕੋਚ ਨਹੀਂ ਕਰ ਰਹੇ।ਅੱਜ ਪ੍ਰਕਾਸ਼ ਭੱਟੀ ਦੀ ਜੈਤੋ ਆਮਦ ਦੇ ਮੱਦੇਨਜ਼ਰ ਬਲਾਕ ਪ੍ਰਧਾਨ ਵਿਕਾਸ ਸਿੰਗਲਾ ਘੰਟੀ ਡੋਡ ਵੱਲੋਂ ਕਾਂਗਰਸ ਦੇ ਵੱਖ ਵੱਖ ਧੜਿਆਂ ਦੇ ਆਗੂਆਂ ਤੇ ਵਰਕਰਾਂ ਦਾ ਇਕੱਠ ਕੀਤਾ ਗਿਆ ਸੀ। ਇਸ ਮੌਕੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਕਾਰਜਕਾਰੀ ਮੈਂਬਰ ਸੁਨੀਲ ਗਰਗ, ਮਾਰਕੀਟ ਕਮੇਟੀ ਦੇ ਸਾਬਕਾ ਵਾਈਸ ਚੇਅਰਮੈਨ ਜਗਦੀਸ਼ ਘਨੀਆ, ਉੱਘੇ ਸਮਾਜ ਸੇਵੀ ਤੇ ਕਾਂਗਰਸੀ ਆਗੂ ਕਾਲਾ ਸ਼ਰਮਾ, ਬਬਲਾ ਦੁਲਾਰੀਆ, ਸਾਬਕਾ ਨਗਰ ਕੌਂਸਲਰ ਲਾਲਾ ਬਰਾੜ ਤੇ ਗਰੀਬ ਦਾਸ, ਕਿਸ਼ੋਰੀ ਲਾਲ, ਅਸ਼ੋਕ ਗੋਇਲ, ਸਮੇਤ ਅਨੇਕਾਂ ਆਗੂ ਤੇ ਵਰਕਰ ਹਾਜ਼ਰ ਸਨ।

# ਹੇਮਕੁੰਟ ਸਕੂਲ ਵਿਖੇ 69ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਦਾ ਆਗਾਜ਼

## ਪੜ੍ਹਾਈ ਦੇ ਨਾਲ ਨਾਲ ਖੇਡਾਂ ਦਾ ਵੀ ਜੀਵਨ 'ਚ ਅਹਿਮ ਰੋਲ : ਚੇਅਰਮੈਨ ਸੰਧੂ



**ਕੋਟ ਈਸੇ ਖਾਂ (ਅਰੋੜਾ)**-ਇਲਾਕੇ ਦੀ ਉੱਘੀ ਤੇ ਨਾਮਵਰ ਸੰਸਥਾ ਸ੍ਰੀ ਹੇਮਕੁੰਟ ਸੀਨੀ. ਸੈਕੰ. ਸਕੂਲ ਜੋ ਕਿ ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਸ੍ਰ: ਕੁਲਵੰਤ ਸਿੰਘ ਸੰਧੂ ਤੇ ਐੱਮ. ਡੀ. ਮੈਡਮ ਦੀ ਯੋਗ ਅਗਵਾਈ ਸਦਕਾ ਸਮੇਂ ਦੇ ਅਨੁਸਾਰ ਵਿੱਦਿਆ ਦੇ ਖੇਤਰ ਦੇ ਨਾਲ-ਨਾਲ ਖੇਡਾਂ ਤੇ ਹੋਰ ਗਤੀਵਿਧੀਆਂ ਕਰਵਾਉਂਦਾ ਰਹਿੰਦਾ ਹੈ।ਡਿਪਟੀ ਡਾਇਰੈਕਟਰ (ਫਿਜੀ. ਐਜੂ) ਸੁਨੀਲ ਕੁਮਾਰ ਭਾਰਦਵਾਜ ਦੀ ਰਹਿਨੁਮਾਈ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਮੋਗਾ ਅਸ਼ੀਸ਼ ਕੁਮਾਰ ਸ਼ਰਮਾ ਦੀ ਯੋਗ ਅਗਵਾਈ ਤੇ ਸ੍ਰ: ਗੁਰਦਿਆਲ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫਸਰ (ਸ) ਮੋਗਾ ਤੇ ਸ੍ਰ: ਬਲਵਿੰਦਰ ਸਿੰਘ ਬੈਂਸ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਮੋਗਾ ਦੀ ਦੇਖ-ਰੇਖ ਹੇਠ 69ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ 2025-26 ਨੈੱਟਬਾਲ ਦਾ ਆਗਾਜ਼ ਸ੍ਰੀ ਹੇਮਕੁੰਟ ਸੀਨੀ. ਸੈਕੰ. ਸਕੂਲ ਦੀਆਂ ਗਰਾਊਂਡਾਂ ਵਿੱਚ ਬਹੁਤ ਹੀ ਧੂਮ-ਧਾਮ ਨਾਲ ਹੋਇਆ। ਮੁੱਖ ਮਹਿਮਾਨ ਸ: ਦਵਿੰਦਰਜੀਤ ਸਿੰਘ ਢੋਸ ਐੱਮ.ਐੱਲ.ਏ. (ਹਲਕਾ ਧਰਮਕੋਟ) ਨੇ ਇਸ ਸਮਾਰੋਹ ਦਾ ਉਦਘਾਟਨ ਕੀਤਾ ਤੇ ਖਿਡਾਰੀਆਂ ਨੂੰ ਖੇਡ ਦੀ ਭਾਵਨਾ ਨਾਲ ਖੇਡਣ ਲਈ ਪ੍ਰੇਰਿਤ ਕੀਤਾ। ਸ੍ਰੀ ਅਸ਼ੀਸ਼ ਕੁਮਾਰ ਸ਼ਰਮਾ ਜ਼ਿਲ੍ਹਾ ਸਿੱਖਿਆ ਅਫਸਰ (ਸ) ਮੋਗਾ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਹੇਮਕੁੰਟ ਸਕੂਲ ਵਿਖੇ ਖਿਡਾਰੀਆਂ ਦੇ ਰਹਿਣ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ।ਸੁਨੀਤਇੰਦਰ ਸਿੰਘ ਜ਼ਿਲ੍ਹਾ ਸਿੱਖਿਆ ਅਫਸਰ (ਸ) ਬਰਨਾਲਾ ਤੇ ਨਿਸ਼ਾਨ ਸਿੰਘ ਡਿਪਟੀ ਡੀ ਈ ਓ ਪ੍ਰਾਇਮਰੀ ਮੋਗਾ, ਰਮਜੀਤ ਸਿੰਘ ਡਾਲਾ ਸਾਬਕਾ ਏ.ਈ.ਓ. ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ।ਮੁੱਖ ਮਹਿਮਾਨਾ ਦੁਆਰਾ ਜੋਤੀ ਪ੍ਰਜਲਿਤ ਕੀਤੀ ਗਈ।ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਗਾਇਨ ਨਾਲ ਕੀਤੀ ਗਈ।ਨੈੱਟਬਾਲ ਅੰਡਰ-14 (ਲੜਕੀਆਂ) ਵਿੱਚ 17 ਜ਼ਿਲ੍ਹਿਆਂ ਦੇ ਖਿਡਾਰੀ ਭਾਗ ਲੈ ਰਹੇ ਹਨ।ਇਹ ਮੈਚ 5 ਅਕਤੂਬਰ ਤੱਕ ਕਰਵਾਏ ਜਾਣਗੇ। ਹੇਮਕੁੰਟ ਸੰਸਥਾਵਾਂ ਦੇ ਚੈਅਰਮੈਨ ਸ: ਕੁਲਵੰਤ ਸਿੰਘ ਤੇ ਐੱਮ.ਡੀ. ਮੈਡਮ ਰਣਜੀਤ ਕੌਰ ਸੰਧੂ ਨੇ ਆਏ ਹੋਏ ਮਹਿਮਨਾਂ ਦਾ ਸਕੂਲ ਪਹੁੰਚਣ 'ਤੇ ਸਵਾਗਤ ਕੀਤਾ।

# ਦਿੱਲੀ 'ਚ ਗੁਰਮੁਖੀ ਅੱਖਰਕਾਰੀ ਨੂੰ ਸਮਰਪਤ ਹੈ ਪਰਮਦੀਪ ਕੌਰ : ਰਾਜਵਿੰਦਰ ਰੌਂਤਾ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਅੱਖਰ ਕੇਵਲ ਨਿਸ਼ਾਨ ਨਹੀਂ, ਇਹ ਭਾਸ਼ਾ ਦੀ ਰੂਹ ਤੇ ਸੰਸਕਾਰਾਂ ਦੇ ਵਾਹਕ ਹਨ।ਇਸ ਸੋਚ ਨੂੰ ਆਪਣੇ ਦਿਲ ਵਿੱਚ ਵਸਾ ਕੇ ਦਿੱਲੀ ਦੀ ਪਰਮਦੀਪ ਕੌਰ 2016 ਤੋਂ ਲਿਖਤ-ਕਲਾ ਦਾ ਸਫ਼ਰ ਕਰ ਰਹੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਰਾਜਵਿੰਦਰ ਰੌਂਤਾ ਨੇ ਦੱਸਿਆ ਕਿ ਗੁਰਮੁਖੀ ਪ੍ਰਤੀ ਖ਼ਾਸ ਲਗਨ ਨੇ ਪਰਮਦੀਪ ਕੌਰ ਨੂੰ ਇਹ ਅਹਿਸਾਸ ਕਰਵਾਇਆ ਕਿ ਲਿਖਾਈ ਸਿਰਫ਼ ਕਲਾ ਹੀ ਨਹੀਂ, ਸਗੋਂ ਵਿਰਾਸਤ ਨੂੰ ਸੰਭਾਲਣ ਦਾ ਇੱਕ ਤਰੀਕਾ ਵੀ ਹੈ।ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿੱਪੀ ਨੂੰ ਦਿੱਲੀ ਮਹਾਂਨਗਰ ਵਿੱਚ ਵਸਦੇ ਲੋਕਾਂ ਨੂੰ ਜੋੜਨ ਦੀ ਲਗਨ ਨਾਲ ਉਨ੍ਹਾਂ ਨੇ ਲਿਖਤ ਕਲਾਂ ਅੱਖਰ ਕਾਰੀ ਵਿੱਚ ਆਪਣੀ ਨਿਮਰ ਸੇਵਾ ਜਾਰੀ ਰੱਖੀ ਹੋਈ ਹੈ।ਦਿੱਲੀ ਵਿੱਚ ਵਿਰਸੇ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਵਾਲੀ ਸੰਸਥਾ ਸੁਨੱਖੀ ਪੰਜਾਬਣ ਦੇ ਇੱਕ ਸਮਾਗਮ ਸਮੇਂ ਪਰਮਦੀਪ ਦੀ ਕਲਾ ਨੂੰ ਵੇਖਣ ਦਾ ਮੌਕਾ ਮਿਲਿਆ।ਉਸ ਦੀ ਅੱਖਰ ਕਾਰੀ ਦੇਖ ਕੇ ਮਨ ਅਸ਼ ਅਸ਼ ਕਰ ਉੱਠਿਆ।ਪਰਮਦੀਪ ਐੱਮ ਏ ਬੀ ਐੱਡ ਅਧਿਆਪਕ ਸੀ, ਪਰ ਉਹ ਅਧਿਆਪਨ ਨੂੰ ਛੱਡ ਕੇ ਅੱਖਰਕਾਰੀ ਨੂੰ ਸਮਰਪਤ ਹੋ ਗਈ।ਹੁਣ ਤੱਕ ਉਨ੍ਹਾਂ ਨੇ ਵਿਦਿਆਰਥੀਆਂ, ਅਧਿਆਪਕਾਂ ਤੇ ਪੇਸ਼ੇਵਰਾਂ ਲਈ ਪੰਜਾਹ ਤੋਂ ਵੱਧ ਵਰਕਸ਼ਾਪਾਂ ਕਰਵਾਈਆਂ ਹਨ। ਪਰਮਦੀਪ ਕੌਰ ਨੇ ਅੰਤਰਰਾਸ਼ਟਰੀ ਇਕੈਲਿਗ੍ਰਾਫੀ ਪ੍ਰਦਰਸ਼ਨ ਵਿੱਚ ਵੀ ਭਾਗ ਲਿਆ ਹੈ, ਜਿਵੇਂ ਕਿ 21 ਜਿਕਜ਼ੀ ਵਰਲਡ ਕੈਲੀਗਰਾਫੀ ਕੰਪੀਟੀਸ਼ਨ ਸਾਊਥ ਕੋਰੀਆ ਵੱਲੋਂ ਕਰਵਾਏ ਗਏ।ਪਰਮਦੀਪ ਕੌਰ ਕੈਲੀਗਰਾਫੀ, ਅੱਖਰਕਾਰੀ ਵੱਖ ਵੱਖ ਮਾਧਿਅਮ ਰੰਗ ਸਕਿੱਚ ਰਾਹੀਂ ਸ਼ਬਦ ਅੱਖਰਾਂ ਵਿਚ ਜਾਨ ਪਾ ਦਿੰਦੀ ਹੈ ਤੇ ਜਦੋਂ ਵਰਕਸ਼ਾਪ ਵਿੱਚ ਵੀਹ-ਪੰਝੀ ਵਿਦਿਆਰਥੀ ਵਿਦਿਆਰਥਣਾਂ ਨੂੰ ਵੱਖ ਵੱਖ ਦਿਲਚਸਪ ਤਰੀਕਿਆਂ ਨਾਲ ਅੱਖਰਕਾਰੀ ਸਿਖਾ ਰਹੀ ਹੁੰਦੀ ਹੈ ਤਾਂ ਮੂੰਹੋਂ ਨਿਕਲਦਾ ਹੈ ਕਿ ਪੰਜਾਬੀ ਦੇ ਪੁੱਤਰ-ਧੀਆਂ ਦੇ ਹੁੰਦਿਆਂ ਪੰਜਾਬੀ ਦਾ ਵਾਲ ਵਿੰਗਾ ਨ੍ਹੀਂ ਹੋ ਸਕਦਾ।

# ਭਾਜਪਾ ਆਗੂ ਤੇ ਮੰਡਲ ਪ੍ਰਧਾਨ ਬੌਬੀ ਸਿੰਗਲਾ ਵੱਲੋਂ ਸਰਗਰਮੀਆਂ ਤੇਜ਼



**ਬਠਿੰਡਾ (ਰਾਜੀਵ ਗੋਇਲ)**-ਭਾਜਪਾ ਹਾਈਕਮਾਨ ਵੱਲੋਂ ਭਗਤਾ ਮੰਡਲ ਦੇ ਨਵਨਿਯੁਕਤ ਕੀਤੇ ਪ੍ਰਧਾਨ ਬਬਲੇਸ਼ ਕੁਮਾਰ ਬੌਬੀ ਸਿੰਗਲਾ ਵੱਲੋਂ ਪਾਰਟੀ ਹਿਤ ਖਾਤਰ ਸਰਗਰਮੀਆਂ ਤੇਜ ਕਰ ਦਿੱਤੀਆਂ ਗਈਆਂ ਹਨ ਅਤੇ ਪਾਰਟੀ ਦੇ ਪ੍ਰਚਾਰ ਲਈ ਦਿਨ-ਰਾਤ ਮਿਹਨਤ ਕੀਤੀ ਜਾ ਰਹੀ ਹੈ।ਬੀਤੇ ਦਿਨੀਂ ਜਿੱਥੇ ਉਨ੍ਹਾਂ ਵੱਲੋਂ ਵਪਾਰੀਆਂ ਨੂੰ ਕੇਂਦਰੀ ਸਰਕਾਰ ਵੱਲੋਂ ਘੱਟ ਕੀਤੇ ਗਏ ਜੀ.ਐਸ.ਟੀ ਸੰਬੰਧੀ ਪੋਸਟਰ ਵੰਡ ਕੇ ਸਮਝਾਇਆ ਗਿਆ, ਉੱਥੇ ਅੱਜ ਆਪਣੇ ਪਾਰਟੀ ਵਰਕਰਾਂ ਨਾਲ ਗਾਂਧੀ ਜੈਅੰਤੀ ਮਨਾਉਂਦੇ ਹੋਏ ਐਲਾਨ ਕੀਤਾ ਗਿਆ ਕਿ ਉਹ ਪਾਰਟੀ ਦੇ ਸਾਰੇ ਹੀ ਪੁਰਾਣੇ ਵਰਕਰਾਂ ਨੂੰ ਨਾਲ ਲੈ ਕੇ ਚੱਲਦੇ ਹੋਏ ਪਾਰਟੀ ਪ੍ਰਚਾਰ ਲਈ ਦਿਨ-ਰਾਤ ਮਿਹਨਤ ਕਰਨਗੇ।

# ਸ੍ਰੀ ਰਾਮ ਲੀਲ੍ਹਾ ਉਤਸਵ ਕਮੇਟੀ ਨੇ ਧੂਮਧਾਮ ਨਾਲ ਮਨਾਇਆ ਦੁਸਹਿਰਾ

## ਰਿਕਾਰਡ ਤੋੜ ਇਕੱਠ ਅੱਗੇ ਪ੍ਰਬੰਧ ਪਏ ਫਿੱਕੇ, ਵੱਖ ਵੱਖ ਸ਼ਖਸੀਅਤਾਂ ਨੇ ਸਮਾਗਮ ਦੀ ਰੌਣਕ ਨੂੰ ਵਧਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਮੈਂ, ਸੁਖਬੀਰ ਕੌਰ ਪਤਨੀ ਲੇਟ ਸੰਤੋਖ ਸਿੰਘ ਵਾਸੀ ਪਿੰਡ ਹਰੀਪੁਰ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਅਵਤਾਰ ਸਿੰਘ, ਉਸਦੀ ਪਤਨੀ ਸਿਮਰਨਦੀਪ ਕੌਰ ਵਾ ਪਰਿਵਾਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਹਰਮੋਹਿੰਦਰ ਸਿੰਘ ਪੁੱਤਰ ਸ਼੍ਰੀ ਵਰਿਆਮ ਸਿੰਘ ਵਾਸੀ ਮਕਾਨ ਨੰਬਰ 232, ਵਿਵੇਕਾਨੰਦ ਪਾਰਕ ਮਕਸੂਦਾਂ, ਗਰੇਨ ਮਾਰਕਿਟ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਮਨਜੀਤ ਕੌਰ ਪਤਨੀ ਸ਼੍ਰੀ ਹਰਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਹਰਬੰਸ ਕੌਰ ਪਤਨੀ ਸ਼੍ਰੀ ਲਾਲਜੀ ਰਾਮ ਵਾਸੀ ਪਿੰਡ ਬਨਿਆਲ, ਡਾਕ: ਸੱਗਰਾਂ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਤਵਿੰਦਰ ਸਿੰਘ ਵਾ ਉਸਦੀ ਪਤਨੀ ਸ੍ਰੀਮਤੀ ਸੋਨੀਆ ਬਾਲਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਦਰਸ਼ੋ ਪਤਨੀ ਗੁਰਮੇਲ ਰਾਮ ਵਾਸੀ ਪਿੰਡ ਫੌਲੜੀਵਾਲ, ਤਹਿਸੀਲ ਵਾ ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਸੁਰਿੰਦਰ ਪਾਲ ਉਰਫ ਮਿੰਟੂ, ਉਸਦੀ ਪਤਨੀ ਮੋਨਿਕਾ ਉਰਫ ਮੋਨਾ ਤੇ ਉਨ੍ਹਾਂ ਦਾ ਇੱਕ ਲੜਕਾ ਦਿਨਿਸ਼ ਅਤੇ ਮੇਰੇ ਪੁੱਤਰ ਅਮਰਜੀਤ ਦੀ ਪਤਨੀ ਸੁਨੀਤਾ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ ਗੁਰਦੇਵ ਸਿੰਘ ਪੁੱਤਰ ਠਾਕੁਰ ਸਿੰਘ ਪਿੰਡ, ਡਾਕਖਾਨਾ ਗਾਖ਼ਲ ਜਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਜੋਤ ਸਿੰਘ ਅਤੇ ਉਸ ਦੀ ਪਤਨੀ ਹਰਜਿੰਦਰ ਕੌਰ ਮੇਰੇ ਨਾਲ ਲੜਾਈ ਝਗੜਾ ਕਰਦੇ ਰਹਿੰਦੇ ਹਨ ਅਤੇ ਮੇਰੇ ਕਹਿਣ ਤੋਂ ਬਾਹਰ ਹਨ, ਇਸ ਲਈ ਉਨ੍ਹਾਂ ਨੂੰ ਆਪਣੀ ਚੱਲ ਅਚਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ, ਉਨ੍ਹਾਂ ਨਾਲ ਕਿਸੇ ਤਰਾਂ ਦਾ ਵੀ ਲੈਣ ਦੇਣ ਕਰਨ ਵਾਲਾ ਖ਼ੁਦ ਜੁੰਮੇਵਾਰ ਹੋਵੇਗਾ।

## ਨਾਂਅ ਦੀ ਬਦਲੀ

ਮੈਂ, ਸੰਜੀਵ ਪੁੱਤਰ ਸ਼੍ਰੀ ਮਿੱਠੂ ਲਾਲ, ਨਿਵਾਸੀ ਮਕਾਨ ਨੰਬਰ 3, ਖੁਰਲਾ ਕਿੰਗਰਾ, ਨੇੜੇ ਬੋਲਸਟਾਰ, ਖਾਂਬਰਾ, ਜਲੰਧਰ- 144026 ਨੇ ਆਪਣਾ ਨਾਂਅ ਸੰਜੀਵ ਤੋਂ ਬਦਲ ਕੇ ਸੰਜੀਵ ਸ਼ਰਮਾ ਰੱਖ ਲਿਆ ਹੈ। ਸਾਰੇ ਸੰਬੰਧਤ ਨੋਟ ਕਰਨ।

ਮੈਂ, ਮਨੋਹਰ ਸਿੰਘ ਭੁੱਲਰ ਪੁੱਤਰ ਜਗਤਾਰ ਸਿੰਘ ਵਾਸੀ ਕਲਾਲਾ (ਬਰਨਾਲਾ) ਨੇ ਆਪਣਾ ਨਾਂਅ ਬਦਲ ਕੇ ਨਮੋਹਰ ਸਿੰਘ ਭੁੱਲਰ ਰੱਖ ਲਿਆ ਹੈ।

ਮੈਂ, Sarbjit Kaur ਪਤਨੀ ਨਮੋਹਰ ਸਿੰਘ ਭੁੱਲਰ ਵਾਸੀ ਕਲਾਲਾ (ਬਰਨਾਲਾ) ਨੇ ਆਪਣਾ ਨਾਂਅ ਬਦਲ ਕੇ Sarbjeet Kaur Bhullar ਰੱਖ ਲਿਆ ਹੈ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਨਿਲਾਮੀ ਸੂਚਨਾ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗਰਾਮ ਪੰਚਾਇਤ ਪਿੰਡ ਬਾਇੰਚ ਬਾਜਾ, ਬਲਾਕ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਦੇ ਆਂਗਣਵਾੜੀ ਜਨਰਲ ਸਮਸ਼ਾਨਘਾਟ, ਐੱਸ. ਸੀ. ਸਮਸ਼ਾਨਘਾਟ, ਡਿਸਪੈਂਸਰੀ, ਗਰਾਊਂਡ, ਜੰਝਘਰ ਵਿਚ ਲੱਗੇ 87 ਦਰੱਖਤਾਂ ਦੀ ਬੋਲੀ 11.10.2025 ਦਿਨ ਵੀਰਵਾਰ ਨੂੰ ਸਵੇਰੇ 11 ਵਜੇ ਆਗਣਵਾੜੀ ਵਿਖੇ ਕੀਤੀ ਜਾਵੇਗੀ। ਚਾਹਵਾਨ ਸੱਜਣ ਮੌਕੇ 'ਤੇ ਬੋਲੀ ਵਿਚ ਭਾਗ ਲੈਣ ਦੀ ਕ੍ਰਿਪਾਲਤਾ ਕਰਨ।

ਸੰਪਰਕ : 94637-38887

## PROCLAMATION REQUIRING ATTENDANCE OF DEFENDANT

(Order 5 Rule 20 of the Code of Civil Procedure)

IN THE COURT OF SH. KAUTUK BHARDWAJ, CIVIL JUDGE-3, WEST DISTRICT, COURT NO. 181, TIS HAZARI COURT, DELHI

J. (Civil)-21

CS SCJ 156/2024 NDOH 14.10.2025

FABCOTT INDIA CLOTHING LLP

VS.

SATNAM SINGH

To

1) SATNAM SINGH

PROP. OF M/S ANJAL FASHION GALARY, BINNY CLOTH CHAURA BAZAR, BARSATI BAZAR, LUDHIANA, PUNJAB-141008

Whereas you are intentionally evading service of summon it is hereby notified That if you shall not defend the case on the **14.10.2025** day fixed for the final disposal, it will be heard and determined ex-parte.

Given under my hand and the seal of the Court on **23.08.2025.**

CIVIL JUDGE-3, WEST DISTRICT, TIS HAZARI COURT, DELHI

ਬਾ-ਅਦਾਲਤ ਸ੍ਰੀ ਪਵਨਦੀਪ ਸਿੰਘ ਨਾਇਬ ਤਹਿਸੀਲਦਾਰ ਕਮ ਸਹਾਇਕ ਕੁਲੈਕਟਰ ਦਰਜਾ ਅਵੱਲ,ਚੋਹਲਾ ਸਾਹਿਬ।

1 ਪ੍ਰਗਟ ਸਿੰਘ ਪੁੱਤਰ ਅਜੀਤ ਸਿੰਘ ਪੁੱਤਰ ਰੋੜਾ ਸਿੰਘ2 ਅੰਗਰੇਜ਼ ਸਿੰਘ ਪੁੱਤਰ ਅਜੀਤ ਸਿੰਘ ਪੁੱਤਰ ਰੋੜਾ ਸਿੰਘ3 ਤਰਲੋਕ ਸਿੰਘ ਫੌਤ ਪੁੱਤਰ ਅਜੀਤ ਸਿੰਘ ਪੁੱਤਰ ਰੋੜਾ ਸਿੰਘ ੳ) ਸਤਪਾਲ ਸਿੰਘ ਪੁੱਤਰ ਤਰਲੋਕ ਸਿੰਘ ਅ) ਗੁਰਇਕਬਾਲ ਸਿੰਘ ਪੁੱਤਰ ਤਰਲੋਕ ਸਿੰਘ ੲ) ਰਛਪਾਲ ਸਿੰਘ ਪੁੱਤਰ ਤਰਲੋਕ ਸਿੰਘ 4 ਰਾਜ ਸਿੰਘ ਉਰਫ ਰਾਜਵਿੰਦਰ ਸਿੰਘ ਫੌਤ ਪੁੱਤਰ ਅਜੀਤ ਸਿੰਘ ਪੁੱਤਰ ਰੋੜਾ ਸਿੰਘ ੳ) ਜਗਰੂਪ ਸਿੰਘ ਪੁੱਤਰ ਰਾਜ ਸਿੰਘ ਉਰਫ ਰਾਜਵਿੰਦਰ ਸਿੰਘ ਅ) ਗੁਰਪ੍ਰੀਤ ਸਿੰਘ ਪੁੱਤਰ ਰਾਜ ਸਿੰਘ ਉਰਫ ਰਾਜਵਿੰਦਰ ਸਿੰਘ ਵਾਸੀਆਨ ਪੱਖੋਪੁਰ ਤਹਿਸੀਲ ਵਾ ਜਿਲਾ ਤਰਨ ਤਾਰਨ। (ਸਾਇਲਆਨ)

ਬਨਾਮ

[illegible]

ਬਾ-ਅਦਾਲਤ ਸ੍ਰੀ ਪਵਨਦੀਪ ਸਿੰਘ ਨਾਇਬ ਤਹਿਸੀਲਦਾਰ ਕਮ ਸਹਾਇਕ ਕੁਲੈਕਟਰ ਦਰਜਾ ਅਵੱਲ,ਚੋਹਲਾ ਸਾਹਿਬ।

[illegible]

ਬਾ-ਅਦਾਲਤ ਸ੍ਰੀ ਪਵਨਦੀਪ ਸਿੰਘ ਨਾਇਬ ਤਹਿਸੀਲਦਾਰ ਕਮ ਸਹਾਇਕ ਕੁਲੈਕਟਰ ਦਰਜਾ ਅਵੱਲ,ਚੋਹਲਾ ਸਾਹਿਬ।

[illegible]

## NOTICE

(U/o 5 Rule 20 CPC)
(Succession Case)
In the Court of
**Parminder Kaur Bains**
Civil Judge (Senior Division).
Amritsar
CNR No. PBAS02-003607-2025
Next Date :-14-10-2025
kuldeep Singh
Vs.
General Public
Succession

Notice to:
General Public
Whom May Its Concern

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 14-10-2025 at 10 a.m.

For details logon to https://highcourtchd.gov.in/?trs-district_ notice&district=Amritsar

Civil Judge (Senior Division)
Amritsar

Dated, this day of 01-10-2025

## NOTICE

(U/o 5 Rule 20 CPC)
In the Court of Ms. Mamta Kakkar Additional Civil Judge (Senior Division), Fatehgarh Sahib
CNR No. PBFG02-001191-2024
Next Date:- 28-10-2025

Jasvir Kaur D/o Mewa Singh S/o Charan Singh, R/o H.No. 585, Kumbra, SAS Nagar (Mohali), Tehsil and Distt. SAS Nagar(Mohali).

Vs.

Rajinder Singh S/o Gurcharan Singh S/o Puran Singh, R/o H.No.136, Mohalla Dalichi, Sirhind City, Tehsil and Distt. Fatehgarh Sahib.

Publication Issued To:

Lrs. of defendant No.2 -ii) Sukhwinder Kaur, iii) Kuljit Kaur, iv) Kanwaljeet Kaur, v) Satnam Kaur all daughters of Fakir Singh and vi) Harinderpal Singh Cheema s/o Fakir Singh, All R/o Village Kotla Bajwara, Tehsil and Distt. Fatehgarh Sahib.

3. Surjit Kaur w/o Fakir Singh cheema s/o Bahadar Singh, R/o Bassi Pathana (H.No.2681), Phase-7 SAS Nagar (Mohali).

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 28-10-2025 at 10:00 a.m.

For details logon to https://highcourtchd.gov.in/?trs-district_notice&district=fatehgarh

Additional Civil Judge (Senior Division) Fatehgarh Sahib

Dated, this day of 01-10-2025

## NOTICE

(U/o 5 Rule 20 CPC)
In the Court of
**Parminder Kaur Bains**
Civil Judge (Senior Division),
Amritsar
CNR No. PBAS02-004476-2025
Next Date:-27-10-2025
Paramjit Kaur Malakar
Vs. General Public
DECL

Publication Issued To:
General Public
Whom May Its Concern

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 27-10-2025 at 10:00 a.m.

For details logon to https://highcourtchd.gov.in/?trs=district _notice&district=Amritsar

Civil Judge (Senior Division)
Amritsar

Dated, this day of 01-10-2025

### ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ ਨੰਗਲ, ਜ਼ਿਲ੍ਹਾ ਰੂਪਨਗਰ।

ਨੰਬਰ 292-93 / ਰੀਡਰ-2 ਮਿਤੀ:-01/10/25

ਵਿਸ਼ਾ:-ਮਾਲ ਰਿਕਾਰਡ ਵਿੱਚ ਨਾਮ ਦਰੁਸਤ ਕਰਨ ਸਬੰਧੀ ਦਰਖਾਸਤ ਵੱਲੋਂ ਰਾਮਪਾਲ ਉਰਫ ਹਰਭਜਨ ਸਿੰਘ ਵਾਸੀ ਪਿੰਡ ਸਹਿਜੋਵਾਲ ਤਹਿਸੀਲ ਨੰਗਲ, ਜ਼ਿਲ੍ਹਾ ਰੂਪਨਗਰ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਮ ਤੇ ਖਾਸ ਅਤੇ ਜਨ ਸਧਾਰਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰਾਮਪਾਲ ਉਰਫ ਗੁਰਭਜਨ ਸਿੰਘ ਵਾਸੀ ਪਿੰਡ ਸਹਿਜੋਵਾਲ ਤਹਿਸੀਲ ਨੰਗਲ, ਜ਼ਿਲ੍ਹਾ ਰੂਪਨਗਰ ਨੇ ਨਿਮਨ ਹਸਤਾਖਰ ਦੇ ਦਫਤਰ ਵਿਖੇ ਲਿਖਤੀ ਦਰਖਾਸਤ ਪੇਸ਼ ਕਰਕੇ ਬੇਨਤੀ ਕੀਤੀ ਹੈ ਕਿ ਉਨ੍ਹਾਂ ਦੀ ਪਿੰਡ ਸਹਿਜੋਵਾਲ ਵਿੱਚ ਜਮੀਨ ਪੈਂਦੀ ਹੈ। ਮਾਲ ਰਿਕਾਰਡ ਦੇ ਖੇਵਟ ਨੰਬਰ 197 ਖਤੌਨੀ ਨੰਬਰ 317 ਖਸਰਾ ਨੰਬਰ 266 (2-10), 509 (0-6), 510 (0-13), 511 (1 0), 512 (1-7), 513 (1-7), 514 (1-15), 1052/515 (4-1), 1053/515 (4-1), 1054/515 (13-6), 1055/515 (0-5) ਖਤੌਨੀ ਨੰਬਰ 318, ਖਸਰਾ ਨੰਬਰ 271 (0-10) ਵਾਕਿਆ ਪਿੰਡ ਸਹਿਜੋਵਾਲ ਮੁਤਾਬਕ ਜਮ੍ਹਾਂਬੰਦੀ ਸਾਲ 2018-2019 ਤਹਿਸੀਲ ਨੰਗਲ ਜਿਲ੍ਹਾ ਰੂਪਨਗਰ ਦੇ ਨਾਲ ਰਿਕਾਰਡ ਵਿੱਚ ਇਨ੍ਹਾਂ ਦਾ ਨਾਮ ਰਾਮਪਾਲ ਉਰਫ ਹਰਭਜਨ ਸਿੰਘ ਪੁੱਤਰ ਸ਼ਿਵ ਰਾਮ ਪੁੱਤਰ ਗੋਕਲ ਦੀ ਥਾਂ ਰਾਮਪਾਲ ਪੁੱਤਰ ਸ਼ਿਵ ਰਾਮ ਪੁੱਤਰ ਗੋਕਲ ਦਰਜ ਹੈ। ਇਹ ਦੋਨੋਂ ਨਾਮ ਇੱਕ ਹੀ ਵਿਅਕਤੀ ਦੇ ਹਨ। ਦਰਖਾਸਤ ਕਰਤਾ ਮਾਲ ਰਿਕਾਰਡ ਦੇ ਉਪਰੋਕਤ ਖਸਰਾ ਨੰਬਰਾਨ ਵਿੱਚ ਰਾਮਪਾਲ ਪੁੱਤਰ ਸ਼ਿਵ ਰਾਮ ਪੁੱਤਰ ਗੋਕਲ ਦੀ ਥਾਂ ਰਾਮਪਾਲ ਉਰਫ ਹਰਭਜਨ ਸਿੰਘ ਪੁੱਤਰ ਸ਼ਿਵ ਰਾਮ ਪੁੱਤਰ ਗੋਕਲ ਦਰਜ ਕਰਵਾਉਣਾ ਚਾਹੁੰਦਾ ਹੈ। ਇਸ ਸਬੰਧੀ ਪਟਵਾਰੀ ਹਲਕਾ ਸਹਿਜੋਵਾਲ ਤੋਂ ਰਿਪੋਰਟ ਪ੍ਰਾਪਤ ਕੀਤੀ ਗਈ। ਪਟਵਾਰੀ ਹਲਕਾ ਦੀ ਰਿਪੋਰਟ ਅਨੁਸਾਰ - "ਮੁਤਾਬਕ ਬਰਏ ਇਤਕਾਲ ਨੰਬਰ 1674 ਵਰਾਸਤ ਰਾਹੀਂ ਸ਼ਿਵ ਰਾਮ ਪੁੱਤਰ ਗੋਕਲ ਬਾ ਹੱਕ ਰਾਮਪਾਲ-ਰਾਮ ਕੁਮਾਰ ਪੁੱਤਰਾਨ ਸ਼ਿਵ ਰਾਮ ਪੁੱਤਰ ਗੋਕਲ ਇੰਤਕਾਲ ਮੰਜੂਰ ਹੋਇਆ ਵਾ ਜਮ੍ਹਾਂਬੰਦੀ ਸਾਲ 1973-74 ਵਿੱਚ ਖੇਵਟ/ਖਤੌਨੀ 99/262 ਵਿੱਚ ਰਾਮ ਪਾਲ ਪੁੱਤਰ ਸ਼ਿਵ ਰਾਮ ਪੁੱਤਰ ਗੋਕਲ ਇਦਰਾਜ ਦਰਜ ਹੈ ਜੋ ਕਿ ਜੇਰਕਾਰ ਜਮ੍ਹਾਂਬੰਦੀ ਤੱਕ ਇਹ ਇਦਰਾਜ ਰਾਮ ਪਾਲ ਪੁੱਤਰ ਸ਼ਿਵ ਰਾਮ ਪੁੱਤਰ ਗੋਕਲ ਦਰਜ ਚਲਦਾ ਆ ਰਿਹਾ ਹੈ। ਰਿਪੋਰਟ ਮਿਤੀ 26/09/2025" ਇਸ ਸਬੰਧੀ ਪੰਜਾਬ ਸਰਕਾਰ ਮਾਲ, ਪੁਨਰਵਾਸ ਡਿਜਾਸਟਰ ਮੈਨੇਜਮੈਂਟ ਵਿਭਾਗ (ਭੌ ਮਾਲੀਆ ਸ਼ਾਖਾ) ਚੰਡੀਗੜ੍ਹ ਜੀ ਦੇ ਦਫਤਰ ਦੇ ਮੀਮੋ ਨੰਬਰ 28/48/2012-ਭਮ-2/12445-71 ਮਿਤੀ 26 07-2013 ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਵਿੱਚ ਮਾਲ ਰਿਕਾਰਡ ਦੇ ਉਕਤ ਖੇਵਟ/ਖਤੌਨੀ/ਖਸਰਾ ਨੰਬਰਾਨ ਵਾਕਿਆ ਪਿੰਡ ਸਹਿਜੋਵਾਲ ਮੁਤਾਬਕ ਜਮ੍ਹਾਂਬੰਦੀ ਸਾਲ 2018-2019-2021 ਤਹਿਸੀਲ ਨੰਗਲ ਜਿਲ੍ਹਾ ਰੂਪਨਗਰ ਵਿੱਚ ਰਾਮਪਾਲ ਪੁੱਤਰ ਸ਼ਿਵ ਰਾਮ ਪੁੱਤਰ ਗੋਕਲ ਦੀ ਥਾਂ ਰਾਮਪਾਲ ਉਰਫ ਹਰਭਜਨ ਸਿੰਘ ਪੁੱਤਰ ਸ਼ਿਵ ਰਾਮ ਪੁੱਤਰ ਗੋਕਲ ਦੇ ਨਾਮ ਦੀ ਦਰੁਸਤੀ ਕਰਨ ਸਬੰਧੀ ਉਕਤ ਅਖਬਾਰਾਂ ਵਿੱਚ ਨੋਟਿਸ ਦਿੱਤਾ ਜਾਂਦਾ ਹੈ ਕਿ ਜੇਕਰ ਕਿਸੀ ਆਮ ਅਤੇ ਖਾਸ ਨੂੰ ਪ੍ਰਾਰਥੀ ਦਾ ਨਾਮ ਰਾਮਪਾਲ ਪੁੱਤਰ ਸ਼ਿਵ ਰਾਮ ਪੁੱਤਰ ਗੋਕਲ ਦਰੁਸਤ ਕਰਕੇ ਰਾਮਪਾਲ ਉਰਫ ਹਰਭਜਨ ਸਿੰਘ ਪੁੱਤਰ ਸ਼ਿਵ ਰਾਮ ਪੁੱਤਰ ਗੋਕਲ ਪਿੰਡ ਸਹਿਜੋਵਾਲ ਤਹਿਸੀਲ ਨੰਗਲ ਜਿਲ੍ਹਾ ਰੂਪਨਗਰ ਕਰਨ ਸਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣੇ ਇਤਰਾਜ ਇਸ ਪਬਲਿਕ ਨੋਟਿਸ ਦੇ ਪ੍ਰਕਾਸ਼ਤ ਹੋਣ ਦੀ ਮਿਤੀ ਦੇ 30 ਦਿਨਾਂ ਦੇ ਅੰਦਰ ਅੰਦਰ ਕਿਸੇ ਵੀ ਕੰਮ ਵਾਲੇ ਦਿਨ ਇਸ ਅਦਾਲਤ ਵਿੱਚ ਪੇਸ਼ ਹੋਕੇ ਦੇ ਸਕਦਾ ਹੈ। ਸਮਾਂ ਗੁਜਰਨ ਤੋਂ ਬਾਅਦ ਪ੍ਰਾਪਤ ਹੋਏ ਇਤਰਾਜ ਨਾ ਕਾਬਲੇ ਗੌਰ ਹੋਣਗੇ।

ਤਹਿਸੀਲਦਾਰ-ਕਮ ਸਹਾਇਕ ਕੁਲੈਕਟਰ,
ਦਰਜਾ ਪਹਿਲਾ, ਨੰਗਲ

## NOTICE

(U/o 5 Rule 20 CPC)
(Succession Case)
In The Court of Ms. Harpreet Kaur Nafra Additional Civil Judge (Sr. Divn), Amloh (P)
CNR No. PBFGA0-000639-2025
Next Date:- 11-11-2025

1. Kulwant Singh aged About 58 Years 2. Harchand Singh, 3. Sukhwinder Singh Sons of Late Sh. Kaka Singh S/o Harnam Singh, residents of Village Ladpur, Tehsil Amloh, District Fatehgarh Sahib

Vs.

1. General Public, 2. Gurmeet Kaur, 3. Daljit Kaur Daughters of Late Sh. Kaka Singh S/o Harnam Singh, residents of Village Ladpur, Tehsil Amloh, District Fatehgarh Sahib

Petition U/S 372 Of Indian Succession Act.

Notice To: General Public

In above titled case, the defendant(s)/respondent(s)/General Public could not be served. It is ordered that defendant(s)/respondent(s) should appear in person or through counsel on 11-11-2025 at 10 a.m.

For details logon to https://highcourtchd.gov.in/?mod=district_notice &district=mogacourt.

Additional Civil Judge (Sr. Divn.)
Amloh (P)

Dated, this day of 30-09-2025

## NOTICE

(U/o 5 Rule 20 CPC)
In the Court of Ms. Girish
Principal Judge Family Court, Muktsar
CNR No. PBSM01-000967-2025
Next Date:- 20-10-2025
Randeep Kaur
Vs.
Manjeet Singh

Publication Issued To:
Manjeet Singh
Son : Harchand Singh
R/o Village Koharwala, Tehsil Kotkapura, District Faridkot

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 20-10-2025 at 10:00 a.m.

For details logon to https://highcourtchd.gov.in/?mod=district_notice&district=mogacourt

Principal Judge Family
Court Muktsar

Dated, this day of 24-09-2025

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਲਾਲ ਵਿਸ਼ਵਾਸ ਬੈਂਸ, ਪੀ. ਸੀ. ਐੱਸ. ਉਪ ਮੰਡਲ ਮੈਜਿਸਟਰੇਟ, ਨਕੋਦਰ

ਕੇਸ ਕਿਸਮ : ਮੁਤਨਾਜਾ ਇੰਤਕਾਲ ਕੇਸ ਨੰਬਰ 38/2025
ਮੁਤਨਾਜਾ ਇੰਤਕਾਲ ਨੰਬਰ 2510 ਵਾਕਿਆ ਲੋਹਾਰ ਨੰਗਲ ਮੁਤਵਫੀ ਸਿਮਰੋ
ਕੇਸ ਨੰ: 34/2025 ਇੰਤਕਾਲ ਨੰ: 2965 ਵਾਕਿਆ ਥਾਬਲਕੇ ਮੁਤਵਫੀ ਸਿਮਰੋ
ਵਰਾਸਤ ਸਿਮਰੋ ਪਤਨੀ ਪਿਆਰਾ ਲਾਲ

ਵੱਲ : 1. Pinki @ Gurpal Kaur D/o Piara Lal R/o AV JOAO DEDEUS NO. 102 SERRA DAS MINAS RIODE MOURO USBOA PORTUGAL 2635-422
2. Raj Rani W/o Sohan Lal R/o 19- Upton Park Forest Gate London U.K

ਉਕਤ ਇੰਤਕਾਲ 2510 ਵਾਕਿਆ ਲੋਹਾਰ ਨੰਗਲ ਅਤੇ ਇੰਤਕਾਲ ਨੰ: 2965 ਵਾਕਿਆ ਥਾਬਲਕੇ ਤਹਿਸੀਲ ਨਕੋਦਰ ਅਣ-ਰਜਿਸਟਰਡ ਵਸੀਅਤ ਹੋਣ ਕਰਕੇ ਸੰਬੰਧਤ ਸੀ.ਆਰ.ਓ ਵੱਲੋਂ ਇੰਤਕਾਲ ਮੁਤਨਾਜਾ ਕਰਨ ਉਪਰੰਤ ਇਸ ਅਦਾਲਤ ਵਿਚ ਭੇਜੇ ਗਏ ਸਨ। ਇਸ ਕੇਸ ਵਿਚ ਇਸ ਅਦਾਲਤ ਵੱਲੋਂ ਮੁਤਵਫੀ ਸਿਮਰੋ ਦੇ ਵਾਰਸ ਲੜਕੀਆਂ ਪਿੰਕੀ ਅਤੇ ਰਾਜ ਰਾਣੀ ਨੂੰ ਨੋਟਿਸ ਜਾਰੀ ਕਰਨ ਦੇ ਬਾਵਜੂਦ ਵੀ ਉਹ ਜਾਂ ਉਸ ਦਾ ਕੋਈ ਮੁਖਤਾਰ/ਨੁਮਾਇੰਦਾ ਹਾਜ਼ਰ ਅਦਾਲਤ ਨਹੀਂ ਆ ਰਿਹਾ ਹੈ। ਜਿਸ ਕਰਕੇ ਕੇਸ ਦੇ ਨਿਪਟਾਰੇ ਸੰਬੰਧੀ ਬੇਲੋੜੀ ਦੇਰੀ ਹੋ ਰਹੀ ਹੈ। ਇਸ ਲਈ ਅਖਬਾਰ ਵਿਚ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਉਕਤ ਕੇਸ ਦੀ ਪੈਰਵੀ ਸੰਬੰਧੀ ਲੜੀ ਨੰ:1 ਤੋਂ 2 ਤੱਕ ਨਿਮਨ-ਹਸਤਾਖਰ ਦੀ ਅਦਾਲਤ ਵਿਚ ਅਸਾਲਤਨ/ਵਕਾਲਤਨ ਜਾਂ ਕਿਸੇ ਮੁਖਤਾਰ ਰਾਹੀ ਪੇਸ਼ ਹੋ ਕੇ ਮਿਤੀ:15-10-2025 ਤੱਕ ਆਪਣਾ ਪੱਖ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿਚ ਇਹ ਸਮਝ ਲਿਆ ਜਾਵੇਗਾ ਕਿ ਉੱਤਰਵਾਦੀ ਆਪਣਾ ਪੱਖ ਪੇਸ਼ ਨਹੀਂ ਕਰਨਾ ਚਾਹੁੰਦਾ ਅਤੇ ਕੇਸ ਦਾ ਫੈਸਲਾ ਨਿਯਮਾਂ ਅਨੁਸਾਰ ਕਰ ਦਿੱਤਾ ਜਾਵੇਗਾ।

ਨੋਟਿਸ ਅੱਜ ਮਿਤੀ 30.09.2025 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ

ਸਹੀ/-ਉਪ ਮੰਡਲ ਮੈਜਿਸਟਰੇਟ-ਕਮ-ਅਸਿਸਟੈਂਟ ਕੁਲੈਕਟਰ ਗਰੇਡ-1 ਨਕੋਦਰ।

ਨੰਬਰ 140-141/ ਰੀਡਰ ਮਿਤੀ: 30. 09.25

## ਪਬਲੀਕੇਸ਼ਨ ਨੋਟਿਸ

ਦਫਤਰ ਤਹਿਸੀਲਦਾਰ, ਹੁਸ਼ਿਆਰਪੁਰ

ਵਿਸ਼ਾ : ਵਾਕਿਆ ਪਿੰਡ ਡਡਿਆਣਾ ਖੁਰਦ ਹਦਬਸਤ ਨੰਬਰ 139 ਤਹਿਸੀਲ ਵਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਮਾਲ ਰਿਕਾਰਡ ਵਿੱਚ ਮਲਕੀਤ ਸਿੰਘ ਪੁੱਤਰ ਮਾਨ ਸਿੰਘ ਪੁੱਤਰ ਪੂਰਨ ਸਿੰਘ ਦਾ ਨਾਂਅ ਦਰੁਸਤ ਕਰਕੇ ਗੁਰਮੀਤ ਸਿੰਘ ਪੁੱਤਰ ਮਾਨ ਸਿੰਘ ਪੁੱਤਰ ਪੂਰਨ ਸਿੰਘ ਕਰਨ ਬਾਰੇ।

ਸ੍ਰੀ ਗੁਰਮੀਤ ਸਿੰਘ ਪੁੱਤਰ ਮਾਨ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਪਿੰਡ ਡਡਿਆਣਾ ਖੁਰਦ, ਤਹਿਸੀਲ ਵਾ ਜ਼ਿਲ੍ਹਾ ਹੁਸ਼ਿਆਰਪੁਰ ਨੇ ਨਿਮਨ ਹਸਤਾਖਰ ਦੇ ਪੇਸ਼ ਹੋ ਕੇ ਦਰਖਾਸਤ ਪੇਸ਼ ਕੀਤੀ ਹੈ ਕਿ ਉਸ ਦਾ ਸਹੀ ਨਾਂਅ ਗੁਰਮੀਤ ਸਿੰਘ ਪੁੱਤਰ ਮਾਨ ਸਿੰਘ ਪੁੱਤਰ ਪੂਰਨ ਸਿੰਘ ਹੈ, ਪਰ ਵਾਕਿਆ ਪਿੰਡ ਡਡਿਆਣਾ ਖੁਰਦ ਹਦਬਸਤ ਨੰਬਰ 139 ਤਹਿਸੀਲ ਵਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਮਾਲ ਰਿਕਾਰਡ ਵਿਚ ਉਸ ਦਾ ਨਾਂਅ ਮਲਕੀਤ ਸਿੰਘ ਪੁੱਤਰ ਮਾਨ ਸਿੰਘ ਪੁੱਤਰ ਪੂਰਨ ਸਿੰਘ ਚੱਲਿਆ ਆ ਰਿਹਾ ਹੈ। ਇਸ ਨੇ ਵਾਕਿਆ ਪਿੰਡ ਡਡਿਆਣਾ ਖੁਰਦ ਹਦਬਸਤ ਨੰਬਰ 139 ਤਹਿਸੀਲ ਵਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਮਾਲ ਰਿਕਾਰਡ ਵਿੱਚ ਆਪਣਾ ਨਾਂਅ ਗੁਰਮੀਤ ਸਿੰਘ ਪੁੱਤਰ ਮਾਨ ਸਿੰਘ ਪੁੱਤਰ ਪੂਰਨ ਸਿੰਘ ਕਰਨ ਲਈ ਬੇਨਤੀ ਕੀਤੀ ਹੈ। ਇਸ ਲਈ ਇਸ ਨੋਟਿਸ ਰਾਹੀਂ ਹਰ ਆਮ ਜਾਂ ਖਾਸ ਵਿਅਕਤੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਅਨੁਸਾਰ ਨਾਂਅ ਦੀ ਦਰੁਸਤੀ ਕਰਨ ਵਿੱਚ ਜੇਕਰ ਕਿਸੇ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਮਿਤੀ 10.10.2025 ਤੱਕ ਨਿਮਨਹਸਤਾਖਰ ਦੀ ਅਦਾਲਤ ਵਿਚ ਅਸਾਲਤਨ/ਵਕਾਲਤਨ ਪੇਸ਼ ਹੋ ਕੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਬਾਅਦ ਵਿੱਚ ਪ੍ਰਾਪਤ ਹੋਏ ਇਤਰਾਜ਼ਾਂ 'ਤੇ ਕੋਈ ਗੌਰ ਨਹੀਂ ਕੀਤਾ ਜਾਵੇਗਾ ਅਤੇ ਮਾਲ ਰਿਕਾਰਡ ਵਿੱਚ ਦਰੁਸਤੀ ਕਰਨ ਲਈ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਨੰਬਰ : 975/ਰੀਡਰ ਮਿਤੀ 29/9/25 ਸਹੀ/- ਤਹਿਸੀਲਦਾਰ-ਕਮ- ਸਰਕਲ-ਰੈਵੀਨਿਊ ਅਫਸਰ, ਹੁਸ਼ਿਆਰਪੁਰ


Dhanvarsha

## ਟਰੂਕੈਪ ਫਾਇਨਾਂਸ ਲਿਮਟਿਡ

### ਪਬਲਿਕ ਨੋਟਿਸ

ਗਾਹਕਾਂ ਤੇ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਟਰੂਕੈਪ ਫਾਇਨਾਂਸ ਲਿਮਟਿਡ, ਇੱਕ ਗ਼ੈਰ-ਬੈਂਕਿੰਗ ਫਾਇਨਾਂਸ਼ੀਅਲ ਕੰਪਨੀ, ਰਿਜ਼ਰਵ ਬੈਂਕ ਆਫ ਇੰਡੀਆ (ਆਰ ਬੀ ਆਈ) ਨਾਲ ਰਜਿਸਟਰਡ ਹੈ, ਜਿਸ ਦਾ ਰਜਿਸਟਰਡ ਦਫਤਰ ਚੌਥੀ ਮੰਜ਼ਲ, ਏ ਵਿੰਗ, ਡੀ ਜੇ ਹਾਊਸ, ਪੁਰਾਣਾ ਨਾਗਰਦਾਸ ਰੋਡ, ਅੰਧੇਰੀ (ਈਸਟ), ਮੁੰਬਈ-400069 ("ਕੰਪਨੀ") ਵਿਖੇ ਹੈ, ਆਪਣਾ ਬ੍ਰਾਂਚ ਦਫਤਰ ਜੋ ਕਿ ਬੀ 1461/1, ਰਾਮ ਸ਼ਰਨਮ ਚੌਕ, ਹੰਬੜਾਂ ਰੋਡ, ਲੁਧਿਆਣਾ ਪੰਜਾਬ-141001 ("ਬਰਾਂਚ") ਨੂੰ ਬੰਦ ਕਰ ਰਿਹਾ ਹੈ। ਹੋਰ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਇਸ ਪਬਲੀਕੇਸ਼ਨ ਦੀ ਮਿਤੀ 'ਤੇ ਸਮੁੱਚੀ ਕਰਜ਼ਾ ਬੁਕ ਸਰਵਿਸ ਨਿਲ ਹੈ ਅਤੇ ਇਸ ਬਰਾਂਚ ਤੋਂ ਕੋਈ ਵੀ ਹੋਰ ਨਵਾਂ ਕਾਰੋਬਾਰ ਜਾਂ ਗਾਹਕਾਂ ਨਾਲ ਸੰਬੰਧਤ ਸੇਵਾਵਾਂ ਨਹੀਂ ਦਿੱਤੀਆਂ ਜਾਣਗੀਆਂ। ਬ੍ਰਾਂਚ 31 ਅਕਤੂਬਰ 2025 ਤੋਂ ਬੰਦ ਹੋ ਜਾਵੇਗੀ। ਕੋਈ ਵੀ ਗਾਹਕ ਜਾਂ ਵਿਅਕਤੀ ਜੋ ਕੰਪਨੀ ਤੋਂ ਇਸ ਸੰਬੰਧੀ ਕੋਈ ਜਾਣਕਾਰੀ ਜਾਂ ਸਪਸ਼ਟੀਕਰਨ ਲੈਣਾ ਚਾਹੁੰਦਾ ਹੈ ਤਾਂ ਉਹ ਕੰਪਨੀ ਨੂੰ conctact@trucapfinance.com 'ਤੇ ਈ-ਮੇਲ ਭੇਜ ਕੇ ਸੰਪਰਕ ਕਰ ਸਕਦਾ ਹੈ ਜਾਂ 18002102100 'ਤੇ ਫੋਨ ਕਰ ਸਕਦਾ ਹੈ।

ਸਾਰੇ ਸੰਬੰਧਤਾਂ ਨੂੰ ਇਸ ਜਨਤਕ ਨੋਟਿਸ ਵੱਲ ਧਿਆਨ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ।

ਵਾਸਤੇ ਟਰੂਕੈਪ ਫਾਇਨਾਂਸ ਲਿਮਟਿਡ
ਸਹੀ/-
ਮਿਤੀ : 01 ਅਕਤੂਬਰ 2025 ਅਧਿਕਾਰਤ ਅਧਿਕਾਰੀ


## ਉੱਤਰ ਰੇਲਵੇ

### ਨਿਵਿਦਾ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਉਨ੍ਹਾਂ ਦੇ ਲਈ ਉਪ ਮੁੱਖ ਬਿਜਲੀ ਇੰਜੀਨੀਅਰ/ਨਿਰਮਾਣ/ਜੰਮੂ-ਤਵੀ ਹੇਠਾਂ ਲਿਖਤ ਕੰਮ ਲਈ Single packet System ਦੇ ਅਨੁਸਾਰ ਈ-ਨਿਵਿਦਾਵਾਂ ਦੀ ਮੰਗ ਕਰਦੇ ਹਨ:-

| | |
|---|---|
| ਨਿਵਿਦਾ ਨੰ. | 17-Elect-C-AMC-SINA-25R dated 01.10.2025 |
| ਕੰਮ ਦਾ ਨਾਮ | ਉਧਮਪੁਰ - ਸ੍ਰੀਨਗਰ - ਬਾਰਾਮੂਲਾ ਰੇਲ ਲਿੰਕ ਪਰਿਯੋਜਨਾ ਦੇ ਤਹਿਤ ਸ੍ਰੀਨਗਰ ਰੇਲਵੇ ਸਟੇਸ਼ਨ ਤੇ ਅਧਿਕਾਰੀ ਵਿਸ਼੍ਰਾਮ ਗ੍ਰਹਿ ਅਤੇ ਅਧਿਕਾਰੀ ਵਿਸ਼੍ਰਾਮ ਗ੍ਰਹਿ ਅਤੇ ਦਫਤਰ ਪਰਿਸਰ ਤੁਲਸੀਬਾਗ ਵਿਚ ਲਗਾਏ ਗਏ ਬਿਜਲੀ ਦੇ ਉਪਕਰਣਾਂ ਦਾ ਦੋ ਸਾਲ ਦੇ ਸਮੇਂ ਦੇ ਲਈ ਸੰਚਾਲਨ ਅਤੇ ਵਿਆਪਕ ਰਖਰਖਾਅ ਦੇ ਕੰਮ ਲਈ। |
| ਅੰਦਾਜਨ ਲਾਗਤ | ਰੂ.1,83,78,789.00 |
| ਬਿਆਨਾ ਰਾਸ਼ੀ | ਰੂ. 2,41,900.00 |
| ਕੰਮ ਸਮਾਂ | 24 ਮਹੀਨੇ |
| ਈ-ਨਿਵਿਦਾਵਾਂ ਅਪਲੋਡ ਕਰਨ ਅਤੇ ਖੁਲਣ ਦੀ ਮਿਤੀ ਅਤੇ ਸਮਾਂ | ਨਿਵਿਦਾ ireps ਦੀ ਵੈਬਸਾਈਟ www.ireps.gov.in'ਤੇ ਮਿਤੀ 04.10.2025 ਤੋਂ 27.10.2025 15:00 ਵਜੇ ਤਕ ਅਪਲੋਡ ਕਰਨੀ ਹੋਵੇਗੀ ਅਤੇ ਉਸੇ ਦਿਨ 15:00 ਵਜੇ ਦੇ ਬਾਅਦ ਖੋਹਲੀ ਜਾਵੇਗੀ। |
| ਵਿਸਤ੍ਰਿਤ ਨਿਵਿਦਾ ਸੂਚਨਾ ਅਤੇ ਨਿਵਿਦਾ ਦਸਤਾਵਜ | ਨਿਵਿਦਾ ਸੂਚਨਾ ireps ਦੀ ਵੈਬਸਾਈਟ www.ireps.gov.in'ਤੇ ਮਿਤੀ 04.10.2025 ਤੋਂ ਉਪਲਬਧ ਰਹਿਣਗੇ ਅਤੇ ਨਿਵਿਦਾ ਦਸਤਾਵੇਜ ਮਿਤੀ 13.10.2025 ਤੋਂ 27.10.2025 15:00 ਵਜੇ ਤਕ ਅਪਲੋਡਿੰਗ ਦੇ ਲਈ ਉਪਲਬਧ ਰਹਿਣਗੇ। ਹੋਰ ਸਾਰੇ ਨਿਯਮ ਅਤੇ ਸ਼ਰਤਾਂ ਉਪਰੋਕਤ ਨਿਵਿਦਾ ਦਸਤਾਵੇਜ ਵਿਚ ਦਿਤੇ ਗਏ ਹਨ, ਕੇਵਲ ਈ-ਨਿਵਿਦਾਵਾਂ ਨੂੰ ਸਵੀਕਾਰ ਕੀਤਾ ਜਾਵੇਗਾ ਅਤੇ ਕਿਸੇ ਹੋਰ ਰੂਪ ਵਿਚ ਪੇਸ਼ ਕੀਤੇ ਗਏ ਨਿਵਿਦਾਵਾਂ ਨੂੰ ਸਰਸਰੀ ਤੌਰ ਤੇ ਖਾਰਜ ਕਰ ਦਿਤਾ ਜਾਵੇਗਾ। ਨਿਵਿਦਾ ਸੂਚਨਾ ਦਾ ਪੂਰਾ ਵੇਰਵਾ ਉਪ ਮੁੱਖ ਬਿਜਲੀ ਇੰਜੀਨੀਅਰ/ਨਿਰਮਾਣ/ਜੰਮੂ ਤਵੀ ਦਫਤਰ ਦੇ ਸੂਚਨਾ ਪਟ ਤੇ ਵੇਖੀ ਜਾ ਸਕਦੀ ਹੈ। |

ਨੰ.:17-Elect-C-AMC-SINA-25R ਤਾਰੀਕ 01.10.2025 3056/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## AXIS BANK

Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001.
Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025.
Registered Office: 'Trishul', 3rd Floor, Oppsite Samartheswar Temple, Law Garden, Ellisbridge, Ahmedabad-380006.

### ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।

ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਜਨਤਾ ਨੂੰ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਨਿਕਲਦੀ ਰਾਸ਼ੀ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | ਐੱਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਜਾਰੀ (ਰੁਪਏ) |
|---|---|---|---|---|---|
| 1. | 1. ਸ੍ਰੀ ਰਣਜੀਤ ਸਿੰਘ ਪੁੱਤਰ ਜਰਨੈਲ ਸਿੰਘ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਹਰਪ੍ਰੀਤ ਕੌਰ ਪਤਨੀ ਰਣਜੀਤ ਸਿੰਘ (ਸਹਿ-ਕਰਜ਼ਦਾਰ) | 02-May-2025 | 16-May-2025 | 30th - Sep-2025 | ਰੁਪਏ 16,01,797/- (ਸੋਲਾਂ ਲੱਖ ਇੱਕ ਹਜ਼ਾਰ ਸੱਤ ਸੌ ਸਤਾਨਵੇਂ ਰੁਪਏ ਕੇਵਲ) |
| | **ਗਿਰਵੀ ਜਾਇਦਾਦ ਦਾ ਵੇਰਵਾ:** ਬੈਨਾਮਾ ਨੰ. 2020-21/170/1//1287 ਮਿਤੀ 27.11.2010 ਅਨੁਸਾਰ ਰਣਜੀਤ ਸਿੰਘ ਪੁੱਤਰ ਜਰਨੈਲ ਸਿੰਘ ਦੇ ਨਾਂਅ ਜਾਇਦਾਦ/ਜ਼ਮੀਨ ਰਕਬਾ 03 ਮਰਲੇ 38 ਵਰਗ ਫੁੱਟ, ਖੇਵਟ ਨੰ. 1237, ਖਤੌਨੀ ਨੰ. 1876, ਖਸਰਾ ਨੰ. 220//6/2(0-16) ਇਸ ਵਿੱਚੋਂ 854/4352 ਹਿੱਸਾ ਜੋ ਕਿ 03 ਮਰਲਾ 38 ਵਰਗ ਫੁੱਟ ਪਿੰਡ ਪੱਟੀ-2 ਵਿਖੇ ਸਥਿਤ, ਤਹਿਸੀਲ ਪੱਟੀ ਜ਼ਿਲ੍ਹਾ ਤਰਨ ਤਾਰਨ, ਹੱਦਬਸਤ ਨੰ. 170, ਜਮ੍ਹਾਂਬੰਦੀ ਸਾਲ 2013-14 ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : 20 ਫੁੱਟ ਰਸਤਾ, ਉੱਤਰ : ਰਣਧੀਰ ਕੌਰ, ਪੱਛਮ : ਹਰਦਿਆਲ ਸਿੰਘ, ਦੱਖਣ : ਹਰਦਿਆਲ ਸਿੰਘ | | | | |
| 2. | 1. ਸ੍ਰੀ ਮਨਿੰਦਰ ਸਿੰਘ ਸੇਖੋਂ ਪੁੱਤਰ ਬੇਅੰਤ ਸਿੰਘ (ਕਰਜ਼ਦਾਰ) ਅਤੇ 2. ਸ੍ਰੀਮਤੀ ਰਾਜਵਿੰਦਰ ਕੌਰ ਸੇਖੋਂ ਪਤਨੀ ਮਨਿੰਦਰ ਸਿੰਘ ਸੇਖੋਂ (ਸਹਿ-ਕਰਜ਼ਦਾਰ/ਗਿਰਵੀਕਾਰ) | 21-JUNE-2025 | 24-June-2025 | 30th - Sep-2025 | ਰੁਪਏ 50,06,748/- (ਪੰਜਾਹ ਲੱਖ ਛੇ ਹਜ਼ਾਰ ਸੱਤ ਸੌ ਅਠਤਾਲੀ ਰੁਪਏ ਕੇਵਲ) |
| | **ਗਿਰਵੀ ਜਾਇਦਾਦ ਦਾ ਵੇਰਵਾ:** ਜਾਇਦਾਦ ਰਕਬਾ 02 ਕਨਾਲ 09 ਮਰਲੇ (907.50 ਵਰਗ ਗਜ਼) ਪੱਟੀ-1 ਵਿਖੇ ਸਥਿਤ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਉਚਿਤ ਗਿਰਵੀਨਾਮਾ ਦਾ ਵੇਰਵਾ ਇਸ ਤਰ੍ਹਾਂ ਹੈ : ਏ) ਜਾਇਦਾਦ/ਜ਼ਮੀਨ ਰਕਬਾ 01 ਕਨਾਲ 10 ਮਰਲੇ ਜੋ ਕਿ ਜ਼ਮੀਨ ਰਕਬਾ 3 ਕਨਾਲ-0 ਮਰਲਾ ਦਾ 1/2 ਹਿੱਸਾ, ਖੱਤਾ/ਖਤੌਨੀ ਨੰ. 413/687,688, ਖਸਰਾ ਨੰ. 83//3/2 ਮਿੰਨ (1-11), 8/1/1, (0-12), 3/2 ਮਿੰਨ (0-17) ਰਾਜਵਿੰਦਰ ਕੌਰ ਦੀ ਮਲਕੀਅਤ। ਹੱਦਾਂ : ਪੂਰਬ : ਮਨਿੰਦਰ ਸਿੰਘ ਦੀ ਜਾਇਦਾਦ, ਪੱਛਮ : ਰਾਜਵਿੰਦਰ ਕੌਰ ਦੀ ਜਾਇਦਾਦ, ਉੱਤਰ : ਜਸਪਾਲ ਸਿੰਘ ਦੀ ਜਾਇਦਾਦ, ਦੱਖਣ : ਗਲੀ 15 ਫੁੱਟ ਚੌੜੀ ਬੀ) ਜਾਇਦਾਦ/ਜ਼ਮੀਨ0 ਕਨਾਲ 19 ਮਰਲੇ ਜੋ ਕਿ ਜ਼ਮੀਨ ਰਕਬਾ 1 ਕਨਾਲ-18 ਮਰਲੇ ਦਾ 1/2 ਹਿੱਸਾ, ਖੱਤਾ ਖਤੌਨੀ ਨੰ. 391/1/659/1, ਖਸਰਾ ਨੰ. 83//2/1/2 (1-18) ਰਾਜਵਿੰਦਰ ਕੌਰ ਦੀ ਮਲਕੀਅਤ ਪੱਟੀ-I ਵਿਖੇ ਸਥਿਤ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ, ਜਮ੍ਹਾਂਬੰਦੀ ਸਾਲ 2018-19, ਹੱਦਾਂ : ਪੂਰਬ : ਰਾਜਵਿੰਦਰ ਕੌਰ ਦੀ ਜਾਇਦਾਦ, ਪੱਛਮ : ਹਰਮਨਪ੍ਰੀਤ ਸਿੰਘ ਦੀ ਜਾਇਦਾਦ, ਉੱਤਰ : ਜਸਪਾਲ ਸਿੰਘ ਦੀ ਜਾਇਦਾਦ, ਦੱਖਣ : ਸੁੱਖਜਿੰਦਰ ਸਿੰਘ ਦੀ ਜਾਇਦਾਦ। | | | | |

ਮਿਤੀ : 01.10.2025 ਸਹਿ/- (ਅਧਿਕਾਰਤ ਅਫ਼ਸਰ)
ਸਥਾਨ : ਪੱਟੀ ਐਕਸਿਸ ਬੈਂਕ ਲਿਮਟਿਡ

## AXIS BANK

Retail Asset Center: "2nd and 3rd Floor, Property No. 7-E, Malhar Road, Saraabha Nagar, Ludhiana- 141001
Registered Office: "Trishul", 3rd Floor Opp. Samartheshwar Temple Law Garden, Ellisbridge Ahmedabad- 380006

### ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿੱਕਰੀ ਵਾਸਤੇ ਪਹਿਲਾ ਈ-ਨਿਲਾਮੀ ਨੋਟਿਸ।

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੈ, ਜਿਸ ਦਾ ਭੌਤਿਕ ਕਬਜ਼ਾ ਅਧਿਕਾਰਤ ਅਫਸਰ ਸਕਿਉਰਡ ਕ੍ਰੈਡਿਟਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿਕਰੀ (1) ਮੈਸਰਜ਼ ਸੰਜੋਗ ਸਿਊਂਗ ਮਸ਼ੀਨ ਕੰਪਨੀ (2) ਸ੍ਰੀ ਰਮੇਸ਼ ਕੁਮਾਰ ਪੁੱਤਰ ਸਵ: ਸ੍ਰੀ ਬਾਲ ਮੁਕੰਦ ਗੁਪਤਾ (3) ਸ੍ਰੀਮਤੀ ਰਕਸ਼ਾ ਰਾਣੀ ਪਤਨੀ ਸਵ: ਸ੍ਰੀ ਬਾਲ ਮੁਕੰਦ ਗੁਪਤਾ (4) ਸ੍ਰੀਮਤੀ ਸ਼ੈਲੀ ਗਰਗ ਪਤਨੀ ਸ੍ਰੀ ਰਮੇਸ਼ ਕੁਮਾਰ (5) ਸ੍ਰੀਮਤੀ ਰਜਨੀ ਬਾਲਾ ਗੁਪਤਾ ਪਤਨੀ ਸ੍ਰੀ ਮਹੇਸ਼ ਕੁਮਾਰ ਤੋਂ ਸਕਿਉਰਡ ਕ੍ਰੈਡਿਟਰ ਦੀ 31-01-2022 ਨੂੰ ਬਕਾਇਆ ਰਕਮ ਰੁਪਏ 4,38,95,775 (ਚਾਰ ਕਰੋੜ ਅਠੱਤੀ ਲੱਖ ਪਚਾਨਵੇਂ ਹਜ਼ਾਰ ਪੰਜ ਸੌ ਪਝੰਤਰ ਰੁਪਏ ਕੇਵਲ) ਸਮੇਤ ਭਵਿੱਖੀ ਵਿਆਜ ਅਤੇ ਲਾਗਤਾਂ ਦੀ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉਥੇ ਜੋ ਵੀ ਹੈ" ਦੇ ਅਧਾਰ 'ਤੇ 7 ਨਵੰਬਰ 2025 ਨੂੰ ਕੀਤੀ ਜਾਵੇਗੀ।

ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

ਪਹਿਲੀ ਜਾਇਦਾਦ (ਸਾਰਣੀ 'ਚ ਜਾਇਦਾਦ ਨੰ. 1 ਵਜੋਂ ਵੇਰਵਾ ਦਰਜ)

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 82,50,000/- (ਬਿਆਸੀ ਲੱਖ ਪੰਜਾਹ ਹਜ਼ਾਰ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 8,25,000/- (ਅੱਠ ਲੱਖ ਪੱਚੀ ਹਜ਼ਾਰ ਰੁਪਏ ਕੇਵਲ) |
| ਬੋਲੀ ਵਾਧਾ ਰਕਮ | ਰੁਪਏ 20,000/- (ਵੀਹ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7 ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਵਿਖੇ 06 ਨਵੰਬਰ 2025 ਨੂੰ ਸ਼ਾਮ ਦੇ 5.00 ਵਜੇ ਤੱਕ। |
| ਜਨਤਕ ਈ-ਨਿਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 07 ਨਵੰਬਰ2025 ਨੂੰ ਸਵੇਰੇ 11.00 ਵਜੇ ਅਤੇ ਦੁਪਹਿਰ 01.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

ਦੂਜੀ ਜਾਇਦਾਦ (ਸਾਰਣੀ 'ਚ ਜਾਇਦਾਦ ਨੰ. 2 ਵਜੋਂ ਵੇਰਵਾ ਦਰਜ)

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 2,26,50,000/- (ਰੁਪਏ ਦੋ ਕਰੋੜ ਛੱਬੀ ਲੱਖ ਪੰਜਾਹ ਹਜ਼ਾਰ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 22,65,000/- (ਰੁਪਏ ਬਾਈ ਲੱਖ ਪੈਂਹਠ ਹਜ਼ਾਰ ਕੇਵਲ) |
| ਬੋਲੀ ਵਾਧਾ ਰਕਮ | ਰੁਪਏ 50,000/- (ਪੰਜਾਹ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7 ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਵਿਖੇ 06 ਨਵੰਬਰ 2025 ਨੂੰ ਸ਼ਾਮ ਦੇ 5.00 ਵਜੇ ਤੱਕ। |
| ਜਨਤਕ ਈ-ਨਿਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 07 ਨਵੰਬਰ2025 ਨੂੰ ਸਵੇਰੇ 11.00 ਵਜੇ ਅਤੇ ਦੁਪਹਿਰ 01.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

**ਸਾਰਣੀ-ਜਾਇਦਾਦ ਦਾ ਵੇਰਵਾ**

ਬੈਨਾਮਾ ਨੰ. 12319 ਮਿਤੀ 17-11-2009 ਅਨੁਸਾਰ ਸ੍ਰੀਮਤੀ ਸ਼ੈਲੀ ਗਰਗ ਪਤਨੀ ਸ੍ਰੀ ਰਮੇਸ਼ ਕੁਮਾਰ ਅਤੇ ਸ੍ਰੀਮਤੀ ਰਜਨੀ ਬਾਲਾ ਗੁਪਤਾ ਪਤਨੀ ਸ੍ਰੀ ਮਹੇਸ਼ ਕੁਮਾਰ ਗਿਰਵੀ ਅਚੱਲ ਜਾਇਦਾਦ ਰਕਬਾ 575 ਵਰਗ ਗਜ਼, ਖਸਰਾ ਨੰ. 41//20-40//15/2-16-41//11/2 ਖੱਤਾ ਨੰ. 185/195-187/196-188/197-189 ਜਮ੍ਹਾਂਬੰਦੀ ਸਾਲ 2006-07 ਖੱਤਾ ਨੰ. 206/218,207/219,208/220, 290/221, ਜਮ੍ਹਾਂਬੰਦੀ ਸਾਲ 2011-12, ਸੀਰਾ ਰੋਡ, ਪਿੰਡ ਸੀਰਾ, ਰਾਹੋਂ ਰੋਡ, ਲੁਧਿਆਣਾ, ਹੱਦਬਸਤ ਨੰ. 72, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਲਾਂਘਾ 16 ਫੁੱਟ, ਪੱਛਮ : ਗੁਆਂਢ 61 ਫੁੱਟ, ਉੱਤਰ : ਗੁਆਂਢ 85 ਫੁੱਟ, ਦੱਖਣ : ਗੁਆਂਢ 85 ਫੁੱਟ

ਜਾਇਦਾਦ ਨੰ. 2 : ਬੈਨਾਮਾ ਨੰ. 1726 ਮਿਤੀ 22-04-2013 ਅਨੁਸਾਰ ਸ੍ਰੀ ਰਮੇਸ਼ ਗੁਪਤਾ ਦੁਆਰਾ ਗਿਰਵੀ ਅਚੱਲ ਇੰਡਸਟਰੀਅਲ ਜਾਇਦਾਦ (ਦੋ ਮੰਜ਼ਲਾ ਇੰਡਸਟਰੀਅਲ ਯੂਨਿਟ) ਰਕਬਾ 1496 ਵਰਗ ਗਜ਼, ਖਸਰਾ ਨੰ. 40//6-15/1, 41//7-8-9-10/1-10/2-11/1-12/2-13/1, ਖੱਤਾ ਨੰ. 137/146 ਜਮ੍ਹਾਂਬੰਦੀ ਸਾਲ 2006-07, ਸੀਮਾ ਰੋਡ 'ਤੇ ਸਥਿਤ, ਪਿੰਡ ਸੀਰਾ, ਰਾਹੋਂ ਰੋਡ, ਲੁਧਿਆਣਾ, ਹੱਦਬਸਤ ਨੰ. 72, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : ਉੱਤਰ : ਲਾਂਘਾ 75 ਫੁੱਟ, ਪੂਰਬ : ਗਲੀ, ਦੱਖਣ : ਗੁਆਂਢ ਲਾਂਘਾ 75 ਫੁੱਟ, ਪੱਛਮ : ਗੁਆਂਢ ।

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਈ-ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਸੁਮੀਤ ਕੁਮਾਰ (ਮੋਬਾਈਲ ਨੰ. 96462-23355) ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 9.30 ਵਜੇ ਤੋਂ ਸ਼ਾਮ ਦੇ 6.00 ਵਜੇ ਤੱਕ ਸੰਪਰਕ ਕਰ ਸਕਦੇ ਹਨ। ਇਸ ਨੋਟਿਸ ਨੂੰ ਕਰਜ਼ਦਾਰਾਂ ਲਈ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8 (6) ਤਹਿਤ 30 ਦਿਨਾਂ ਦਾ ਨੋਟਿਸ ਮੰਨਿਆ ਜਾਵੇ।

ਮਿਤੀ : 04.10.2025 ਤੁਹਾਡਾ ਸ਼ੁਭਚਿੰਤਕ ਵਾਸਤੇ ਐਕਸਿਸ ਬੈਂਕ ਲਿਮਟਿਡ
ਸਥਾਨ : ਲੁਧਿਆਣਾ (ਅਧਿਕਾਰਤ ਅਫਸਰ)

4 Oct Page 8.qxd 10/3/2025 11:03 PM Page 1



# ਧਨੀ ਪਿੰਡ ਸਕੂਲ ਦੀਆਂ ਲੜਕੀਆਂ ਨੇ ਵੇਟ ਲਿਫਟਿੰਗ ਅੰਡਰ-17 ਦੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ 'ਚ ਪ੍ਰਾਪਤ ਕੀਤਾ ਤੀਜਾ ਸਥਾਨ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਨੀ ਪਿੰਡ ਵਿਖੇ ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ (ਸਟੇਟ ਅਵਾਰਡੀ) ਦੀ ਅਗਵਾਈ ਵਿੱਚ ਲੜਕੀਆਂ ਦੇ ਜ਼ਿਲ੍ਹਾ ਪੱਧਰੀ ਵੇਟ ਲਿਫਟਿੰਗ ਅੰਡਰ-17 ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ।ਸਮਾਜ ਸੇਵੀ ਅਤੇ ਦਾਨੀ ਸੱਜਣ, ਸਰਪੰਚ ਬਲਕਾਰ ਸਿੰਘ ਕੂਨਰ ਨੇ ਰਿਬਨ ਕੱਟ ਕੇ ਮੁਕਾਬਿਲਆਂ ਦਾ ਆਗਾਜ਼ ਕੀਤਾ। ਇਹਨਾ ਮੁਕਾਬਿਲਆਂ ਵਿੱਚ ਗੁਰੂ ਨਾਨਕ ਖਾਲਸਾ ਕਾਲਜੀਏਟ ਸਕੂਲ ਸੰਗ ਢੇਸੀਆਂ ਨੇ ਪਹਿਲਾ ਸਥਾਨ, ਸਰਕਾਰੀ ਸੀਨੀਅਰ ਸਕੂਲ ਨੂਰਪੁਰ ਨੇ ਦੂਜਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਨੀ ਪਿੰਡ ਨੇ ਤੀਜਾ ਸਥਾਨ ਪ੍ਰਾਪਤ ਕੀਤਾ।77 ਕਿਲੋ ਭਾਰ ਵਰਗ ਵਿੱਚ ਡੀ. ਏ. ਵੀ. ਪਬਲਿਕ ਸਕੂਲ ਦੀ ਖਿਡਾਰਨ ਯੁਵਿਕਾ ਨੇ 90 ਅੰਕ ਪ੍ਰਾਪਤ ਕਰਕੇ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਨੀ ਦੀ ਖਿਡਾਰਨ ਸਤਵਿੰਦਰ ਕੌਰ ਨੇ 70 ਅੰਕ ਪ੍ਰਾਪਤ ਕਰਕੇ ਦੂਜਾ ਅਤੇ ਗੁਰੂ ਨਾਨਕ ਖਾਲਸਾ ਕਾਲਜੀਏਟ ਸਕੂਲ ਸੰਗ ਢੇਸੀਆਂ ਦੀ ਖਿਡਾਰਨ ਅਵਨੀਤ ਕੌਰ ਨੇ 48 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਪ੍ਰਿੰਸੀਪਲ ਹਰਮੇਸ਼ ਘੇੜਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਖੇਡਾਂ ਸਾਨੂੰ ਸਰੀਰਕ ਤੌਰ ਤੰਦਰੁਸਤ ਅਤੇ ਨਿਰੋਗ ਰੱਖਣ ਦੇ ਨਾਲ ਨਾਲ ਸਾਨੂੰ ਜ਼ਿੰਦਗੀ ਵਿੱਚ ਅਨੁਸ਼ਾਸਨ ਦੀ ਪਾਲਣਾ ਕਰਨਾ ਵੀ ਸਿਖਾਉਂਦੀਆਂ ਹਨ, ਇਸ ਲਈ ਸਾਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੱਲ ਵੀ ਰੁਚੀ ਰੱਖਣੀ ਚਾਹੀਦੀ ਹੈ। ਜੇਤੂ ਖਿਡਾਰਨਾ ਨੂੰ ਇਨਾਮਾਂ ਦੀ ਵੰਡ ਸਰਪੰਚ ਬਲਕਾਰ ਸਿੰਘ ਕੂਨਰ, ਚੇਅਰਪਰਸਨ ਮਨਜੀਤ ਕੌਰ ਅਤੇ ਪ੍ਰਿੰਸੀਪਲ ਹਰਮੇਸ਼ ਘੇੜਾ ਨੇ ਕੀਤੀ। ਇਸ ਮੌਕੇ ਤੇ ਕੋਚ ਹਰਮੇਸ਼ ਲਾਲ ਕੈਲੇ, ਕੋਚ ਨਵਨੀਤ ਕੌਰ ,ਕੋਚ ਸੰਦੀਪ ਕੌਰ, ਕੋਚ ਅਵਤਾਰ ਲਾਲ, ਲੈਕ. ਰਿਸ਼ੀ ਕੁਮਾਰ, ਲੈਕ. ਕੁਲਵੰਤ ਰਾਮ, ਲੈਕ. ਤੀਰਥ ਸਿੰਘ ਬਾਸੀ, ਜਸਵਿੰਦਰ ਸਾਂਪਲਾ, ਮੰਜੂ ਰਾਣੀ, ਸੀਮਾ ਦੇਵੀ, ਅੰਸ਼ੂ ਸੱਭਰਵਾਲ, ਸੁਰਚੀ ਲੂਥਰਾ, ਸੁਖਵੀਰ ਕੌਰ, ਜਸਵੀਰ ਕੌਰ, ਅਤੇ ਰਜਨੀ ਸੂਦ ਤੋਂ ਇਲਾਵਾ ਵੱਖ - ਵੱਖ ਸਕੂਲਾਂ ਦੇ ਖੇਡ ਅਧਿਆਪਕ ਅਤੇ ਖਿਡਾਰਨਾ ਹਾਜ਼ਰ ਸਨ।



# ਹੜ੍ਹ ਪੀੜਤਾਂ ਦੀ ਮਦਦ ਲਈ ਭਾਗੀਵਾਂਦਰ 'ਚ ਕੈਂਪ ਲਾਇਆ

ਤਲਵੰਡੀ ਸਾਬੋ (ਜਗਦੀਪ ਗਿੱਲ) ਪਿਛਲੇ ਦਿਨੀ ਪੰਜਾਬ ਅੰਦਰ ਹੜ੍ਹਾਂ ਦੀ ਮਾਰ ਹੇਠ ਆਏ ਕਈ ਜ਼ਿਲ੍ਹਿਆਂ ਤੇ ਕਸਬਿਆਂ ਵਿੱਚ ਘਰ ਨੁਕਸਾਨੇ ਗਏ ਹਨ ਤੇ ਕਿਸਾਨਾਂ ਦੀਆਂ ਫਸਲਾਂ ਵੀ ਖਰਾਬ ਹੋ ਗਈਆਂ ਹਨ।ਇਸ ਕੁਦਰਤੀ ਆਫ਼ਤ ਕਾਰਨ ਜਿੱਥੇ ਅਨੇਕਾਂ ਸਮਾਜ ਸੇਵੀ ਸੰਸਥਾਵਾਂ ਇਨ੍ਹਾਂ ਹੜ੍ਹ ਪੀੜਤਾਂ ਦੀ ਮਦਦ ਕਰ ਰਹੀਆਂ ਹਨ।ਇਸੇ ਤਰ੍ਹਾਂ ਜ਼ਿਲ੍ਹਾ ਲੀਗਲ ਸਰਵਿਸ ਅਥਾਰਟੀ ਬਠਿੰਡਾ ਵੱਲੋਂ ਬਾਰ ਐਸੋਸੀਏਸ਼ਨ ਤਲਵੰਡੀ ਸਾਬੋ ਦੇ ਸਹਿਯੋਗ ਨਾਲ ਪਿੰਡ ਭਾਗੀਵਾਂਦਰ ਵਿਖੇ ਕੈਂਪ ਲਾਇਆ ਗਿਆ।ਜੱਜ ਸੀ.ਜੇ.ਐਮ, ਡੀ.ਐਲ.ਐਸ.ਏ ਬਠਿੰਡਾ ਮੈਡਮ ਬਲਜਿੰਦਰ ਕੌਰ ਮਾਨ ਪਹੁੰਚੇ।ਉਨ੍ਹਾਂ ਪਿੰਡ ਵਾਸੀਆਂ, ਮੋਹਤਬਰਾਂ ਤੇ ਵਿਭਾਗ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਤਾਂ ਜੁ ਉਨ੍ਹਾਂ ਦੀ ਸੰਭਵ ਮਦਦ ਕੀਤੀ ਜਾ ਸਕੇ।

# ਸਿਹਤ ਮੰਤਰੀ ਵੱਲੋਂ ਸੁਲਤਾਨਪੁਰ ਲੋਧੀ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਮੁੜ ਵਸੇਬਾ ਯਤਨਾਂ ਦੀ ਸਮੀਖਿਆ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲਾਪੁਰੀ)**- ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਸੁਲਤਾਨਪੁਰ ਲੋਧੀ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਮੁੜ ਵਸੇਬੇ ਦੇ ਯਤਨਾਂ ਦੀ ਸਮੀਖਿਆ ਦੌਰਾਨ ਕਿਹਾ ਗਿਆ ਕਿ ਪੰਜਾਬ ਸਰਕਾਰ ਵੱਲੋਂ ਜਲਦ ਹੀ ਪੀੜਤਾਂ ਨੂੰ ਮੁਆਵਜ਼ਾ ਰਾਸ਼ੀ ਜਾਰੀ ਕੀਤੀ ਜਾਵੇਗੀ।ਉਨ੍ਹਾਂ ਸੁਲਤਾਨਪੁਰ ਲੋਧੀ ਦੇ ਬਾਊਪੁਰ, ਸਾਂਗਰਾ ਤੇ ਮੁਹੰਮਦਾਬਾਦ ਆਦਿ ਪਿੰਡਾਂ ਵਿੱਚ ਹੜ੍ਹ ਪੀੜਤ ਪਰਵਾਰਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਪਰਵਾਰਾਂ ਨੂੰ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਗਿਰਦਾਵਰੀ ਦਾ ਕੰਮ ਜੰਗੀ ਪੱਧਰ 'ਤੇ ਕੀਤਾ ਜਾ ਰਿਹਾ ਹੈ ਜਿਸ ਲਈ ਮਾਲ ਵਿਭਾਗ ਵੱਲੋਂ ਮਾਰੀਆਂ ਗਈਆਂ ਫਸਲਾਂ ਤੇ ਨੁਕਸਾਨੇ ਗਏ ਘਰਾਂ ਦੀ ਗਿਰਦਾਵਰੀ ਕੀਤੀ ਜਾ ਰਹੀ ਹੈ।ਇਸ ਤੋਂ ਇਲਾਵਾ ਪਸ਼ੂ ਪਾਲਣ ਵਿਭਾਗ ਵੱਲੋਂ ਮਾਰੇ ਗਏ ਪਸ਼ੂਆਂ ਬਾਰੇ ਅੰਕੜੇ ਇਕੱਤਰ ਕੀਤੇ ਜਾ ਰਹੇ ਹਨ ਤਾਂ ਜੋ ਪ੍ਰਭਾਵਿਤ ਲੋਕਾਂ ਨੂੰ ਮੁਆਵਜ਼ਾ ਦਿੱਤਾ ਜਾ ਸਕੇ। ਡਾ. ਬਲਬੀਰ ਸਿੰਘ ਨੇ ਇਹ ਵੀ ਕਿਹਾ ਕਿ ਦੀਵਾਲੀ ਤੱਕ ਪ੍ਰਭਾਵਿਤ ਲੋਕਾਂ ਨੂੰ ਮੁਆਵਜ਼ੇ ਦੀ ਰਾਸ਼ੀ ਮਿਲਣੀ ਸ਼ੁਰੂ ਹੋ ਜਾਵੇਗੀ, ਜਿਸ ਲਈ ਪੰਜਾਬ ਸਰਕਾਰ ਨੇ ਪ੍ਰਤੀ ਏਕੜ ਮੁਆਵਜ਼ਾ ਰਾਸ਼ੀ ਨੂੰ 6800 ਰੁਪੈ ਤੋਂ ਵਧਾਕੇ 20 ਹਜ਼ਾਰ ਰੁਪੈ ਪ੍ਰਤੀ ਏਕੜ ਕੀਤਾ ਗਿਆ ਹੈ।



ਸਿਹਤ ਮੰਤਰੀ ਨੇ ਇਹ ਵੀ ਕਿਹਾ ਕਿ ਹੜ੍ਹ ਤੋਂ ਬਾਅਦ ਸਭ ਤੋਂ ਵੱਡੀ ਚੁਣੌਤੀ ਬਿਮਾਰੀਆਂ ਦੀ ਰੋਕਥਾਮ ਸੀ ਜਿਸ ਲਈ ਸਿਹਤ ਵਿਭਾਗ ਵੱਲੋਂ ਵਿਸ਼ੇਸ਼ ਮੈਡੀਕਲ ਟੀਮਾਂ ਨੂੰ ਤਾਇਨਾਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਚਮੜੀ, ਪੇਟ ਸਬੰਧੀ ਰੋਗ ਤੋਂ ਬਚਾਉਣ ਲਈ ਜੰਗੀ ਪੱਧਰ 'ਤੇ ਕੰਮ ਕੀਤਾ ਜਾ ਰਿਹਾ ਹੈ।

ਇਸ ਤੋਂ ਇਲਾਵਾ ਹੜ੍ਹ ਕਾਰਨ ਮਾਨਸਿਕ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਮਾਨਸਿਕ ਸਿਹਤ ਦੀ ਤੰਦਰੁਸਤੀ ਲਈ ਵੀ ਕਾਊਂਸਲਿੰਗ ਕੀਤੀ ਜਾ ਰਹੀ ਹੈ। ਸਿਹਤ ਮੰਤਰੀ ਨੇ ਹੜ੍ਹ ਪਿੱਛੋਂ ਮੁੜ ਵਸੇਬੇ ਦੇ ਯਤਨਾਂ ਵਿੱਚ ਸਹਾਇਤਾ ਕਰ ਰਹੇ ਗੈਰ ਸਰਕਾਰੀ ਸੰਗਠਨਾਂ ਦਾ ਵੀ ਧੰਨਵਾਦ ਕੀਤਾ ਤੇ ਕਿਹਾ ਕਿ ਲੋਕ ਪੰਜਾਬ ਦੇ ਪ੍ਰਭਾਵਿਤ ਲੋਕਾਂ ਨੂੰ ਪੈਰਾਂ ਸਿਰ ਖੜ੍ਹਾ ਕਰਨ ਲਈ ਹੋਰ ਵੱਡੀ ਭੂਮਿਕਾ ਨਿਭਾਉਣ। ਸਿਹਤ ਮੰਤਰੀ ਨੇ ਇਹ ਵੀ ਕਿਹਾ ਕਿ ਸੁਲਤਾਨਪੁਰ ਲੋਧੀ ਦੇ ਟਾਪੂਨੁਮਾ ਪਿੰਡਾਂ ਦੀ ਆਬਾਦੀ ਨੂੰ ਹੋਰ ਨੇੜਲੇ ਸੁਰੱਖਿਅਤ ਥਾਵਾਂ 'ਤੇ ਵਸਾਉਣ ਲਈ ਉਹ ਉੱਚ ਪੱਧਰ 'ਤੇ ਗੱਲ ਕਰਨਗੇ ਤਾਂ ਜੋ ਲੋਕਾਂ ਨੂੰ ਵਾਰ ਵਾਰ ਹੜ੍ਹਾਂ ਦੀ ਮਾਰ ਨਾ ਝੱਲਣੀ ਪਵੇ। ਉਨ੍ਹਾਂ ਇਸ ਮੌਕੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਮੈਡੀਕਲ ਕੈਂਪਾਂ ਦੀ ਗਿਣਤੀ ਵਧਾਉਣ ਲਈ ਵੀ ਨਿਰਦੇਸ਼ ਦਿੱਤੇ।ਇਸ ਮੌਕੇ ਐਸ.ਐਸ.ਪੀ ਸ੍ਰੀ ਗੌਰਵ ਤੂਰਾ, ਵਧੀਕ ਡਿਪਟੀ ਕਮਿਸ਼ਨਰ ਵਰਿੰਦਰਪਾਲ ਸਿੰਘ ਬਾਜਵਾ, ਐਸ ਡੀ ਐਮ ਅਲਕਾ ਕਾਲੀਆ ਤੇ ਹੋਰ ਹਾਜ਼ਰ ਸਨ।

# ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਵਿਖੇ ਖ਼ੂਨਦਾਨ ਕੈਂਪ ਲਗਾਇਆ

**ਆਦਮਪੁਰ (ਪਰਮਜੀਤ ਸਿੰਘ)**- ਸਤਿਕਾਰ ਯੋਗ ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਅਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ ਮਾਣਯੋਗ ਚਾਂਸਲਰ ਸੰਤ ਮਨਮੋਹਨ ਸਿੰਘ ਅਤੇ ਉਪ-ਕੁਲਪਤੀ ਡਾ.ਧਰਮਜੀਤ ਸਿੰਘ ਪਰਮਾਰ, ਹਰਦਮਨ ਸਿੰਘ ਮਿਨਹਾਸ (ਸਕੱਤਰ) ਦੇ ਦਿਸ਼ਾ ਨਿਰਦੇਸ਼ ਤਹਿਤ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੇ ਜੀਵਨ ਵਿਗਿਆਨ ਅਤੇ ਸਿਹਤ ਵਿਗਿਆਨ ਵਿਭਾਗ, ਯੂਨੀਵਰਸਿਟੀ ਇੰਸਟੀਚਿਊਟ ਆਫ਼ ਸਾਇੰਸਜ਼, ਆਈਕਿਊਏਸੀ, ਆਈਆਈਸੀ ਦੀ ਅਗਵਾਈ ਹੇਠ 30 ਸਤੰਬਰ ਨੂੰ ਯੂਨੀਵਰਸਿਟੀ ਵਿੱਚ ਇੱਕ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ ਸੀ। ਇਹ ਕੈਂਪ ਫੋਰਟਿਸ ਹਸਪਤਾਲ, ਜਲੰਧਰ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ ਸੀ।ਇਸ ਕੈਂਪ ਦਾ ਉਦਘਾਟਨ ਡਾ. ਧਰਮਜੀਤ ਸਿੰਘ ਪਰਮਾਰ (ਵਾਈਸ ਚਾਂਸਲਰ), ਰਾਜਿੰਦਰ ਕੁਮਾਰ (ਰਜਿਸਟਰਾਰ), ਡਾ. ਸ਼ਵੇਤਾ ਸਿੰਘ, ਡੀਨ ਯੂ ਆਈ ਐਸ, ਜੀਵਨ ਵਿਗਿਆਨ ਅਤੇ ਸਿਹਤ ਵਿਗਿਆਨ ਵਿਭਾਗ ਦੇ ਫੈਕਲਟੀ ਮੈਂਬਰਾਂ ਸਮੇਤ ਹੋਰ ਪਤਵੰਤਿਆਂ ਨੇ ਕੀਤਾ।ਕੈਂਪ ਦੀ ਸ਼ੁਰੂਆਤ 'ਅਰਦਾਸ' ਨਾਲ ਹੋਈ ਜਿਸ ਤੋਂ ਬਾਅਦ ਸ਼੍ਰੀਮਨ ਮਲਟੀਸਪੈਸ਼ਲਿਟੀ ਹਸਪਤਾਲ, ਜਲੰਧਰ ਤੋਂ ਮੈਡੀਕਲ ਪੇਸ਼ੇਵਰਾਂ ਦੀ ਟੀਮ ਦਾ ਰਸਮੀ ਸਵਾਗਤ ਕੀਤਾ ਗਿਆ। ਇਸ ਕੈਂਪ ਵਿੱਚ 50 ਤੋਂ ਵੱਧ ਵਲੰਟੀਅਰਾਂ ਨੇ ਉਤਸ਼ਾਹ ਨਾਲ ਖੂਨਦਾਨ ਕੀਤਾ ਜਿਨ੍ਹਾਂ ਵਿੱਚੋਂ 23 ਵਲੰਟੀਅਰਾਂ ਨੇ ਪਹਿਲੀ ਵਾਰ ਖੂਨਦਾਨ ਕੀਤਾ। ਉਨ੍ਹਾਂ ਵਿੱਚੋਂ ਬਹੁਤ ਸਾਰੇ ਯੂਨੀਵਰਸਿਟੀ ਦੇ ਵਿਦਿਆਰਥੀ ਸਨ ਅਤੇ ਕੁਝ ਨੇੜਲੇ ਪਿੰਡਾਂ ਦੇ ਨੌਜਵਾਨਾਂ ਨੇ ਵੀ ਵਲੰਟੀਅਰ ਵਜੋਂ ਹਿੱਸਾ ਲਿਆ। ਵਾਈਸ ਚਾਂਸਲਰ ਡਾ. ਧਰਮਜੀਤ ਸਿੰਘ ਪਰਮਾਰ ਨੇ ਖੂਨਦਾਨ ਦੀ ਜ਼ਰੂਰਤ ਅਤੇ ਮਹੱਤਵ ਨੂੰ ਉਜਾਗਰ ਕੀਤਾ ਅਤੇ ਇਹ ਯਕੀਨੀ ਬਣਾਇਆ ਕਿ ਐਸਬੀਬੀਐਸਯੂ ਭਵਿੱਖ ਵਿੱਚ ਵੀ ਅਜਿਹੇ ਕੈਂਪਾਂ ਦਾ ਆਯੋਜਨ ਕਰਦਾ ਰਹੇਗਾ।ਅੰਤ ਵਿਚ ਸਾਰੇ ਵਲੰਟੀਅਰਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ. ਅਨੀਤ ਕੁਮਾਰ, ਡਾ. ਵਿਜੈ ਧੀਰ, ਡੀਨ ਅਕਾਦਮਿਕਸ, ਰੂਪ ਸਿੰਘ, ਡਿਪਟੀ ਰਜਿਸਟਰਾਰ ਅਤੇ ਵੱਖ-ਵੱਖ ਵਿਭਾਗਾਂ ਦੇ ਡੀਨ, ਪ੍ਰੋਫੈਸਰ ਵੀ ਹਾਜ਼ਰ ਸਨ।

# ਗੁਰੂ ਘਰਾਂ ਦੇ ਆਲੇ-ਦੁਆਲੇ ਸ਼੍ਰੋਮਣੀ ਕਮੇਟੀ ਨੇ ਖੁਦ ਸੰਭਾਲੀ ਸਫਾਈ ਮੁਹਿੰਮ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ ਦੀ ਅਗਵਾਈ ਹੇਠ ਗੁਰੂ ਘਰਾਂ ਦੇ ਆਸ-ਪਾਸ ਸਫਾਈ ਸੇਵਾ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਮੈਨੇਜਰ ਗੁਰਦੀਪ ਸਿੰਘ ਕੰਗ ਸਮੇਤ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੇ ਖੁਦ ਹੱਥਾਂ ਵਿੱਚ ਝਾੜੂ ਫੜ ਕੇ ਸਫਾਈ ਦਾ ਆਗਾਜ਼ ਕੀਤਾ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੈਨੇਜਰ ਕੰਗ ਨੇ ਕਿਹਾ ਕਿ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੇੜੇ ਹੈ ਪਰ ਅਫ਼ਸੋਸ ਹੈ ਕਿ ਸ਼ਹਿਰ ਅਤੇ ਗੁਰੂ ਘਰਾਂ ਦੇ ਨੇੜੇ ਗੰਦਗੀ ਦੇ ਢੇਰ ਲੱਗੇ ਪਏ ਹਨ। ਇਹ ਸਰਕਾਰ ਦੀ ਜ਼ਿੰਮੇਵਾਰੀ ਸੀ ਪਰ ਮਜਬੂਰੀ ਵੱਸ ਸ਼੍ਰੋਮਣੀ ਕਮੇਟੀ ਨੂੰ ਆਪ ਇਹ ਸਫਾਈ ਮੁਹਿੰਮ ਚਲਾਉਣੀ ਪਈ ਹੈ । ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਹੁਕਮਾਂ ਅਨੁਸਾਰ ਗੁਰੂ ਘਰਾਂ ਦੇ ਆਸ-ਪਾਸ ਪੂਰੀ ਤਰ੍ਹਾਂ ਸਫਾਈ ਕੀਤੀ ਜਾਵੇਗੀ ਤਾਂ ਜੋ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਸ਼ਰਧਾਲੂਆਂ ਨੂੰ ਕੋਈ ਮਾੜਾ ਪ੍ਰਭਾਵ ਨਾ ਪਵੇ।ਮੈਨੇਜਰ ਕੰਗ ਨੇ ਗੰਭੀਰ ਚਿੰਤਾ ਜਤਾਈ ਕਿ ਤਖਤ ਸ੍ਰੀ ਕੇਸਗੜ੍ਹ ਸਾਹਿਬ ਨਾਲ ਜੁੜੇ ਗੁਰਦੁਆਰੇ ਜਿਵੇਂ ਗੁਰਦੁਆਰਾ ਸੀਸ ਗੰਜ ਸਾਹਿਬ ਅਤੇ ਕਿਲਾ ਫਤਿਹਗੜ੍ਹ ਸਾਹਿਬ ਵੱਲ ਜਾਣ ਵਾਲੀਆਂ ਗਲੀਆਂ ਵਿੱਚ ਬਹੁਤ ਗੰਦਗੀ ਇਕੱਠੀ ਹੋ ਚੁੱਕੀ ਹੈ। ਉਨ੍ਹਾਂ ਦੁਕਾਨਦਾਰਾਂ ਅਤੇ ਘਰਾਂ ਵਿੱਚ ਰਹਿਣ ਵਾਲਿਆਂ ਨੂੰ ਅਪੀਲ ਕੀਤੀ ਕਿ ਗਲੀਆਂ ਵਿੱਚ ਕੂੜਾ ਨਾ ਸੁੱਟਿਆ ਜਾਵੇ। ਇਸ ਮੌਕੇ ਐਡੀਸ਼ਨਲ ਮੈਨੇਜਰ ਹਰਦੇਵ ਸਿੰਘ, ਸੰਦੀਪ ਸਿੰਘ ਕਲੋਤਾ, ਮੀਤ ਮੈਨੇਜਰ ਅਮਰਜੀਤ ਸਿੰਘ , ਭੁਪਿੰਦਰ ਸਿੰਘ, ਜਸਵੀਰ ਸਿੰਘ, ਜਗਨੰਦਨ ਸਿੰਘ, ਜਸਵੀਰ ਸਿੰਘ ਰਿਕਾਰਡ ਕੀਪਰ, ਬਲਜਿੰਦਰ ਸਿੰਘ ਜੇਈ, ਭੁਪਿੰਦਰ ਸਿੰਘ, ਮਨਜੀਤ ਸਿੰਘ, ਅਮਰੀਕ ਸਿੰਘ ਆਦਿ ਹਾਜ਼ਰ ਸਨ।



# ਨੁੱਕੜ ਨਾਟਕ ਰਾਹੀਂ ਦਿੱਤਾ ਏਡਜ਼ ਤੋਂ ਬਚਾਅ ਦਾ ਹੋਕਾ

**ਚੰਡੀਗੜ੍ਹ (ਗੁਰਜੀਤ ਬਿੱਲਾ)** ਐਚ ਆਈ ਵੀ/ਏਡਜ਼ ਸੰਬੰਧੀ ਜਾਗਰੂਕਤਾ ਵਧਾਉਣ ਦੇ ਮੰਤਵ ਨਾਲ ਬਲੌਂਗੀ ਦੇ ਗੁਰੂ ਨਾਨਕ ਪਬਲਿਕ ਸਕੂਲ ਵਿਖੇ ਨੁੱਕੜ ਨਾਟਕ ਕਰਵਾਇਆ ਗਿਆ।ਇਸ ਸੰਬੰਧ 'ਚ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਹਸਪਤਾਲ ਦੇ ਐਸ ਐਮ ਓ ਡਾ. ਐਚ ਐਸ ਚੀਮਾ ਨੇ ਦਸਿਆ ਕਿ ਜ਼ਿਲ੍ਹਾ ਹਸਪਤਾਲ ਫ਼ੇਜ਼ 6 ਦੇ ਸੰਪੂਰਨ ਸੁਰੱਖਿਆ ਕੇਂਦਰ ਦੀ ਟੀਮ ਨੇ ਨੂਰ ਨਾਟ ਕਲਾ ਕੇਂਦਰ ਦੇ ਸਹਿਯੋਗ ਨਾਲ ਬਲੌਂਗੀ ਦੇ ਗੁਰੂ ਨਾਨਕ ਪਬਲਿਕ ਸਕੂਲ ਵਿਖੇ ਨੁੱਕੜ ਨਾਟਕ ਕਰਵਾਇਆ।ਨਾਟਕ ਰਾਹੀਂ ਸਕੂਲੀ ਬੱਚਿਆਂ ਨੂੰ ਇਸ ਭਿਆਨਕ ਰੋਗ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਜਾਣਕਾਰੀ ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਏਡਜ਼ ਇਕ ਭਿਆਨਕ ਰੋਗ ਹੈ ਜਿਸ ਬਾਰੇ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ। ਏਡਜ਼ ਬਿਮਾਰੀ ਐੱਚਆਈਵੀ ਨਾਮਕ ਵਾਇਰਸ ਤੋਂ ਹੁੰਦੀ ਹੈ।ਐਚ ਆਈ ਵੀ ਦੇ ਸ਼ੁਰੂਆਤੀ ਲੱਛਣਾਂ ਵਿਚ ਬੁਖ਼ਾਰ, ਥਕਾਵਟ, ਮਾਸਪੇਸ਼ੀਆਂ ਵਿਚ ਖਿਚਾਅ, ਜੋੜਾਂ ਵਿਚ ਦਰਦ, ਸਿਰਦਰਦ, ਜ਼ੁਕਾਮ, ਸੁੱਕੀ ਖੰਘ, ਚਿਹਰੇ 'ਤੇ ਨਿਸ਼ਾਨ ਆਦਿ ਸ਼ਾਮਲ ਹਨ। ਇਸ ਦੇ ਫੈਲਣ ਦੇ ਮੁੱਖ ਕਾਰਨ ਸੂਈਆਂ ਅਤੇ ਸਰਿੰਜਾਂ ਦੀ ਸਾਂਝੀ ਵਰਤੋਂ ਕਰਨਾ, ਐੱਚ.ਆਈ.ਵੀ. ਪ੍ਰਭਾਵਤ ਵਿਅਕਤੀ ਦਾ ਖ਼ੂਨ ਤੰਦਰੁਸਤ ਵਿਅਕਤੀ ਦੇ ਸਰੀਰ ਵਿਚ ਚੜ੍ਹਾਉਣ ਨਾਲ ਹੁੰਦਾ ਹੈ। ਇਸ ਬੀਮਾਰੀ ਦੀ ਜਾਂਚ ਅਤੇ ਇਲਾਜ ਵੱਖ ਵੱਖ ਸਰਕਾਰੀ ਸਿਹਤ ਸੰਸਥਾਵਾਂ ਵਿਚ ਬਿਲਕੁਲ ਮੁਫ਼ਤ ਹੁੰਦਾ ਹੈ।ਜਾਣਕਾਰੀ ਲਈ ਹੈਲਪਲਾਈਨ 1097 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸੋਨਿਕਾ ਸ਼ਰਮਾ, ਪ੍ਰਸ਼ਾਸਕ ਪ੍ਰਤਾਪ ਜੈਸਵਾਲ, ਸੰਪੂਰਨ ਸੁਰੱਖਿਆ ਕੇਂਦਰ ਦੇ ਮੈਨੇਜਰ ਪੂਨਮ ਸ਼ਰਮਾ, ਮਨਪ੍ਰੀਤ ਕੌਰ ਆਦਿ ਮੌਜੂਦ ਸਨ।

# ਸੰਤੋਸ਼ ਕਟਾਰੀਆ ਨੇ ਟਿਊਬਵੈੱਲ ਦਾ ਕੀਤਾ ਉਦਘਾਟਨ



**ਬਲਾਚੌਰ (ਜਸਵਿੰਦਰ ਬੈਂਸ)**- ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਹੇਠ ਕਿਸਾਨਾਂ ਦੀ ਖੁਸ਼ਹਾਲੀ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬੀਬੀ ਸੰਤੋਸ਼ ਕਟਾਰੀਆ ਵਿਧਾਇਕ ਹਲਕਾ ਬਲਾਚੌਰ ਨੇ ਨਾਨੋਵਾਲ ਕੰਢੀ ਵਿਖੇ ਟਿਊਬਵੈੱਲ ਦੇ ਉਦਘਾਟਨ ਕਰਨ ਮੌਕੇ ਕੀਤਾ। ਸੰਤੋਸ਼ ਕਟਾਰੀਆ ਨੇ ਕਿਹਾ ਕਿ ਭਗਵੰਤ ਮਾਨ ਮੁੱਖ ਮੰਤਰੀ ਦੀ ਦੂਰ ਅੰਦੇਸ਼ੀ ਸੋਚ ਸਦਕਾ ਹੀ ਨਹਿਰੀ ਪਾਣੀ ਨੂੰ ਸੂਏ ਤੇ ਟੇਲਾਂ ਰਾਹੀ ਕਿਸਾਨਾਂ ਦੀਆਂ ਜ਼ਮੀਨਾਂ ਤੱਕ ਪੁੱਜਦਾ ਕੀਤਾ।ਇਸ ਮੌਕੇ ਅਸ਼ੋਕ ਕਟਾਰੀਆ ਸੀਨੀਅਰ ਆਗੂ ਆਮ ਆਦਮੀ ਪਾਰਟੀ ਨੇ ਕਿਹਾ ਕਿ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਨੇ ਕੰਢੀ ਖੇਤਰ ਦੇ ਛੋਟੇ ਕਿਸਾਨਾਂ ਦੀ ਸੁਵਿਧਾ ਲਈ ਕੰਢੀ ਨਹਿਰ ਦਾ ਚਾਲੂ ਕਰਨਾ ਤੇ ਕਈ ਟਿਊਬਵੈੱਲਾਂ ਦਾ ਚਾਲੂ ਕਰਨਾ ਵਰਦਾਨ ਸਾਬਿਤ ਹੋ ਰਿਹਾ ਹੈ। ਇਸ ਮੌਕੇ ਸਰਪੰਚ ਕਮਲਜੀਤ ਕੌਰ, ਪੰਚ ਅਮਰਨਾਥ, ਮਦਨ ਲਾਲ, ਕੇਸ਼ੋ, ਤੋਸ਼ੀ, ਅੱਛਰੀ, ਸੈਕਟਰੀ ਕੁਲਦੀਪ, ਬਲਾਕ ਪ੍ਰਧਾਨ ਲਖਵਿੰਦਰ , ਬਲਦੇਵ ਰਾਜ ਸਾਬਕਾ ਸੰਮਤੀ ਮੈਂਬਰ, ਸਰਪੰਚ ਹਰਮੇਸ਼ ਲਾਲ, ਸੋਹਨ ਲਾਲ, ਰਾਮ ਸਰਨ, ਰਾਮ ਧਨ ਓਮ ਪ੍ਰਕਾਸ਼ ਬਿੰਦਰ ਭਾਟੀਆ ਤਰਸੇਮ ਭਾਟੀਆ ਸ਼ਾਮ ਲਾਲ ਭਾਟੀਆ ਆਦਿ ਹਾਜ਼ਰ ਸਨ।

# ਧੱਮ ਚੱਕਰ ਪ੍ਰਵਰਤਨ ਦਿਵਸ ਸਮਾਗਮ 14 ਨੂੰ

**ਜਲੰਧਰ (ਰਾਜੇਸ਼ ਥਾਪਾ)** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈੱਸ ਬਿਆਨ ਜਾਰੀ ਕਰਕੇ ਕਿਹਾ ਕਿ ਭਾਰਤ ਰਤਨ ਡਾ. ਬੀ.ਆਰ. ਅੰਬੇਡਕਰ ਨੇ 14 ਅਕਤੂਬਰ, 1956 ਨੂੰ ਆਪਣੇ ਲੱਖਾਂ ਪੈਰੋਕਾਰਾਂ ਨਾਲ ਮਹਾਰਾਸ਼ਟਰ ਦੇ ਨਾਗਪੁਰ ਵਿੱਚ ਦੀਕਸ਼ਾ ਭੂਮੀ ਵਿਖੇ ਬਰਮੀ ਬੋਧੀ ਭਿਕਸ਼ੂ ਚੰਦਰਮਣੀ ਤੋਂ ਧੱਮ ਦੀਕਸ਼ਾ (ਦੀਕਸ਼ਾ) ਲਈ ਸੀ। ਇਸ ਇਤਿਹਾਸਿਕ ਘਟਨਾ ਦੇ ਪ੍ਰਭਾਵ ਅਧੀਨ ਡਾ. ਅੰਬੇਡਕਰ ਸਾਹਿਬ ਦੇ ਪਦ-ਚਿੰਨ੍ਹਾਂ ਤੇ ਚਲਦਿਆਂ ਬਹੁਤ ਸਾਰੇ ਦਲਿਤਾਂ ਨੇ ਸਦੀਆਂ ਪੁਰਾਣੇ ਅੰਧ ਵਿਸ਼ਵਾਸ਼ਾਂ ਅਤੇ ਰੀਤੀ-ਰਸਮਾਂ ਨੂੰ ਤਿਆਗਕੇ ਸਮਤਾ, ਸੁਤੰਤਰਤਾ ਅਤੇ ਭਾਈਚਾਰੇ ਦੀ ਭਾਵਨਾ 'ਤੇ ਅਧਾਰਿਤ ਬੁੱਧ ਧਰਮ ਅਪਣਾਕੇ ਸਮੂਹਿਕ ਧਾਰਮਿਕ ਪਰਿਵਰਤਨ ਦੀ ਨਿਸ਼ਾਨਦੇਹੀ ਕੀਤੀ। ਬਾਬਾ ਸਾਹਿਬ ਦੁਆਰਾ ਆਰੰਭੀ ਇਸ ਧੰਮ ਕ੍ਰਾਂਤੀ ਦੀ ਮਸ਼ਾਲ ਨੂੰ ਮਘਦੀ ਰੱਖਣ ਵਾਸਤੇ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 14 ਅਕਤੂਬਰ ਨੂੰ ਸਵੇਰੇ 10 ਵਜੇ ਧੱਮ ਚੱਕਰ ਪ੍ਰਵਰਤਨ ਦਿਵਸ ਦੇ ਰੂਪ ਵਿੱਚ ਬਾਬਾ ਸਾਹਿਬ ਡਾ. ਅੰਬੇਡਕਰ ਦੀ ਚਰਨ-ਛੋਹ ਪ੍ਰਾਪਤ ਇਤਿਹਾਸਕ ਸਥਾਨ 'ਅੰਬੇਡਕਰ ਭਵਨ' ਵਿਖੇ ਮਨਾਏਗੀ। ਇਹ ਸਮਾਗਮ ਮਨਾਉਣ ਲਈ ਅੰਬੇਡਕਰ ਭਵਨ ਟਰਸਟ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਯੂਨਿਟ ਦਾ ਸਹਿਯੋਗ ਪ੍ਰਾਪਤ ਹੈ। ਭਾਰਦਵਾਜ ਨੇ ਕਿਹਾ ਕਿ ਅੰਤਰਰਾਸ਼ਟਰੀ ਬੁੱਧ ਧੱਮ ਪ੍ਰਚਾਰਕ ਅਤੇ ਇੰਟਰਨੈਸ਼ਨਲ ਕੋਆਰਡੀਨੇਟਰ, ਫੈਡਰੇਸ਼ਨ ਆਫ ਅੰਬੇਡਕਰਰਾਈਟ ਐਂਡ ਬੁੱਧਿਸਟ ਆਰਗਨਾਈਜੇਸ਼ਨਜ਼ (ਫੈਬੋ) ਯੂ ਕੇ ਦੇ ਇੰਟਰਨੈਸ਼ਨਲ ਕੋਆਰਡੀਨੇਟਰ ਡਾ. ਹਰਬੰਸ ਵਿਰਦੀ ਇਸ ਸਮਾਗਮ ਦੇ ਮੁੱਖ ਮਹਿਮਾਨ ਹੋਣਗੇ ਅਤੇ ਡਾ.ਬਲਬਿੰਦਰ ਕੁਮਾਰ ਸਹਾਇਕ ਪ੍ਰੋਫੈਸਰ ਪਾਲਿਟਿਕਲ ਸਾਇੰਸ ਵਿਭਾਗ, ਪੰਜਾਬ ਯੂਨੀਵਰਸਿਟੀ ਸਵਾਮੀ ਸਰਵਾਨੰਦ ਗਿਰੀ ਰਿਜਨਲ ਸੈਂਟਰ, ਹੋਸ਼ਿਆਰਪੁਰ ਮੁੱਖ ਬੁਲਾਰੇ ਵਜੋਂ ਸ਼ਿਰਕਤ ਕਰਨਗੇ। ਇਨ੍ਹਾਂ ਤੋਂ ਇਲਾਵਾ ਸਰਵ ਸ੍ਰੀ ਬਲਦੇਵ ਰਾਜ ਜੱਸਲ, ਸੋਹਨ ਲਾਲ ਅਤੇ ਐਡਵੋਕੇਟ ਕੁਲਦੀਪ ਭੱਟੀ ਅਤੇ ਹੋਰ ਵਿਦਵਾਨ ਆਪਣੇ ਵਿਚਾਰ ਪੇਸ਼ ਕਰਨਗੇ। ਲੰਗਰ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ। ਭਾਰਦਵਾਜ ਨੇ ਕਿਹਾ ਕਿ ਸੁਸਾਇਟੀ ਨੇ ਬਾਬਾ ਸਾਹਿਬ ਦੇ ਪ੍ਰਤੀ ਸ਼ਰਧਾ ਰੱਖਣ ਵਾਲਿਆਂ ਨੂੰ ਸਮਾਗਮ ਵਿੱਚ ਹੁਮ ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ ਹੈ।



# ਸੁਰਿੰਦਰ ਜਾਜਾ ਭਾਵਾਧਸ ਦੇ ਰਾਸ਼ਟਰੀ ਸੰਚਾਲਕ ਨਿਯੁਕਤ

## ● ਟਾਂਡਾ ਪਹੁੰਚਣ ਤੇ ਵਰਕਰਾਂ ਨੇ ਕੀਤਾ ਸਨਮਾਨਤ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਭਾਰਤੀ ਵਾਲਮੀਕਿ ਧਰਮ ਸਮਾਜ ਦੀਆਂ ਨੀਤੀਆਂ ਅਤੇ ਕਾਰਗੁਜ਼ਾਰੀਆਂ ਦੇ ਪ੍ਰਚਾਰ ਪ੍ਰਸਾਰ ਵਿੱਚ ਦਿਨ-ਰਾਤ ਮਿਹਨਤ ਕਰ ਰਹੇ ਭਾਵਾਧਸ ਪੰਜਾਬ ਦੇ ਪੰਜ ਵਾਰ ਪ੍ਰਧਾਨ ਰਹਿ ਚੁੱਕੇ ਸੁਰਿੰਦਰ ਜਾਜਾ ਦੀਆਂ ਪ੍ਰਾਪਤੀਆਂ ਨੂੰ ਵੇਖਦੇ ਹੋਏ ਭਾਵਾਧਸ ਦੇ ਰਾਸ਼ਟਰੀ ਸਰਵਉੱਚ ਨਿਰਦੇਸ਼ਕ ਸਵਾਮੀ ਚੰਦਰਪਾਲ ਅਨਾਰੀਆ ਅਤੇ ਰਾਸ਼ਟਰੀਏ ਨਿਰਦੇਸ਼ਕ ਵੀਰ ਸ੍ਰੇਸ਼ਟ ਨਰੇਸ਼ ਧੀਂਗਾਨ ਤੋਂ ਇਲਾਵਾ ਰਾਸ਼ਟਰੀ ਕੋਰ ਕਮੇਟੀ ਵੱਲੋਂ ਸੁਰਿੰਦਰ ਜਾਜਾ ਨੂੰ ਰਾਸ਼ਟਰੀਆ ਸੰਚਾਲਕ ਨਿਯੁਕਤ ਕਰਕੇ ਉਨ੍ਹਾਂ ਨੂੰ ਵਧਾਈ ਦਿੱਤੀ ਗਈ।ਸੁਰਿੰਦਰ ਜਾਜਾ ਨੂੰ ਰਾਸ਼ਟਰੀਆ ਸੰਚਾਲਕ ਨਿਯੁਕਤ ਕਰਨ ਤੇ ਭਾਵਾਧਸ ਦੇ ਬਲਾਕ ਪ੍ਰਧਾਨ ਸੁਰਜੀਤ ਰਾਜਾ ਵੱਲੋਂ ਇੱਕ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸ਼ਾਮਿਲ ਬੋਬੀ ਰਾਜਪੁਰ, ਬਲਵੀਰ ਸਿੰਘ ਸੋਢੀ ਨੰਗਲ, ਸੁਨੀਲ ਜਾਜਾ, ਰਾਜ ਕੁਮਾਰ ਰਾਜੂ ਹਰਸੀ ਪਿੰਡ, ਰਮਨ ਸਾਬੀ, ਨਿਰਮਲ ਮੂਨਕ, ਹਰਪ੍ਰੀਤ ਸਭਰਵਾਲ, ਜਸਵਿੰਦਰ ਸਿੰਘ, ਗੌਰਵ, ਗੋਪੀ ਤੇ ਹੋਰ ਭਾਵਾਧਸ ਵਰਕਰਾਂ ਨੇ ਉਨ੍ਹਾਂ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ। ਸਮਾਰੋਹ 'ਚ ਸ਼ਾਮਿਲ ਇਕੱਠ ਨੂੰ ਸੰਬੋਧਨ ਕਰਦੇ ਸੁਰਿੰਦਰ ਜਾਜਾ ਨੇ ਕਿਹਾ ਕਿ ਭਾਵਾਧਸ ਉੱਚ ਹਾਈ ਕਮਾਨ ਨੇ ਮੈਨੂੰ ਜਿਹੜੀਆਂ ਜਿੰਮੇਦਾਰੀਆਂ ਸੌਂਪੀਆਂ ਹਨ ਮੈਂ ਉਨ੍ਹਾਂ ਜਿੰਮੇਦਾਰੀਆਂ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਵਾਂਗਾ।



# ਭਾਸ਼ਾ ਵਿਭਾਗ ਵੱਲੋਂ ਹਰਪਾਲ ਸਿੰਘ ਦਾ ਪਲੇਠਾ ਨਾਵਲ 'ਇਨ ਦਾ ਸਪੇਸ ਬਿਟਵੀਨ' ਲੋਕ ਅਰਪਣ

**ਹੁਸ਼ਿਆਰਪੁਰ (ਓ ਪੀ ਰਾਣਾ)**- ਦਫ਼ਤਰ ਭਾਸ਼ਾ ਵਿਭਾਗ ਵੱਲੋਂ ਹਰਪਾਲ ਸਿੰਘ ਦਾ ਪਲੇਠਾ ਅੰਗਰੇਜ਼ੀ ਨਾਵਲ 'ਇਨ ਦਾ ਸਪੇਸ ਬਿਟਵੀਨ' ਦਾ ਲੋਕ ਅਰਪਣ ਸਮਾਗਮ ਦਫ਼ਤਰ ਪ੍ਰਬੰਧਕੀ ਕੰਪਲੈਕਸ ਹੁਸ਼ਿਆਰਪੁਰ ਵਿਖੇ ਕਰਵਾਇਆ ਗਿਆ, ਜਿਸ ਵਿੱਚ ਬਤੌਰ ਮੁਖ ਮਹਿਮਾਨ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਅਮਨਦੀਪ ਸ਼ਰਮਾ ਨੇ ਸ਼ਿਰਕਤ ਕੀਤੀ ਤੇ ਸਮਾਗਮ ਦੀ ਪ੍ਰਧਾਨਗੀ ਪ੍ਰੋ. ਕੁਲਵੰਤ ਸਿੰਘ ਨੇ ਕੀਤੀ। ਆਏ ਹੋਏ ਮਹਿਮਾਨਾਂ ਲਈ ਜੀ ਆਇਆਂ ਸ਼ਬਦ ਆਖਦਿਆਂ ਡਾ. ਜਸਵੰਤ ਰਾਏ ਖੋਜ ਅਫ਼ਸਰ ਨੇ ਕਿਹਾ ਕਿ ਭਾਸ਼ਾ ਵਿਭਾਗ ਸ਼ਬਦ ਸਾਧਨਾ ਨਾਲ ਜੁੜਿਆ ਹੋਇਆ ਹੈ। ਜਦੋਂ ਵੀ ਕਿਸੇ ਲੇਖਕ ਦੀ ਨਵੀਂ ਕਿਤਾਬ ਛਪ ਕੇ ਆਉਂਦੀ ਹੈ, ਤਾਂ ਵਿਭਾਗ ਨੂੰ ਇਸ ਦਾ ਇੱਕ ਅਲੌਕਿਕ ਚਾਅ ਹੁੰਦਾ ਹੈ। ਉਨ੍ਹਾਂ ਨੇ ਵਿਭਾਗ ਦੀਆਂ ਗਤੀਵਿਧੀਆਂ ਵੀ ਦੋਸਤਾਂ ਨਾਲ ਸਾਂਝੀਆਂ ਕੀਤੀਆਂ। ਪ੍ਰੋ . ਕੁਲਵੰਤ ਸਿੰਘ ਨੇ ਹਰਪਾਲ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਨਾਵਲ ਗੜ੍ਹਦੀਵਾਲਾ ਦੀ ਰਹਿਤਲ ਨੂੰ ਪਿਆਰ ਮੁਹੱਬਤ ਦੀ ਕਹਾਣੀ ਰਾਹੀਂ ਬੜੇ ਵਧੀਆ ਅੰਦਾਜ਼ ਵਿੱਚ ਪੇਸ਼ ਕਰਨ ਵਾਲੀ ਕਿਰਤ ਹੈ।ਅਮਨਦੀਪ ਸ਼ਰਮਾ ਨੇ ਨਾਵਲਕਾਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਮੈਨੂੰ ਮਾਣ ਹੈ ਕਿ ਮੇਰੇ ਵਿਭਾਗ ਦਾ ਇੱਕ ਹੋਰ ਅਧਿਆਪਕ ਪੰਜਾਬੀ ਸਾਹਿਤ ਦੀ ਅਹਿਮ ਵਿਧਾ ਨਾਵਲ ਰਾਹੀਂ ਸਾਹਿਤਕ ਖੇਤਰ ਵਿੱਚ ਦਾਖ਼ਲ ਹੋਇਆ ਹੈ।ਇਸ ਨਾਲ ਅਧਿਆਪਨ ਦੇ ਖਿੱਤੇ ਵਿੱਚ ਹੋਰ ਨਿਖ਼ਾਰ ਆਵੇਗਾ।ਸ਼ਾਇਰ ਜਸਬੀਰ ਧੀਮਾਨ ਨੇ ਪੰਜਾਬੀ ਦੀ ਨਾਵਲ ਵਿਧਾ ਨੂੰ ਅੰਗਰੇਜ਼ੀ ਜ਼ੁਬਾਨ ਵਿੱਚ ਪੇਸ਼ ਕਰਨ ਲਈ ਹਰਪਾਲ ਸਿੰਘ ਨੂੰ ਵਧਾਈਆਂ ਦਿੱਤੀਆਂ।ਹਰਪਾਲ ਸਿੰਘ ਨੇ ਇਸ ਨਾਵਲ ਦੀ ਸਿਰਜਣ ਪ੍ਰਕਿਰਿਆ ਬਾਰੇ ਭਾਵਪੂਰਤ ਕਥਨ ਹਾਜ਼ਰਿਨ ਨਾਲ ਸਾਂਝੇ ਕੀਤੇ।ਧੰਨਵਾਦੀ ਸ਼ਬਦ ਐੱਨ.ਆਈ.ਸੀ. ਤੋਂ ਮੈਡਮ ਰਿੰਕੀ ਸ਼ਰਮਾ ਨੇ ਆਖੇ।ਆਏ ਹੋਏ ਮਹਿਮਾਨਾਂ ਨੂੰ ਲੋਈਆਂ, ਪੁਸਤਕਾਂ ਅਤੇ ਪੈੱਨਾਂ ਦਾ ਤੋਹਫ਼ਾ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਸਮੇਂ ਜਸਪ੍ਰੀਤ ਸਿੰਘ, ਜਗਮੋਹਨ ਸਿੰਘ, ਲਾਲ ਸਿੰਘ, ਪੁਸ਼ਪਾ ਰਾਣੀ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ।



# ਸ੍ਰੀ ਅਨੰਦਪੁਰ ਸਾਹਿਬ ਵਿਖੇ ਧੂਮਧਾਮ ਨਾਲ ਮਨਾਇਆ ਦੁਸਹਿਰਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ੍ਰੀ ਰਾਮਲੀਲਾ ਉੱਤਸਵ ਕਲੱਬ ਪੁੱਡਾ ਮਾਰਕਿਟ ਵੱਲੋਂ ਦੁਸਹਿਰੇ ਦਾ ਤਿਉਹਾਰ ਬੜੀ ਧੂਮਧਾਮ ਨਾਲ ਆਦਰਸ਼ ਸਕੂਲ ਦੇ ਸਾਹਮਣੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਸ੍ਰ: ਸੰਦੀਪ ਸਿੰਘ ਰਾਏ ਸੀਨੀਅਰ ਭਾਜਪਾ ਆਗੂ ਪੰਜਾਬ ਤੋਂ ਇਲਾਵਾ ਵਿਸ਼ੇਸ ਮਹਿਮਾਨ ਦੇ ਤੌਰ 'ਤੇ ਸ਼ਾਮਿਲ ਹੋਏ ਰਾਣਾ ਆਦੇਸ਼ ਪ੍ਰਤਾਪ ਸਿੰਘ ਪ੍ਰਧਾਨ ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ ਬਾਦਲ, ਸਨਾਤਨ ਧਰਮ ਸਭਾ ਦੇ ਪ੍ਰਧਾਨ ਪੰਡਿਤ ਹਰਿ ਓਮ ਗੌਤਮ ਭ੍ਰਿਗੂ ਜੋਤਿਸ਼ੀ ਕਾਂਗ੍ਰੇਸੀ ਆਗੂ ਟੋਨੀ ਸਹਿਗਲ, ਸ਼ੰਮੀ ਡਾਵਰਾ, ਗੋਪਾਲ ਸ਼ਰਮਾ, ਰਾਮ ਕੁਮਾਰ ਸ਼ਰਮਾ, ਰਵਿੰਦਰ ਦੜੋਲੀ, ਧਰਮ ਵੀਰ ਕੌਂਡਲ, ਸਤੀਸ਼ ਸ਼ਰਮਾ, ਲੱਕੀ ਕਪਿਲਾ ਸ਼ਾਮਿਲ ਹੋਏ। ਸ੍ਰੀ ਰਾਮ ਲੀਲ੍ਹਾ ਉਤਸਵ ਕਲੱਬ ਦੇ ਪ੍ਰਧਾਨ ਰਾਮ ਪਰਾਸ਼ਰ (ਬਿੱਲਾ) ਨੇ ਦੱਸਿਆ ਕਿ ਪਿਛਲੇ ਕਈ ਦਹਾਕਿਆਂ ਤੋਂ ਅੱਸੂ ਦੇ ਨਵਰਾਤਰਿਆਂ ਦੇ ਸ਼ੁਰੂ ਹੋਣ ਸਮੇਂ ਸਾਰੇ ਭਾਰਤ ਵਿੱਚ ਸ੍ਰੀ ਰਾਮਲੀਲ੍ਹਾ ਜੀ ਦੇ ਮੰਚਨ ਗਲੀ ਮੁਹੱਲੇ ਕਸਬਿਆਂ ਵਿੱਚ ਕੀਤੇ ਜਾਂਦੇ ਹਨ ਤੇ ਸਾਡੇ ਕਲੱਬ ਵੱਲੋਂ ਦੁਸਹਿਰੇ ਦਾ ਤਿਉਹਾਰ ਬੜੀ ਧੂਮ ਧਾਮ ਤੇ ਸ਼ਰਧਾ ਨਾਲ ਮਨਾਇਆ ਜਾਂਦਾ ਹੈ ਤੇ ਪੂਰਨ ਮਰਿਯਾਦਾ ਅਨੁਸਾਰ ਦੁਸਹਿਰੇ ਤੋਂ ਪਹਿਲਾਂ ਸ੍ਰੀ ਰਾਮਲੀਲਾ ਜੀ ਦੇ ਮੰਚਨ ਦੀ ਸ਼ੁਰੂਆਤ ਕੀਤੀ ਜਾਂਦੀ ਹੈ ਤੇ ਲਗਾਤਾਰ 10 ਦਿਨ ਇਹ ਰਾਮਲੀਲਾ ਦਾ ਮੰਚਨ ਸ਼ਹਿਰ ਵਾਸੀ ਹੁੰਮ ਹੁੰਮਾ ਕੇ ਦੇਖਣ ਲਈ ਪੰਹੁਚਦੇ ਹਨ। ਰਾਮ ਪਰਾਸ਼ਰ ਵੱਲੋਂ ਦੁਸ਼ਿਹਰੇ ਦੇ ਸਮਾਗਮ ਵਿੱਚ ਆਏ ਸਾਰੇ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਵੀ ਕੀਤਾ। ਇਸ ਮੌਕੇ ਕਿਸ਼ਨ ਜਗੋਤਾ, ਅਭੀ ਬ੍ਰਹਾਮਣ, ਮਨੂ ਵਸ਼ਿਸ਼ਟ, ਨੌਜਵਾਨ ਭਾਜਪਾ ਆਗੂ ਬਲਰਾਮ ਪਰਾਸ਼ਰ,ਦੀਪ ਗੋਪਾਲ ਗੌਗੀ, ਵੰਸ਼ ਭੱਟੀ, ਰੋਹਿਤ ਜਗੋਤਾ, ਤੇਜਸ ਪਰਾਸ਼ਰ, ਹਰਪ੍ਰੀਤ ਸਿੰਘ, ਭੁਪਿੰਦਰ ਸੋਨੂੰ, ਬਾਈ ਖ਼ਾਨ ਮੁਨੀਸ਼ ਤੇ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜਰ ਸਨ।



# ਰੈੱਡ ਕਰਾਸ ਸੁਸਾਇਟੀ ਨੇ ਹਿਮਾਲਿਆ ਫਾਊਂਡੇਸ਼ਨ ਦੇ ਸਹਿਯੋਗ ਨਾਲ ਲਗਾਇਆ ਖ਼ੂਨਦਾਨ ਕੈਂਪ

**ਹੁਸ਼ਿਆਰਪੁਰ ( ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਆਸ਼ਿਕਾ ਜੈਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਹਿਮਾਲਿਆ ਫਾਊਂਡੇਸ਼ਨ ਦੇ ਸਹਿਯੋਗ ਨਾਲ ਮਾਤਾ ਵੈਸ਼ਨੋ ਦੇਵੀ ਧਾਮ, ਭਰਵਾਈ ਰੋਡ, ਹੁਸ਼ਿਆਰਪੁਰ ਵਿਖੇ ਇਕ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਖ਼ੂਨਦਾਨ ਕੈਂਪ ਵਿੱਚ ਕਰੀਬ 20 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਮੰਗੇਸ਼ ਸੂਦ ਨੇ ਦੱਸਿਆ ਕਿ 'ਭਾਰਤ ਸਰਕਾਰ ਦੇ ਸਿਹਤ ਅਤੇ ਪਰਵਾਰ ਭਲਾਈ ਡਾਇਰੈਕਟੋਰੇਟ' ਦੁਆਰਾ ਖ਼ੂਨਦਾਨ ਨੂੰ ਉਤਸ਼ਾਹਿਤ ਕਰਨ ਲਈ 'ਗਿਵ ਬੱਲਡ ਗਿਵ ਹੋਪ ਟੂਗੇਦਰ ਵੀ ਸੇਵ ਲਾਈਵਸ' ਦਾ ਨਾਅਰਾ ਦਿੰਦੇ ਹੋਏ 'ਰਾਸ਼ਟਰੀ ਸਵੈ-ਇੱਛਤ ਖ਼ੂਨਦਾਨ ਦਿਵਸ' ਮਨਾਉਣ ਦੀ ਅਪੀਲ ਕੀਤੀ ਗਈ ਸੀ। ਇਹ ਮੈਗਾ ਵਲੰਟਰੀ ਖ਼ੂਨਦਾਨ ਡਰਾਇਵ 17 ਸਤੰਬਰ ਤੋਂ 2 ਅਕਤੂਬਰ ਤੱਕ ਚਲਾਈ ਗਈ ਹੈ। ਇਸ ਡਰਾਇਵ ਦਾ ਮੁੱਖ ਉਦੇਸ਼ ਬੱਲਡ ਡੋਨਰਾਂ ਦੀ ਗਿਣਤੀ ਵਿੱਚ ਵਾਧਾ ਕਰਨਾ ਹੈ। ਇਸ ਕੈਂਪ ਵਿਚ ਖ਼ੂਨ ਇਕੱਤਰ ਕਰਨ ਲਈ ਸਿਵਲ ਸਰਜਨ, ਹੁਸ਼ਿਆਰਪੁਰ ਅਤੇ ਸੀਨੀਅਰ ਮੈਡੀਕਲ ਅਫਸਰ, ਹੁਸ਼ਿਆਰਪੁਰ ਦਾ ਵਿਸ਼ੇਸ਼ ਯੋਗਦਾਨ ਰਿਹਾ। ਜੁਆਇੰਟ ਸਕੱਤਰ ਰੈੱਡ ਕਰਾਸ ਆਦਿਤਯ ਰਾਣਾ ਨੇ ਦੱਸਿਆ ਕਿ ਅੱਜਕੱਲ੍ਹ ਲੋਕਾਂ ਵਿਚ ਵੱਖ-ਵੱਖ ਤਰ੍ਹਾਂ ਦੀਆਂ ਬਿਮਾਰੀਆਂ ਅਤੇ ਐਕਸੀਡੈਂਟ ਆਦਿ ਸਮੱਸਿਆਵਾਂ ਵੱਧਦੀਆਂ ਜਾ ਰਹੀਆਂ ਹਨ। ਇਸ ਲਈ ਵੱਧ ਤੋਂ ਵੱਧ ਲੋਕਾ ਨੂੰ ਖ਼ੂਨਦਾਨ ਕਰਨਾ ਚਾਹੀਦਾ ਹੈ, ਤਾਂ ਜੋ ਐਮਰਜੈਂਸੀ ਵਰਗੇ ਹਾਲਾਤ ਵਿਚ ਪੀੜਤਾਂ ਦੀ ਜਾਨ ਬਚਾਈ ਜਾ ਸਕੇ।ਇਸ ਮੌਕੇ ਹਿਮਾਲਿਆ ਫਾਊਂਡੇਸ਼ਨ ਦੇ ਪ੍ਰੋਜੈਕਟ ਡਾਇਰੈਕਟਰ ਵਿਪਨ ਕੁਮਾਰ ਵਰਮਾ, ਮੈਨੈਜਰ ਪਾਰੁਲ ਗੁਪਤਾ ਮੈਡਮ ਤੋਂ ਇਲਾਵਾ ਸ਼ਾਨ ਫਾਊਂਡੇਸ਼ਨ, ਮੰਚ ਫਾਊਂਡੇਸ਼ਨ ਵਰਗੇ ਐਨ.ਜੀ.ਓਜ਼ , ਰੈੱਡ ਕਰਾਸ ਕਾਰਜਕਾਰਨੀ ਕਮੇਟੀ ਦੇ ਮੈਂਬਰ ਰਾਜੀਵ ਬਜਾਜ, ਲੇਖਾਕਾਰ ਸਰਬਜੀਤ ਅਤੇ ਹੋਰ ਸਟਾਫ ਮੈਂਬਰ ਮੌਜੂਦ ਸਨ।




# ਪਿੰਡ ਗੁੱਲਪੁਰ ਵਿਖੇ ਅੱਜ ਹੋਣਗੇ 20ਵੇਂ ਵਿਸ਼ੇਸ਼ ਗੁਰਮਤਿ ਸਮਾਗਮ

**ਬਲਾਚੌਰ (ਜਸਵਿੰਦਰ ਬੈਂਸ)**- ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਵਾਂਸ਼ਹਿਰ ਵਲੋਂ ਹਰ ਸਾਲ ਦੀ ਤਰਾਂ ਮਹਾਨ ਕੀਰਤਨ ਦਰਬਾਰ ਮੌਕੇ ਕਰਵਾਏ ਜਾਂਦੇ ਵਿਸ਼ੇਸ਼ ਗੁਰਮਤਿ ਸਮਾਗਮਾਂ ਦੀ ਲੜੀ ਦੇ ਵੀਹਵੇਂ ਗੁਰਮਤਿ ਸਮਾਗਮ ਅੱਜ (ਮਿਤੀ 04-10-2025 ਦਿਨ ਸ਼ਨੀਵਾਰ) ਨੂੰ ਗੁਰਦੁਆਰਾ ਸਿੰਘ ਸਭਾ ਪਿੰਡ ਗੁਲਪੁਰ ਵਿਖੇ ਸ਼ਾਮ 06:00 ਤੋਂ ਰਾਤ 09:00 ਵਜੇ ਤੱਕ ਕਰਵਾਏ ਜਾ ਰਹੇ ਹਨ । ਇਸ ਵਾਰ ਦੇ ਗੁਰਮਤਿ ਸਮਗਾਮ ਧੰਨ ਧੰਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ 556 ਸਾਲਾ ਪ੍ਰਕਾਸ਼ ਪੁਰਬ ਤੋਂ ਇਲਾਵਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਪੁਰਬ ਨੂੰ ਵੀ ਸਮਰਪਿਤ ਹੋਣਗੇ। ਪਿਛਲੇ ਸਾਲ ਵੀ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਦੇ ਸਹਿਯੋਗ ਨਾਲ ਇਹ ਗੁਰਮਤਿ ਸਮਾਗਮ ਪਿੰਡ ਗੁੱਲਪੁਰ ਵਿਖੇ ਚੜ੍ਹਦੀ ਕਲਾ ਨਾਲ ਹੋਏ ਸਨ। ਇਹ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਭਾਈ ਸੁਖਦੇਵ ਸਿੰਘ ਨੇ ਦੱਸਿਆ ਕਿ ਇਹ ਸਮਾਗਮ ਗੁਰਦੁਆਰਾ ਸਾਹਿਬ ਦੇ ਕੰਪਲੈਕਸ ਅੰਦਰ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਸੰਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਆਸ ਪਾਸ ਦੇ ਪਿੰਡਾਂ ਵਿਚੋਂ ਵੀ ਵੱਡੀ ਗਿਣਤੀ ਵਿਚ ਸੰਗਤਾਂ ਵਲੋਂ ਇਸ ਸਮਾਗਮ ਵਿਚ ਸ਼ਾਮਲ ਹੋਣ ਦੀ ਸੰਭਾਵਨਾ ਹੈ। ਇਸ ਸਮਾਗਮ ਲਈ ਨਵਾਂਸ਼ਹਿਰ ਅਤੇ ਹੋਰ ਇਲਾਕਿਆਂ ਤੋਂ ਸੰਗਤਾਂ ਨੂੰ ਲਿਆਉਣ ਲਿਜਾਉਣ ਲਈ ਫ੍ਰੀ ਬੱਸ ਸੇਵਾ ਦੇ ਪ੍ਰਬੰਧ ਵੀ ਕੀਤੇ ਗਏ ਹਨ। ਇਸ ਸਮਾਗਮ ਦੀ ਅਰੰਭਤਾ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਨਾਲ ਹੋਵੇਗੀ। ਉਪਰੰਤ ਭਾਈ ਦਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕਰਨਗੇ। ਉਨਾਂ ਤੋਂ ਬਾਅਦ ਪ੍ਰਸਿੱਧ ਵਿਦਵਾਨ ਅਤੇ ਕਥਾਵਾਚਕ ਗਿਆਨੀ ਗੁਰਪ੍ਰੀਤ ਸਿੰਘ ਗੁ: ਸ਼ਹੀਦਾਂ ਸਾਹਿਬ ਸ੍ਰੀ ਅੰਮ੍ਰਿਤਸਰ ਗੁਰੂ ਨਾਨਕ ਸਾਹਿਬ ਅਤੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਇਤਿਹਾਸ ਅਤੇ ਫਲਸਫੇ ਤੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ। ਉਨਾ ਨੇ ਸੰਗਤਾਂ ਨੂੰ ਸਮਾਗਮ ਵਿਚ ਵੱਧ ਚੜ੍ਹ ਕੇ ਹਾਜਰੀਆਂ ਭਰਨ ਦੀ ਅਪੀਲ ਕੀਤੀ। ਇਸ ਮੌਕੇ ਉਨਾਂ ਦੇ ਨਾਲ ਪ੍ਰਧਾਨ ਸੁਖਦੇਵ ਸਿੰਘ ਸਰਪੰਚ ਕਸ਼ਮੀਰ ਸਿੰਘ ਖਾਲਸਾ ਸੂਬੇਦਾਰ ਜਗਰੂਪ ਸਿੰਘ ਦਵਿੰਦਰ ਸਿੰਘ ਸਤਨਾਮ ਸਿੰਘ ਖਾਲਸਾ ਕੈਪਟਨ ਜੀਤ ਸਿੰਘ ਰਾਜਵਿੰਦਰ ਸਿੰਘ ਜਸਵੀਰ ਸਿੰਘ ਮਾਸਟਰ ਅਜੀਤ ਸਿੰਘ ਗੁਲਪੁਰ ਵੀ ਮੌਜੂਦ ਸਨ।



# ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਵੱਲੋਂ ਚਲਤ ਮਾਮਲਿਆਂ 'ਤੇ ਭਾਸ਼ਣ ਮੁਕਾਬਲੇ

**ਰੂਪਨਗਰ (ਰਜਿੰਦਰ ਸੈਣੀ)** ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਵਲੋਂ ਸੈਣੀ ਭਵਨ ਵਿਖੇ ਸਾਲਾਨਾ ਸਿੱਖਿਆ ਸਮਾਗਮ ਦੇ ਪਹਿਲੇ ਦਿਨ ਵਿਦਿਆਰਥੀਆ ਦੇ ਵਿਸ਼ਵਾਸ ਨੂੰ ਦ੍ਰਿੜ ਬਣਾਉਣ ਲਈ ਚਲਤ ਮਾਮਲਿਆ 'ਤੇ ਭਾਸ਼ਣ ਮੁਕਾਬਲੇ ਕਰਵਾਏ ਗਏ।ਸਮਾਗਮ ਸੈਣੀ ਭਵਨ ਦੇ ਪ੍ਰਧਾਨ ਡਾ. ਅਜਮੇਰ ਸਿੰਘ ਦੀ ਅਗਵਾਈ ਵਿੱਚ ਕੀਤਾ ਗਿਆ। ਪੰਜਾਬੀ ਭਾਸ਼ਾ ਦੇ ਵਿਸ਼ੇ ਸਮਾਜਿਕ ਵਿਕਾਸ ਲਈ ਵਿਗਿਆਨਕ ਸੋਚ ਦੀ ਮਹਤੱਤਾ ਭਾਸ਼ਣ ਮੁਕਾਬਲੇ ਵਿੱਚ ਸੈਟ ਕਾਰਮਲ ਸਕੂਲ ਕਟਲੀ ਦੀ ਅਰਸ਼ਪ੍ਰੀਤ ਕੌਰ ਨੇ ਪਹਿਲਾ ਅਤੇ ਅੰਗਰੇਜ਼ੀ ਭਾਸ਼ਾ ਦੇ ਵਿਸ਼ੇ ਸਮਪ੍ਰਦਾਇਕ ਰਾਜਨੀਤੀ : ਲੋਕਤੰਤਰ ਲਈ ਖਤਰਾ ? ਭਾਸ਼ਣ ਮੁਕਾਬਲੇ 'ਚ ਸਾਹਿਬਜਾਦਾ ਅਜੀਤ ਸਿੰਘ ਅਕਾਡਮੀ ਰੂਪਨਗਰ ਦੀ ਪ੍ਰਾਂਜ਼ਲੀ ਵਰਮਾ ਨੇ ਪਹਿਲਾ ਇਨਾਮ ਜਿੱਤਿਆ। ਜ਼ਿਲ੍ਹੇ ਦੇ ਵੱਖ ਵੱਖ ਸਕੂਲਾ ਤੋਂ ਪੰਜਾਬੀ ਭਾਸ਼ਾ ਦੇ ਵਿਸ਼ੇ ਵਿੱਚ 19 ਅਤੇ ਅੰਗਰਜ਼ੀ ਭਾਸ਼ਾ ਦੇ ਮੁਕਾਬਲੇ 'ਚ ਸਕੂਲਾ ਤੇ ਕਾਲਜਾ ਤੋਂ 15 ਵਿਦਿਆਰਥੀਆ ਨੇ ਭਾਗ ਲਿਆ। ਪੰਜਾਬੀ ਲਈ ਜੱਜਾ ਦੀ ਭੂਮਿਕਾ ਸਰਕਾਰੀ ਕਾਲਜ਼ ਰੂਪਨਗਰ ਦੇ ਸੇਵਾਮੁਕਤ ਪ੍ਰਿੰਸੀਪਲ ਡਾ. ਸੰਤ ਸੁਰਿੰਦਰਪਾਲ ਸਿੰਘ, ਸਰਕਾਰੀ ਸਿਨੀਅਰ ਸਕੈਂਡਰੀ ਸਕੂਲ ਮੀਆਪੁਰ ਤੋਂ ਸੇਵਾਮੁਕਤ ਲੈਕਚਰਾਰ ਬਲਵਿੰਦਰ ਸਿੰਘ, ਸਰਕਾਰੀ ਸਕੂਲ ਰੈਲੋ ਕਲਾ ਤੋਂ ਅਧਿਆਪਕਾ ਤੇ ਸਹਿਤਕਾਰ ਮਨਦੀਪ ਰਿੰਪੀ ਨੇ ਨਿਭਾਈ। ਇਸੇ ਤਰਾਂ ਅੰਗਰਜ਼ੀ ਦੇ ਭਾਸ਼ਣ ਮੁਕਾਬਲੇ ਲਈ ਜੱਜਾ ਦੀ ਭੂਮਿਕਾ ਸਰਕਾਰੀ ਕਾਲਜ਼ ਰੂਪਨਗਰ ਤੋਂ ਪ੍ਰੋ: ਨਿਰਮਲ ਸਿੰਘ ਬਰਾੜ, ਜਨ ਪ੍ਰਸਾਸ਼ਨ ਦੇ ਮਾਹਿਰ, ਇਸੇ ਕਾਲਜ਼ ਤੋ ਸੇਵਾਮੁਕਤ ਐਮ ਐਸ ਸੀ ਮੈਥ ਪ੍ਰੋ: ਪ੍ਰਤਿਵਾ ਸੈਣੀ ਤੇ ਸਰਕਾਰੀ ਸਕੂਲ ਤੋਂ ਸੇਵਾਮੁਕਤ ਲੈਕਚਰਾਰ ਭਗਵੰਤ ਕੌਰ ਸਮਾਜਸੇਵੀ ਨੇ ਨਿਭਾਈ।ਨਿਰਪੱਖਤਾ ਨੂੰ ਵੇਖਦੇ ਹੋਏ ਸਾਰੇ ਮਾਹਿਰ ਜੱਜ ਸੈਣੀ ਭਵਨ ਤੋਂ ਬਾਹਰੋ ਬੁਲਾਏ ਗਏ ਸਨ।ਪੰਜਾਬੀ ਵਿਸ਼ੇ 'ਚ ਸੈਟ ਕਾਰਮਲ ਸਕੂਲ ਕਟਲੀ ਦੀ ਅਰਸ਼ਪ੍ਰੀਤ ਕੌਰ ਨੇ ਪਹਿਲਾ, ਕਿਡਜ਼ ਪੈਰਾਡਾਇਜ ਸਕੂਲ ਰੰਗੀਲਪੁਰ ਦੀ ਰਮਨਜੋਤ ਕੌਰ ਨੇ ਦੂਜਾ, ਐਸ ਏ ਐਸ ਅਕਾਡਮੀ ਰੂਪਨਗਰ ਦੀ ਹਰਸਿਮਰਤਪ੍ਰੀਤ ਕੌਰ ਨੇ ਤੀਜਾ ਅਤੇ ਇਸੇ ਸਕੂਲ ਤੋਂ ਗੁਰਨੀਤ ਪੌਲ ਤੇ ਪੰਜਾਬ ਇੰਟਰਨੈਸ਼ਨਲ ਸਕੂਲ ਪਿੱਪਲਮਾਜਰਾ ਨੂੰ ਕਨਸੋਲੇਸ਼ਨ ਇਨਾਮ ਲਈ ਚੁਣਿਆ ਗਿਆ। ਅੰਗਰੇਜ਼ੀ ਦੇ ਭਾਸ਼ਣ ਮੁਕਾਬਲੇ ਵਿੱਚ ਸਾਹਿਬਜਾਦਾ ਅਜੀਤ ਸਿੰਘ ਅਕਾਡਮੀ ਰੂਪਨਗਰ ਦੀ ਪ੍ਰਾਂਜ਼ਲੀ ਵਰਮਾ ਨੇ ਪਹਿਲਾ, ਸਿਵਾਲਿਕ ਪਬਲਿਕ ਸਕੂਲ ਰੂਪਨਗਰ ਦੀ ਪ੍ਰਭਜੋਤ ਕੌਰ ਨੇ ਦੂਜਾ ਤੇ ਇਸੇ ਸਕੂਲ ਤੋਂ ਰਾਧਿਕਾ ਸਰਮਾ ਨੇ ਤੀਜਾ ਇਨਾਮ ਜਿੱਤਿਆ ਹੈ।ਪੰਜਾਬ ਇੰਟਰਨੈਸ਼ਨਲ ਸਕੂਲ ਪਿੱਪਲਮਾਜਰਾ ਤੋਂ ਗੁਰਲੀਨ ਕੌਰ ਅਤੇ ਸੈਂਟ ਕਾਰਮਲ ਸਕੂਲ ਕਟਲੀ ਤੋਂ ਦਿਸ਼ਾ ਪੰਤ ਦੀ ਚੋਣ ਕਨਸੋਲੇਸ਼ਨ ਇਨਾਮ ਲਈ ਕੀਤੀ ਗਈ।ਇਸ ਮੌਕੇ ਤੇ ਬੱਚਿਆ ਨਾਲ ਪ੍ਰੇਰਣਾ ਦੇ ਸਬਦ ਸਾਂਝੇ ਕਰਦੇ ਹੋਏ ਡਾ. ਸੰਤ ਸੁਰਿੰਦਰਪਾਲ ਸਿੰਘ, ਪ੍ਰੋ: ਨਿਰਮਲ ਸਿੰਘ ਬਰਾੜ ਅਤੇ ਮਨਦੀਪ ਰਿੰਪੀ ਨੇ ਕਿਹਾ ਕਿ ਕੇਵਲ ਸਿੱਖਿਆ ਦਾ ਗਿਆਨ ਹੀ ਮਨੁਖਤਾ ਦੇ ਸਰਵਪੱਖੀ ਵਿਕਾਸ ਅਤੇ ਸਫਲਤਾ ਦਾ ਅਧਾਰ ਹੈ।ਸਾਲਾਨਾ ਸਿੱਖਿਆ ਸਮਾਗਮ ਦਾ ਅਰੰਭ ਮਾਂ ਸਰਸਵਤੀ ਦੀ ਤਸਵੀਰ ਰੋਸ਼ਨ ਕਰਕੇ ਕੀਤਾ ਗਿਆ।ਸਮਾਗਮ ਵਿੱਚ ਆਏ ਵਿਦਿਆਰਥੀਆ, ਉਨ੍ਹਾ ਦੇ ਅਧਿਆਪਕਾ, ਜੱਜਾ ਤੇ ਮਹਿਮਾਨਾ ਦਾ ਟਰੱਸਟ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਸਵਾਗਤ ਕੀਤਾ ਅਤੇ ਚੇਅਰਮੈਨ ਬਲਬੀਰ ਸਿੰਘ ਸੈਣੀ ਨੇ ਐਜੂਕੇਸ਼ਨ ਟਰੱਸਟ ਦੇ ਗਠਨ ਤੇ ਉਦੇਸ਼ਾ ਦੀ ਜਾਣਕਾਰੀ ਦਿੱਤੀ, ਸਕੱਤਰ ਅਮਰਜੀਤ ਸਿੰਘ ਨੇ ਭਾਸ਼ਣ ਦੇ ਨਿਯਮਾ ਤੇ ਚਾਨਣਾ ਪਾਇਆ। ਸਟੇਜ ਤੇ ਵਿਦਿਆਰਥੀਆ ਨੂੰ ਪੇਸ਼ ਕਰਨ ਦੀ ਸੇਵਾ ਪ੍ਰਧਾਨ ਰਾਜਿੰਦਰ ਸੈਣੀ ਤੇ ਟਰੱਸਟੀ ਐਡਵੋਕੇਟ ਰਾਵਿੰਦਰ ਸਿੰਘ ਮੁੰਡਰਾ ਵਲੋਂ ਕੀਤੀ ਗਈ। ਇਸ ਸਮੇਂ ਸੈਣੀ ਭਵਨ ਦੇ ਟਰੱਸਟੀ ਤੇ ਪ੍ਰਬੰਧਕੀ ਕਮੇਟੀ ਮੈਂਬਰ ਕੈਪਟਨ ਹਾਕਮ ਸਿੰਘ, ਇੰਜ. ਹਰਜੀਤ ਸਿੰਘ ਸੈਣੀ, ਰਾਮ ਸਿੰਘ ਸੈਣੀ, ਦੇਵਿੰਦਰ ਸਿੰਘ ਜਟਾਣਾ, ਡਾ. ਜਸਵੰਤ ਕੌਰ, ਜਗਦੇਵ ਸਿੰਘ, ਦਲਜੀਤ ਸਿੰਘ, ਡਾ. ਹਰਚਰਨ ਦਾਸ ਸੇਰ, ਆਦਿ ਵੀ ਹਾਜ਼ਰ ਸਨ।ਸਮਾਗਮ ਦੌਰਾਨ ਵਿਦਿਆਰਥੀਆ ਨੂੰ ਸਿੱਖਿਆ ਪ੍ਰਤੀ ਉਤਸਾਹਿਤ ਕਰਨ ਲਈ ਆਈਟੀਆਈ ਰੋਪੜ ਤੋ ਇਲੈਕਟੋਨਿਸ ਅਤੇ ਕਮਿਊਕੇਸ਼ਨ ਦੇ ਮਾਹਿਰ ਡਾ. ਰਾਗੁਵ ਸ਼ਰਮਾ ਦੇ ਵੀ ਰੂ-ਵ-ਰੂਹ ਕਰਵਾਇਆ ਗਿਆ। ਜਿਨ੍ਹਾ ਵਿਦਿਆਥੀਆ ਨਾਲ ਆਪਣੀ ਸਫਲਤਾ ਦੀ ਪੁਲਾਂਘ ਸਾਂਝੀ ਕੀਤੀ।ਇਸ ਦੌਰਾਨ ਟਰੱਸਟ ਦੇ ਚੇਅਰਮੈਨ ਬਲਬੀਰ ਸਿੰਘ ਨੇ ਦੱਸਿਆ ਕਿ ਕਲ 4 ਅਕਤੂਬਰ ਨੂੰ ਸਮਾਗਮਦੇ ਦੂਜੇ ਦਿਨ 120 ਵਿਦਿਆਥੀਆ ਨੂੰ 7 ਲੱਖ 25 ਹਜ਼ਾਰ ਰੁਪਏ ਵਜੀਫੇ ਵੰਡੇ ਜਾਣਗੇ. ਸ਼ਮਾਗਮ ਦੇ ਮੁੱਖ ਮਹਿਮਾਨ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਪਟਿਆਲਾ ਦੇ ਚੇਰਅਮੈਨ (ਰਿਟਾ.) ਮੇਜ਼ਰ ਜਨਰਲ ਵਿਨਾਇਕ ਸੈਣੀ ਐਸ. ਐਮ, ਵੀ. ਐਸ. ਐਮ ਹੋਣਗੇ।



# ਬੁੱਧ ਪੂਰਨਿਮਾ ਦੀ ਪੱਕੀ ਛੁੱਟੀ ਕਰਨ ਦੀ ਮੰਗ



**ਬੰਗਾ (ਅਵਤਾਰ ਕਲੇਰ)** ਡਾ. ਅੰਬੇਡਕਰ ਬੁੱਧਿਸਟ ਰਿਸੋਰਸ ਸੈਂਟਰ ਮੈਨੇਜਿੰਗ ਕਮੇਟੀ (ਰਜਿ:) ਪੰਜਾਬ ਦਾ ਵਫਦ ਕਮੇਟੀ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਦੀ ਅਗਵਾਈ ਹੇਠ ਡਾ. ਨਛੱਤਰ ਪਾਲ ਵਿਧਾਇਕ ਨਵਾਂਸ਼ਹਿਰ ਨੂੰ ਮਿਲਿਆ। ਕਮੇਟੀ ਦੇ ਵਫ਼ਦ ਵਲੋਂ ਇੱਕ ਮੰਗ ਪੱਤਰ ਵਿਧਾਇਕ ਡਾ. ਨਛੱਤਰ ਪਾਲ ਰਾਹੀਂ ਮੁੱਖ ਮੰਤਰੀ ਪੰਜਾਬ ਅਤੇ ਮੁੱਖ ਸਕੱਤਰ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਮੋਹਾਲੀ ਦੇ ਨਾਮ ਭੇਜ ਕੇ ਮੰਗ ਕੀਤੀ ਕਿ ਪੰਜਾਬ ਅੰਦਰ ਬੋਧੀਆ ਦੇ ਸਭ ਤੋਂ ਪਵਿੱਤਰ ਤਿਉਹਾਰ ਬੁੱਧ ਪੂਰਨਿਮਾ ਦੀ ਹਰ ਸਾਲ ਪੱਕੀ ਛੁੱਟੀ ਕੀਤੀ ਜਾਵੇ।ਪੰਜਾਬ ਸਕੂਲ ਐਜੂਕੇਸ਼ਨ ਬੋਰਡ ਮੋਹਾਲੀ ਦੀ ਵੈੱਬਸਾਈਟ 'ਤੇ ਬੁੱਧ ਧਰਮ ਨੂੰ ਸ਼ਾਮਲ ਕੀਤਾ ਜਾਵੇ ਅਤੇ ਪੰਜਾਬ ਵਿੱਚ ਬਾਕੀ ਸਾਰੇ ਧਰਮਾਂ ਦੀ ਬੁੱਧ ਧਰਮ ਦੇ ਧਾਰਮਿਕ ਅਸਥਾਨਾਂ ਅਤੇ ਬੁੱਧ ਧਰਮ ਨੂੰ ਮੰਨਣ ਵਾਲੇ ਲੋਕਾਂ ਨੂੰ ਵੀ ਪੰਜਾਬ ਸਰਕਾਰ ਸਾਰੀਆਂ ਸਹੂਲਤਾਂ ਦਿੱਤੀਆਂ ਜਾਣ ਅਤੇ ਬੋਧੀਆ ਦੇ ਧਾਰਮਿਕ ਅਸਥਾਨਾਂ ਨੂੰ ਵੀ ਸਰਕਾਰੀ ਮਦੱਦ ਦਿੱਤੀ ਜਾਵੇ ਅਤੇ ਪੰਜਾਬ ਦੇ ਘੱਟ ਗਿਣਤੀ ਕਮਿਸ਼ਨ ਵਿੱਚ ਬੋਧੀ ਭਾਈਚਾਰੇ ਦੇ ਮੈਂਬਰ ਨਿਯੁਕਤ ਕੀਤੇ ਜਾਣ। ਇਸ ਮੌਕੇ ਕਮੇਟੀ ਦੇ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਨੇ ਦੱਸਿਆ ਕਿ ਵਿਧਾਇਕ ਡਾ. ਨਛੱਤਰ ਪਾਲ ਨੇ ਸਾਨੂੰ ਭਰੋਸਾ ਦਿਵਾਇਆ ਕਿ ਉਹ ਕਮੇਟੀ ਵਲੋਂ ਦਿੱਤੇ ਮੰਗ ਪੱਤਰ ਨੂੰ ਮਾਣਯੋਗ ਮੁੱਖ ਮੰਤਰੀ ਜੀ ਅਤੇ ਮਾਣਯੋਗ ਮੁੱਖ ਸਕੱਤਰ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਮੋਹਾਲੀ ਪਹੁੰਚਦਾ ਕਰਨਗੇ ਅਤੇ ਸਾਰੀਆਂ ਮੰਗੇ ਸਬੰਧੀ ਮਾਣਯੋਗ ਮੁੱਖ ਮੰਤਰੀ ਸਾਹਿਬ ਨਾਲ ਵਿਸਥਾਰਪੂਰਵਕ ਵਿਚਾਰ ਚਰਚਾ ਕਰ ਲਾਗੂ ਕਰਵਾਉਣ ਲਈ ਹਰ ਸੰਭਵ ਯਤਨ ਕਰਨਗੇ।ਇਸ ਮੌਕੇ ਕਮੇਟੀ ਦੇ ਉਪ ਹਰਬਲਾਸ ਬਸਰਾ, ਪ੍ਰਵੀਨ ਬੰਗਾ, ਮਹੇਸ਼ ਕੁਮਾਰ ਧੰਮਾ ਇੰਚਾਰਜ, ਇੰਦਰਜੀਤ ਅਟਾਰੀ, ਹਰਮਨ ਕੁਮਾਰ, ਜੋਗਿੰਦਰ ਕੌਰ, ਸੁਨੀਤਾ ਰਾਣੀ, ਮਨਜੋਤ ਲੌਂਗੀਆ, ਰਜਨੀ ਦੇਵੀ, ਅਮਰ ਚੰਦ ਅਟਾਰੀ, ਹਰਜਿੰਦਰ ਜੰਡਾਲੀ ਤੋਂ ਇਲਾਵਾ ਹੋਰ ਵੀ ਮੈਂਬਰ ਹਾਜ਼ਰ ਸਨ।

# 24 ਘੰਟਿਆਂ 'ਚ ਮੋਟਰਸਾਈਕਲ ਚੋਰ ਕੀਤੇ ਕਾਬੂ



**ਕਾਲਾ ਸੰਘਿਆਂ (ਮਨਜੀਤ ਮਾਨ)**- ਕਸਬਾ ਕਾਲਾ ਸੰਘਿਆਂ ਤੋਂ ਚੋਰੀ ਹੋਏ ਬੁਲਟ ਮੋਟਰਸਾਈਕਲ ਨੰਬਰ ਪੀ ਬੀ 08 ਈ ਟੀ 7291 ਨੂੰ ਕਾਲਾ ਸੰਘਿਆਂ ਪੁਲਿਸ ਵੱਲੋਂ ਮੁਸਤੈਦੀ ਦਿਖਾਉਂਦੇ ਹੋਏ 24 ਘੰਟਿਆਂ ਵਿੱਚ ਚੋਰ ਬੁਲਟ ਮੋਟਰਸਾਈਕਲ ਸਮੇਤ ਬਰਾਮਦ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ। ਜਾਣਕਾਰੀ ਦਿੰਦੇ ਹੋਏ ਕਾਲਾ ਸੰਘਿਆਂ ਪੁਲਿਸ ਚੌਕੀ ਦੇ ਇੰਚਾਰਜ ਏ ਐਸ ਆਈ ਅਮਰਜੀਤ ਸਿੰਘ ਨੇ ਦੱਸਿਆ ਸਥਾਨਕ ਕਸਬੇ ਦੇ ਵਸਨੀਕ ਬਲਾਕ ਸੰਮਤੀ ਮੈਂਬਰ ਬੂਟਾ ਗਿੱਲ ਨੇ ਪੁਲਿਸ ਨੂੰ ਜਾਣਕਾਰੀ ਦਿੱਤੀ ਕਿ 30 ਸਤੰਬਰ ਦੀ ਦੇਰ ਰਾਤ ਉਸ ਦੇ ਘਰ ਦੇ ਬਾਹਰ ਤੋਂ ਉਸ ਦਾ ਬੁਲਟ ਮੋਟਰਸਾਈਕਲ ਚੋਰੀ ਹੋਇਆ। ਚੋਰੀ ਦਾ ਸੀ ਸੀ ਟੀ ਵੀ ਫੁਟੇਜ ਵੀ ਮਿਲਿਆ ਜਿਸ ਦੇ ਅਧਾਰ ਤੇ ਤਫ਼ਤੀਸ਼ ਕੀਤੀ ਅਤੇ ਇਲਾਕੇ ਵਿੱਚ ਚੈਕਿੰਗ ਤੇ ਨਾਕੇਬੰਦੀ ਕੀਤੀ ਗਈ। ਚੌਕੀ ਇੰਚਾਰਜ ਨੇ ਦੱਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਕਿ ਮੋਟਰਸਾਈਕਲ ਇਲਾਕੇ ਵਿੱਚ ਘੁੰਮ ਰਹੇ ਅਤੇ ਕਪੂਰਥਲਾ ਰੋਡ ਤੇ ਸੁਖਾਣੀ ਪੁਲੀ ਤੇ ਨਾਕੇਬੰਦੀ ਦੌਰਾਨ ਸਾਨੂੰ ਸਮੇਤ ਚੋਰੀਸ਼ੁਦਾ ਮੋਟਰਸਾਈਕਲ ਲਖਵਿੰਦਰ ਸਿੰਘ ਲੱਖਾ ਪੁੱਤਰ ਸੇਵਾ ਸਿੰਘ ਵਾਸੀ ਪਿੰਡ ਬੂਟਾਂ ਥਾਣਾ ਸੁਭਾਨਪੁਰ ਨੂੰ ਕਾਬੂ ਕੀਤਾ ਗਿਆ। ਚੌਕੀ ਇੰਚਾਰਜ ਨੇ ਕਿਹਾ ਕਿ ਪੁਲਸ ਵੱਲੋਂ ਮੁਕਦਮਾ ਮਿਤੀ 2 ਅਕਤੂਬਰ ਨੂੰ ਦਰਜ ਕੀਤਾ ਗਿਆ ਹੈ ਅਤੇ ਮੋਟਰਸਾਈਕਲ ਚੋਰੀ ਕਰਨ ਵਾਲੇ ਦੂਜੇ ਲੁਟੇਰਿਆਂ ਜਿਹਨਾਂ ਵਿੱਚ ਗੋਰੀ ਪੁੱਤਰ ਪੂਰਨ ਉਰਫ ਮਟਰ, ਗੋਪੀ ਪੁੱਤਰ ਪੂਰਨ ਸਿੰਘ ਉਰਫ ਪੁੰਨਾ ਵਾਸੀ ਬੂਟ ਥਾਣਾ ਸੁਭਾਨਪੁਰ ਚੋਰੀ ਕਰਕੇ ਲੈ ਗਏ ਸਨ ਉਹ ਘਰੋਂ ਫ਼ਰਾਰ ਹਨ ਤੇ ਪੁਲਸ ਵੱਲੋਂ ਉਨ੍ਹਾਂ ਦੀ ਭਾਲ ਜਾਰੀ ਹੈ।

# ਵਿਧਾਇਕ ਜਸਵੀਰ ਰਾਜਾ ਨੇ 95 ਲੱਖ ਦੀ ਲਾਗਤ ਨਾਲ ਬਣਨ ਵਾਲੀ ਸੜਕ ਦਾ ਕਾਰਜ ਆਰੰਭ ਕਰਵਾਇਆ

**ਟਾਂਡਾ ਉੜਮੁੜ (ਜਸਵਿੰਦਰ ਸਿੰਘ ਸੇਠੂ, ਓਂਕਾਰ ਸਿੰਘ)**- ਪੰਜਾਬ ਦੀ ਮੌਜੂਦਾ ਸਰਕਾਰ ਵੱਲੋਂ ਹਰੇਕ ਖੇਤਰ ਵਿੱਚ ਇਤਿਹਾਸਿਕ ਵਿਕਾਸ ਕਾਰਜ ਕਰਦੇ ਹੋਏ ਪੰਜਾਬ ਵਾਸੀਆਂ ਨੂੰ ਨਵੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੂਬਾਈ ਮੀਤ ਪ੍ਰਧਾਨ ਵਿਧਾਇਕ ਹਲਕਾ ਟਾਂਡਾ ਜਸਵੀਰ ਸਿੰਘ ਰਾਜਾ ਨੇ ਪਿੰਡ ਮੂਨਕਾਂ ਵਿਖੇ ਹੋਏ ਵਿਖੇ ਸਮਾਗਮ ਦੌਰਾਨ ਕੀਤਾ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਪਿੰਡ ਮੂਨਕਾਂ ਦੇ ਫਾਟਕ ਤੋਂ ਇਤਿਹਾਸਿਕ ਅਸਥਾਨ ਗੁਰਦੁਆਰਾ ਟਾਹਲੀ ਸਾਹਿਬ ਸੰਪਰਕ ਸੜਕ ਅਤੇ ਬੋਲੇਵਾਲ ਸ਼ਮਸ਼ਾਨ ਘਾਟ ਸੰਪਰਕ ਸੜਕ ਦੀ ਖਾਸ ਮੁਰੰਮਤ ਦੇ ਕਾਰਜ ਦਾ ਉਦਘਾਟਨ ਕਰਦੇ ਹੋਏ ਦੱਸਿਆ ਕਿ ਪੰਜਾਬ ਮੰਡੀ ਬੋਰਡ ਵੱਲੋਂ ਕਰੀਬ 95 ਲੱਖ ਰੁਪਏ ਦੀ ਲਾਗਤ ਨਾਲ ਬਣਾਈ ਜਾ ਰਹੀ ਇਹ ਸੜਕ 15 ਨਵੰਬਰ ਤੱਕ ਤਿਆਰ ਕਰ ਦਿੱਤੀ ਜਾਵੇਗੀ ਅਤੇ ਬਣਨ ਉਪਰੰਤ ਇਸ ਸਾਲ ਦੀ ਪੰਜ ਸਾਲ ਦੀ ਗਰੰਟੀ ਹੋਵੇਗੀ। ਇਸ ਮੌਕੇ ਉਨਾਂ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ



ਵਿੱਚ ਅੱਜ ਸੂਬੇ ਦੇ ਹਰੇਕ ਖੇਤਰ ਵਿੱਚ ਤਰੱਕੀ ਹੋਈ ਹੈ ਜਿਸ ਕਾਰਨ ਸੂਬਾ ਪੰਜਾਬ ਫਿਰ ਤੋਂ ਖੁਸ਼ਹਾਲ ਸੂਬਾ ਬਣ ਗਿਆ ਹੈ ਇਸ ਮੌਕੇ ਉਨ੍ਹਾਂ ਦੱਸਿਆ ਕਿ ਇਸ ਸੜਕ ਦੀ ਇਲਾਕਾ ਨਿਵਾਸੀਆਂ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ ਜਿਸ ਨੂੰ ਪੰਜਾਬ ਸਰਕਾਰ ਨੇ ਮਨਜ਼ੂਰ ਕਰਕੇ ਬਣਾਉਣ ਦੀ ਮਨਜ਼ੂਰੀ ਦਿੱਤੀ ਹੈ। ਇਸ ਮੌਕੇ ਇਤਿਹਾਸਿਕ ਅਸਥਾਨ ਗੁਰਦੁਆਰਾ ਟਾਹਲੀ ਸਾਹਿਬ ਵੱਲੋਂ ਬਾਬਾ ਕੁਲਦੀਪ ਸਿੰਘ ਤੇ ਭਾਈ ਹਰਪ੍ਰੀਤ ਸਿੰਘ, ਗ੍ਰਾਮ ਪੰਚਾਇਤ ਮੂਨਕ ਕਲਾਂ , ਤੇ ਗ੍ਰਾਮ ਪੰਚਾਇਤ ਮੂਨਕ ਖੁਰਦ ਵੱਲੋਂ ਵਿਧਾਇਕ ਜਸਵੀਰ ਸਿੰਘ ਰਾਜਾ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦੇ ਹੋਏ ਉਹਨਾਂ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਚੇਅਰਮੈਨ ਮਾਰਕਿਟ ਕਮੇਟੀ ਟਾਂਡਾ ਚੌਧਰੀ ਰਾਜਵਿੰਦਰ ਸਿੰਘ ਰਾਜਾ, ਸੰਗਠਨ ਇੰਚਾਰਜ ਕੇਸ਼ਵ ਸਿੰਘ ਸੈਣੀ, ਬਾਬਾ ਕੁਲਦੀਪ ਸਿੰਘ ਟਾਹਲੀ ਸਾਹਿਬ, ਸਰਪੰਚ ਮਨਵੀਰ ਸਿੰਘ, ਸਰਪੰਚ ਮਨਪ੍ਰੀਤ ਕੌਰ, ਜਥੇਦਾਰ ਦਵਿੰਦਰ ਸਿੰਘ ਮੂਨਕਾਂ, ਪ੍ਰਿੰਸੀਪਲ ਰਜਿੰਦਰ ਸਿੰਘ, ਪ੍ਰਦੀਪ ਸਿੰਘ ਸਤਵੰਤ ਸਿੰਘ ਬਾਊ, ਨੰਬਰਦਾਰ ਇਕਬਾਲ ਸਿੰਘ, ਵਿਵੇਕ ਗੁਪਤਾ, ਤਜਿੰਦਰ ਸਿੰਘ, ਪੰਚ ਕੁਲਵਿੰਦਰ ਕੌਰ ਤੋਂ ਇਲਾਵਾ ਐਸ.ਡੀ.ਓ ਅਮਰੀਕ ਸਿੰਘ,ਬਾਬਾ ਚਰਨਜੀਤ ਸਿੰਘ ਲੱਕੀ, ਭਜਨ ਸਿੰਘ, ਸੁਰਜੀਤ ਸਿੰਘ ਭਾਰਦਵਾਜ,ਸੰਤੋਖ ਸਿੰਘ ਮੂਨਕ , ਪੰਚ ਗੁਰਪ੍ਰੀਤ ਸਿੰਘ ਰਿੰਕੂ, ਬਲਵੀਰ ਸਿੰਘ ਬੀਰਾ ਵੀ ਹਾਜ਼ਰ ਸਨ।

# ਦੁਸਹਿਰੇ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਪਿੰਡ ਰਾਏਪੁਰ ਰਸੂਲਪੁਰ ਵਿਖੇ ਦੁਸਹਿਰਾ ਮੰਦਰ ਕਮੇਟੀ, ਸਮੂਹ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਵੱਲੋਂ ਇਕੱਠੇ ਹੋ ਕੇ ਬੁਰਾਈ ਉੱਤੇ ਚੰਗਿਆਈ ਦੀ ਜਿੱਤ ਦਾ ਜਸ਼ਨ ਮਨਾਉਂਦੇ ਹੋਏ ਦੁਸਹਿਰਾ ਮਨਾਇਆ ਗਿਆ। ਦੁਸਹਿਰੇ ਦਾ ਉਦਘਾਟਨ ਸਰਪੰਚ ਕੁਲਵਿੰਦਰ ਕੌਰ ਅਤੇ ਦੁਸਹਿਰਾ ਕਮੇਟੀ ਦੇ ਪ੍ਰਧਾਨ ਸੰਦੀਪ ਮਹਿਤਾ ਵਲੋਂ ਸਾਂਝੇ ਤੌਰ ਤੇ ਕੀਤਾ ਗਿਆ। ਇਸ ਤੋਂ ਬਾਅਦ ਭਗਵਾਨ ਸ੍ਰੀ ਰਾਮ ਤੇ ਰਾਵਣ ਦੀ ਸੈਨਾ ਵਿਚਕਾਰ ਹੋਏ ਯੁੱਧ ਦਾ ਪ੍ਰਦਰਸ਼ਨ ਦਿਖਾਇਆ ਗਿਆ। ਸੂਰਜ ਛੁਪਣ ਸਮੇਂ ਰਾਵਣ ਦੇ ਪੁਤਲੇ ਨੂੰ ਭਗਵਾਨ ਰਾਮ ਚੰਦਰ ਦੇ



ਰੂਪ ਚ ਸਜੇ ਕਲਾਕਾਰ ਤੇ ਮੁੱਖ ਮਹਿਮਾਨ ਗਿਆਨ ਸਿੰਘ ਹੋਠੀ ਵਲੋਂ ਰਾਵਣ ਦੇ ਬੁੱਤ ਨੂੰ ਅਗਨੀ ਭੇਟ ਕੀਤਾ ਗਿਆ। ਇਸ ਮੌਕੇ ਤੇ ਗਿਆਨ ਸਿੰਘ ਹੋਠੀ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਭਗਵਾਨ ਸ੍ਰੀ ਰਾਮ ਦੁਆਰਾ ਦਿਖਾਏ ਗਏ ਮਾਰਗ 'ਤੇ ਚੱਲਣਾ ਚਾਹੀਦਾ ਹੈ। ਇਸ ਮੌਕੇ ਤੇ ਉਨਾਂ ਦੁਸਹਿਰਾ ਕਮੇਟੀ ਨੂੰ 21000 ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ। ਇਸ ਮੌਕੇ ਪ੍ਰਧਾਨ ਦਲਜੀਤ ਕਾਲਾ, ਸਰਪੰਚ ਕੁਲਵਿੰਦਰ ਕੌਰ, ਮਨਪ੍ਰੀਤ ਪੰਚ, ਕੇਵਲਜੀਤ ਪੰਚ,ਸਾਬਕਾ ਸਰਪੰਚ ਬੀਬੀ ਹਰਬੰਸ ਕੌਰ, ਸਾਬਕਾ ਸਰਪੰਚ ਅਵਤਾਰ ਸਿੰਘ ਹੋਠੀ, ਪ੍ਰਦੀਪ ਕੁਮਾਰ ਦੀਪਾ ਸਾਬਕਾ ਸਰਪੰਚ ਬੱਲਾਂ, ਸਾਬਕਾ ਸਰਪੰਚ ਸ਼ਨੀਤਾ ਸ਼ਰਮਾ, ਬੀਬੀ ਦਲਪਾਲ ਕੌਰ, ਸਾਬਕਾ ਪੰਚ ਕੁਲਵਿੰਦਰ ਕੌਰ, ਦੁਸ਼ਹਿਰਾ ਕਮੇਟੀ ਵੱਲੋਂ ਪ੍ਰਧਾਨ ਸੰਦੀਪ ਮਹਿਤਾ ਆਦਿ ਤੋਂ ਇਲਾਵਾ ਅਮਨਪ੍ਰੀਤ ਮਾਮੂ, ਸੋਡੀ ਰਾਮ ਪੰਚ, ਗੁਰਪਿਆਰ ਸਿੰਘ ਹੋਠੀ, ਗੁਰਦੇਵ ਲਾਲ ਪੰਚ, ਮਦਨ ਲਾਲ ਬੱਲਾਂ, ਸਟੇਜ ਸਕੱਤਰ ਹਰਬੰਸ ਸਿੰਘ ਹੋਠੀ ਆਦਿ ਵੀ ਹਾਜ਼ਰ ਸਨ।

# ਐੱਸ ਐੱਸ ਜੀ ਆਈ 'ਚ ਨਵੇਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਸ੍ਰੀ ਸੁਖਮਨੀ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਡੇਰਾਬੱਸੀ ਵਿਖੇ ਨਵਾਂ ਅਕਾਦਮਿਕ ਸੈਸ਼ਨ ਡੂੰਘੀ ਸ਼ਰਧਾ ਨਾਲ ਸ਼ੁਰੂ ਹੋਇਆ, ਜਿਸ ਵਿੱਚ ਸੇਵਾ ਨੂੰ ਅਧਿਆਤਮਿਕਤਾ ਨਾਲ ਜੋੜਿਆ ਗਿਆ। ਵਿਦਿਆਰਥੀਆਂ, ਫੈਕਲਟੀ ਅਤੇ ਸਟਾਫ ਲਈ ਸੰਸਥਾ ਨੇ ਆਪਣੇ ਕੈਂਪਸ ਵਿੱਚ ਸ੍ਰੀ ਸੁਖਮਨੀ ਸਾਹਿਬ ਪਾਠ ਦਾ ਆਯੋਜਨ ਕੀਤਾ। ਦਿਨ ਦੀ ਸ਼ੁਰੂਆਤ ਸ੍ਰੀ ਸੁਖਮਨੀ ਸਾਹਿਬ ਦੇ ਰੂਹਾਨੀ ਪਾਠ ਨਾਲ ਹੋਈ, ਜੋ ਕਿ ਸ਼ਾਂਤੀ, ਸਦਭਾਵਨਾ ਅਤੇ ਅਧਿਆਤਮਿਕ ਤਾਕਤ ਲਿਆਉਣ ਲਈ ਜਾਣੇ ਜਾਂਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇੱਕ ਪਵਿੱਤਰ ਪ੍ਰਾਰਥਨਾ ਹੈ। ਵਿਦਿਆਰਥੀ, ਫੈਕਲਟੀ ਅਤੇ ਸਟਾਫ ਕੈਂਪਸ ਹਾਲ ਵਿੱਚ ਇਕੱਠੇ ਹੋਏ, ਜਿੱਥੇ ਸਮਾਰੋਹ ਸ਼ਰਧਾ ਨਾਲ ਆਯੋਜਿਤ ਕੀਤਾ ਗਿਆ। ਸੁਰੀਲੇ ਜਾਪ ਨਾਲ ਭਰਪੂਰ ਸ਼ਾਂਤ ਮਾਹੌਲ ਨੇ ਅਕਾਦਮਿਕ ਸਾਲ ਦੀ ਇੱਕ ਅਧਿਆਤਮਿਕ ਸ਼ੁਰੂਆਤ ਕੀਤੀ। ਇਸ ਸਾਲ ਦਾ ਸਮਾਗਮ ਵਿਸ਼ੇਸ਼ ਤੌਰ 'ਤੇ ਸਾਰਥਕ ਸੀ ਕਿਉਂਕਿ ਚੇਅਰਮੈਨ ਸ੍ਰੀ ਕੰਵਲਜੀਤ ਸਿੰਘ ਅਤੇ ਡਾਇਰੈਕਟਰ ਡਾ. ਦਮਨਜੀਤ ਸਿੰਘ ਨੇ ਸੰਸਥਾਪਕ ਚੇਅਰਮੈਨ, ਪ੍ਰੋ. ਅਵਤਾਰ ਸਿੰਘ ਦੀ ਯਾਦ ਵਿੱਚ ਸਰਵੋਤਮ



ਅਧਿਆਪਕ ਪੁਰਸਕਾਰ ਦੀ ਸਥਾਪਨਾ ਕੀਤੀ, ਜਿਨ੍ਹਾਂ ਨੂੰ ਇੱਕ ਦੂਰਦਰਸ਼ੀ, ਮਾਰਗਦਰਸ਼ਕ ਅਤੇ ਸਭ ਤੋਂ ਵੱਧ, ਇੱਕ ਸਮਰਪਿਤ ਅਧਿਆਪਕ ਵਜੋਂ ਯਾਦ ਕੀਤਾ ਜਾਂਦਾ ਹੈ। ਡੀਨ ਡਾ. ਮੁਕੇਸ਼ ਵਰਮਾ ਨੇ ਇਕੱਠ ਨੂੰ ਸੰਬੋਧਨ ਕਰਦੇ ਹੋਏ, ਸੰਸਥਾਪਕ ਚੇਅਰਮੈਨ ਦੇ ਸੁਪਨੇ ਨੂੰ ਉਜਾਗਰ ਕੀਤਾ ਕਿ ਉਹ ਸਿਰਫ਼ ਇੱਟਾਂ ਅਤੇ ਗਾਰੇ ਦੀਆਂ ਸੰਸਥਾਵਾਂ ਹੀ ਨਹੀਂ, ਸਗੋਂ ਸਿੱਖਿਆਰਥੀਆਂ ਅਤੇ ਸਿੱਖਿਅਕਾਂ ਦਾ ਇੱਕ ਪਾਲਣ-ਪੋਸ਼ਣ ਕਰਨ ਵਾਲਾ ਪਰਿਵਾਰ ਬਣਾਉਣ, ਗਿਆਨ, ਸੇਵਾ ਅਤੇ ਇਮਾਨਦਾਰੀ ਦੇ ਮੁੱਲਾਂ ਨੂੰ ਅੱਗੇ ਵਧਾਏ। ਐਸ ਐਸ ਜੀ ਆਈ ਅਧੀਨ ਵੱਖ-ਵੱਖ ਸੰਸਥਾਵਾਂ ਦੇ ਅਧਿਆਪਕਾਂ ਨੂੰ 2025 ਦਾ ਸਰਵੋਤਮ ਅਧਿਆਪਕ ਪੁਰਸਕਾਰ ਦਿੱਤਾ ਗਿਆ। ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਵਿੱਚ ਡਾ. ਨੂਪੁਰ ਹਿੰਗੜ (ਐਸ ਐਸ ਡੀ ਸੀ ਐਚ ), ਡਾ. ਆਸ਼ਾ ਗਾਂਧੀ (ਐਸ ਐਸ ਆਈ ਪੀ ), ਸ੍ਰੀਮਤੀ ਰੰਜੂ ਮਰਵਾਹਾ (ਐਸ ਐਸ ਆਈ ਟੀ), ਮੋਨਿਕਾ ਸ਼ਰਮਾ (ਐਸ ਐਸ ਆਈ ਐਚ ਐਮ), ਸ੍ਰੀਮਤੀ ਦਲਜੀਤ ਕੌਰ (ਐਸ ਐਸ ਸੀ ਐਨ), ਸ੍ਰੀਮਤੀ ਗੁਰਿੰਦਰ ਕੌਰ (ਐਸ ਐਸ ਆਈ ਐਸ) ਸ਼ਾਮਲ ਸਨ। ਹਰੇਕ ਪੁਰਸਕਾਰ ਪ੍ਰਾਪਤ ਕਰਨ ਵਾਲੇ ਨੂੰ 5100 ਰੁਪਏ ਦੇ ਵਿੱਤੀ ਇਨਾਮ ਦੇ ਨਾਲ-ਨਾਲ ਪ੍ਰਸ਼ੰਸਾ ਪੱਤਰ ਵੀ ਦਿੱਤਾ ਗਿਆ। ਡੇਰਾਬੱਸੀ ਸਥਿਤ ਗੁਰਦੁਆਰਾ ਸਾਹਿਬ ਦੇ ਜਥੇਦਾਰ ਨੇ ਸਾਰਿਆਂ ਦੀ ਭਲਾਈ ਲਈ ਅਰਦਾਸ ਕੀਤੀ ਅਤੇ ਚੇਅਰਮੈਨ ਅਤੇ ਡਾਇਰੈਕਟਰ ਨੂੰ ਸਿਰੋਪਾਓ ਭੇਟ ਕੀਤੇ।

# ਕਾਲਾ ਸੰਘਿਆਂ 'ਚ ਉਤਸ਼ਾਹ ਨਾਲ ਮਨਾਇਆ ਦੁਸਹਿਰਾ

## ● ਰਾਵਨ ਕੁੰਭਕਰਨ ਤੇ ਮੇਘਨਾਦ ਦੇ ਬੁੱਤ ਰਹੇ ਖਿੱਚ ਦਾ ਕੇਂਦਰ

**ਕਾਲਾ ਸੰਘਿਆਂ (ਮਨਜੀਤ ਮਾਨ)**- ਬੁਰਾਈ ਉਪਰ ਚੰਗਿਆਈ ਦੀ ਜਿੱਤ ਦਾ ਪ੍ਰਤੀਕ ਦੁਸਹਿਰਾ ਖੇਡ ਗਰਾਊਂਡ ਕਾਲਾ ਸੰਘਿਆਂ ਵਿਖੇ ਦੁਸਹਿਰਾ ਪ੍ਰਬੰਧਕ ਕਮੇਟੀ ਦੀ ਦੇਖ-ਰੇਖ ਹੇਠ ਅਤੇ ਪਿੰਡ ਅਤੇ ਇਲਾਕੇ ਦੇ ਸਹਿਯੋਗ ਨਾਲ ਸ਼ਰਧਾ ਨਾਲ ਮਨਾਇਆ ਗਿਆ। ਕਸਬੇ ਦੇ ਨੌਜਵਾਨਾਂ ਵੱਲੋਂ ਨਿਭਾਏ ਰਾਜਾ ਸ੍ਰੀ ਰਾਮ ਚੰਦਰ, ਲਛਮਣ, ਰਾਵਣ, ਮੇਘਨਾਥ ਤੇ ਕੁੰਭਕਰਨ ਸਮੇਤ ਹੋਰ ਕਿਰਦਾਰ ਲੋਕਾਂ ਦੀ ਖਿੱਚ ਦਾ ਕੇਂਦਰ ਬਣੇ। ਰਾਵਣ, ਕੁੰਭਕਰਨ, ਮੇਘਨਾਥ ਦੇ ਬਣਾਏ ਵੱਡੇ ਪੁਤਲਿਆਂ ਨੂੰ ਕਰੀਬ ਸ਼ਾਮ 6:15 ਵਜੇ ਸਾੜਿਆ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਐਡਵੋਕੇਟ ਕਰਮਵੀਰ ਸਿੰਘ ਚੰਦੀ, ਸੀਨੀਅਰ ਆਗੂ ਗੁਰਪਾਲ ਸਿੰਘ ਇੰਡੀਅਨ, ਸ਼ਾਇਰ ਕੰਵਲ ਇਕਬਾਲ ਸਿੰਘ ਨੇ ਸਾਥੀਆਂ ਸਮੇਤ ਹਾਜ਼ਰੀ ਲਗਵਾਈ ਅਤੇ ਪ੍ਰਬੰਧਕ ਕਮੇਟੀ ਅਤੇ ਇਲਾਕਾ ਨਿਵਾਸੀਆਂ ਨੂੰ ਦੁਸਹਿਰੇ ਦੀ ਵਧਾਈ ਦਿੰਦਿਆਂ ਕਿਹਾ ਕਿ ਦੁਸਹਿਰਾ ਦਾ ਤਿਉਹਾਰ ਸਾਨੂੰ ਹੰਕਾਰ ਨਾ ਕਰਨ ਦਾ ਅਤੇ ਸੱਚਾਈ ਦੇ ਰਸਤੇ ਤੇ ਚੱਲਣ ਦਾ ਸੰਦੇਸ਼ ਦਿੰਦਾ ਹੈ। ਇਸ ਮੌਕੇ ਤੇ ਹਾਜ਼ਰਾਂ ਵਿੱਚ ਦੁਸਹਿਰਾ ਕਮੇਟੀ ਦੇ ਪ੍ਰਧਾਨ ਵੇਦ ਪ੍ਰਕਾਸ਼ ਵਾਸਦੇਵ, ਡਾ ਬਲਰਾਮ ਸ਼ਰਮਾ, ਗੱਤਕਾ



ਕੋਚ ਨਰਿੰਦਰ ਸਿੰਘ ਸੰਘਾ, ਪ੍ਰੋ ਜਗਤਾਰ ਸਿੰਘ ਸੰਘਾ, ਮੇਹਰਵਾਨ ਸਿੰਘ ਸੰਘਾ, ਰਾਜਨ ਮੜੀਆ, ਗੁਰਪ੍ਰੀਤ ਸਿੰਘ ਫੁੱਲ, ਸਰਪੰਚ ਮਨਿੰਦਰਪਾਲ ਸਿੰਘ ਮੰਨਾ, ਹੈਪੀ ਵਾਲੀਆ, ਕੁਲਦੀਪ ਲੂੰਬਾ , ਸਰਬਣ ਸਿੰਘ ਸੰਘਾ, ਡਾਕਟਰ ਜਗਦੀਸ਼ ਸਿੰਘ ਐੱਮ ਬੀ ਬੀ ਐਸ ਐਮ ਡੀ ਮੀਰੀ ਪੀਰੀ ਹਸਪਤਾਲ ਕਾਲਾ ਸੰਘਿਆਂ,ਮੁਲਾਜ਼ਮ ਆਗੂ ਸੰਜੀਵ ਕੌਂਡਲ, ਥਾਣਾ ਸਦਰ ਮੁਖੀ ਪ੍ਰਭਜੋਤ ਕੌਰ, ਪੁਲਿਸ ਚੌਕੀ ਦੇ ਇੰਚਾਰਜ਼ ਅਮਰਜੀਤ ਸਿੰਘ, ਪੰਡਿਤ ਰਾਜੂ, ਮਾਸਟਰ ਸ਼ਾਮ ਲਾਲ਼, ਆਪ ਦੇ ਕਿਸਾਨ ਵਿੰਗ ਦੇ ਆਗੂ ਗੁਰਦਾਵਰ ਸਿੰਘ ਜੱਲੋਵਾਲ ਸਮੇਤ ਆਗੂ ਤੇ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# ਬਲਾਕ ਪੱਧਰੀ ਟੂਰਨਾਮੈਂਟ 'ਚ ਬਿਆਸ ਪਿੰਡ ਨੇ ਜਿੱਤੀ ਓਵਰਆਲ ਟਰਾਫੀ



**ਅਲਾਵਲਪੁਰ (ਮਦਨ ਬੰਗੜ)**- ਸਰਕਾਰੀ ਪ੍ਰਾਇਮਰੀ ਸਕੂਲ ਬਿਆਸ ਪਿੰਡ 'ਚ ਪਹਿਲੀ ਤੇ ਪੰਜਵੀ ਜਮਾਤ ਦੇ ਬਲਾਕ ਪੱਧਰੀ ਤਿੰਨ ਦਿਨਾ ਟੂਰਨਾਮੈਂਟ 'ਚ ਵੱਖ-ਵੱਖ ਸੈਂਟਰਾਂ ਦੇ ਬੱਚਿਆ ਨੇ ਹਿੱਸਾ ਲਿਆ। ਵੱਖ-ਵੱਖ ਵਰਗਾਂ 'ਚ ਮੁੰਡੇ ਕੁੜੀਆ ਦੇ ਖੋ-ਖੋ, ਕਬੱਡੀ, ਰੱਸਾਕਸ਼ੀ, ਫੁੱਟਬਾਲ, ਜਿਮਨਾਸਟਿਕ, ਯੋਗਾ, ਬੈਡਮਿੰਟਨ, ਸ਼ਤਰੰਜ, ਲੰਬੀ ਛਾਲ ਤੇ ਹਾਕੀ ਦੇ ਮੁਕਾਬਲੇ ਕਰਵਾਏ ਗਏ। ਇਸ ਦੌਰਾਨ ਗੁਰਦੁਆਰਾ ਭਾਨਾ ਜੀ ਤੇ ਡਾ ਬੀ ਆਰ ਅੰਬੇਡਕਰ ਵੈੱਲਫੇਅਰ ਕਲੱਬ ਵੱਲੋਂ ਲੰਗਰ ਤੇ ਰਿਫਰੈਸ਼ਮੈਂਟ ਦਾ ਪ੍ਰਬੰਧ ਕੀਤਾ ਗਿਆ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬਲਾਕ ਦੀ ਓਵਰਆਲ ਟਰਾਫੀ ਬਿਆਸ ਪਿੰਡ ਸੈਂਟਰ ਨੇ ਜਿੱਤੀ। ਇਸ ਮੌਕੇ ਗੁਰਮੰਗਰਾਜ ਸਿੰਘ, ਮਹਿੰਦਰਪਾਲ ਸਿੰਘ, ਪ੍ਰਭਜੀਤ ਬਾਸਲ, ਜਗਰੂਪ ਸਿੰਘ ਸਾਰੇ ਸੈਂਟਰ ਹੈੱਡ ਟੀਚਰ ਤੇ ਗੁਰਦੀਪ ਸਿੰਘ, ਕਸ਼ਮੀਰੀ ਲਾਲ, ਕੁਲਵੀਰ, ਬੇਅੰਤ ਸਿੰਘ, ਰਣਜੀਤ, ਦਿਲਬਾਗ, ਬਲਰਾਜ, ਮਨਦੀਪ ਕੁਮਾਰ, ਅਮਨਪ੍ਰੀਤ ਆਹੀਰ ਤੋਂ ਇਲਾਵਾ ਵਿਨੋਦ ਕੁਮਾਰ, ਜੋਰਾ ਸਿੰਘ ਪੰਚ, ਬੇਵੀ ਪੰਚ, ਅਮਰੀਕ ਲਾਲ ਬਲੌਕ ਪ੍ਰਧਾਨ, ਅਸ਼ਵਨੀ, ਭਜਨ ਲਾਲ, ਮਹਿੰਦਰ ਪਾਲ ਐਕਸ ਆਰਮੀ, ਓਮ ਪ੍ਰਕਾਸ਼ ਤੇ ਜੈ ਪ੍ਰਕਾਸ਼ ਨਰਾਇਣ ਆਦਿ ਤੋਂ ਇਲਾਵਾ ਸਮੂਹ ਨਗਰ ਨਿਵਾਸੀ ਹਾਜ਼ਰ ਸਨ।

# ਦੁਸਹਿਰੇ ਦੌਰਾਨ ਰਾਵਣ, ਮੇਘਨਾਦ ਕੁੰਭਕਰਨ ਦੇ ਪੁਤਲੇ ਫੂਕੇ

**ਨਕੋਦਰ (ਮਨਜੀਤ ਮਾਨ)**- ਤਹਿਸੀਲ ਨਕੋਦਰ ਅਧੀਨ ਪੈਂਦੇ ਪਿੰਡ ਉੱਗੀ ਵਿਖੇ ਨੌਜੁਆਨ ਦੁਸਹਿਰਾ ਕਮੇਟੀ ਦੇ ਪ੍ਰਧਾਨ ਕੁਸ਼ਵ ਮਹਿਰਾ, ਰਜਨੀਸ਼ ਤਿਵਾੜੀ,ਸੁਖਵਿੰਦਰ ਚਾਹਲ ਸੰਨੀ ਤਿਵਾੜੀ,ਲੱਕੀ ਤਿਵਾੜੀ, ਮੋਹਿਤ ਮੱਲ੍ਹਮ, ਆਸ਼ੂ,ਗੋਰਾ,ਬਿੰਦਾ, ਹੈਪੀ ਬੱਠਲਾਂ ਗਗਨ ਤਿਵਾੜੀ, ਕਪਿਲ ਵਰਮਾ ਦੀ ਰਹਿਨੁਮਾਈ ਹੇਠ ਪਿੰਡ, ਨਗਰ ਨਿਵਾਸੀਆਂ ਤੇ ਐਨ ਆਰ



ਆਈਜ਼ ਦੇ ਸਹਿਯੋਗ ਨਾਲ ਦੁਸਹਿਰੇ ਦਾ ਤਿਉਹਾਰ ਮਨਾਇਆ ਗਿਆ ਜਿਸ ਵਿੱਚ ਸ੍ਰੀ ਸ਼ਾਮ ਲਾਲ ਅਗਰਵਾਲ ਦਿੱਲੀ, ਡੀ ਐਸ ਪੀ ਸੁਖਪਾਲ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਰਾਮ ਲਕਸ਼ਮਣ ਵੱਲੋਂ ਰਾਵਣ, ਮੇਘਨਾਥ ਤੇ ਕੁੰਭਕਰਨ ਦੇ ਪੁਤਲੇ ਫੂਕੇ ਗਏ। ਰਜਨੀਸ਼ ਤਿਵਾੜੀ ਤੇ ਪ੍ਰਬੰਧਕ ਕਮੇਟੀ ਵੱਲੋਂ ਅਵਤਾਰ ਸਿੰਘ ਭੋਲਾ ਭਲਵਾਨ, ਗੁਰਦੀਪ ਸਿੰਘ ਅਟਵਾਲ, ਜੁਵਾਹਰ ਲਾਲ ਖੁੰਗਰ ਸਾਬਕਾ ਸਰਪੰਚ, ਡਾਕਟਰ ਯਸ਼ਪਾਲ ਸੱਚਦੇਵਾ, ਡਾਕਟਰ ਜਗਦੀਸ਼ ਸਿੰਘ ਐੱਮ ਬੀ ਬੀ ਐਸ ਐਮ ਡੀ ਮੀਰੀ ਪੀਰੀ ਹਸਪਤਾਲ ਕਾਲਾ ਸੰਘਿਆਂ, ਡਾਕਟਰ ਸੁਧੀਰ ਸੰਗਰ, ਪੰਡਿਤ ਮਨੋਹਰ ਸ਼ਰਮਾ ਉਮੇਸ਼ ਸੰਗਰ, ਨੰਨੂ ਮਹਿਰਾ ਦਾ ਵਿਸ਼ੇਸ਼ ਤੌਰ ਤੇ ਲੋਈਆ ਦੇ ਕੇ ਸਨਮਾਨਤ ਕੀਤਾ ਗਿਆ। ਸ਼ਾਮ ਨੂੰ ਰਾਵਣ ਦੇ ਪੁਤਲਿਆਂ ਦਾ ਦਹਿਨ ਕੀਤਾ ਗਿਆ।

# ਸੀਚੇਵਾਲ ਦੀ ਅਗਵਾਈ ਹੇਠ ਚੱਲ ਰਹੀ ਕਾਰ ਸੇਵਾ ਦਾ ਅਸਰ

## ਤਿੰਨਾਂ ਖੇਤਾਂ 'ਚ ਪਿਆ 50 ਫੁੱਟ ਡੂੰਘਾ ਟੋਇਆ ਪੂਰਨ ਦਾ 80 ਫੀਸਦੀ ਕੰਮ ਮੁਕੰਮਲ

**ਸੁਲਤਾਨਪੁਰ ਲੋਧੀ (ਹਨੀ)**- ਬਾਊਪੁਰ ਮੰਡ ਇਲਾਕੇ ਵਿੱਚ ਹੜ੍ਹ ਨਾਲ ਹੋਈ ਤਬਾਹੀ ਵਿੱਚੋਂ ਲੋਕ ਉਭਰਨ ਲੱਗ ਪਏ ਹਨ। ਆਰਜ਼ੀ ਬੰਨ੍ਹਾਂ ਨੂੰ ਬਣਾਉਣ ਦਾ ਕੰਮ ਜਿੱਥੇ ਤੇਜ਼ੀ ਨਾਲ ਚੱਲ ਰਿਹਾ ਹੈ ਉਥੇ ਨਾਲ ਹੀ ਕਿਸਾਨਾਂ ਦੇ ਖੇਤਾਂ ਵਿੱਚ ਹੜ੍ਹ ਨਾਲ ਪਏ 50 ਫੁੱਟ ਡੂੰਘੇ ਟੋਇਆ ਭਰਨ ਦਾ ਕੰਮ 80 ਫੀਸਦੀ ਮੁਕੰਮਲ ਹੋ ਗਿਆ ਹੈ। ਪਰਜ਼ੀਆਂ ਕਲਾਂ ਤੋਂ 10 ਟਰੈਕਟਰ ਲੈ ਕੇ ਆਏ ਅਮਰੀਕ ਸਿੰਘ ਕਲੇਰ ਨੇ ਦੱਸਿਆ ਕਿ ਇਹ ਟੋਇਆ ਤਿੰਨ ਏਕੜ ਤੋਂ ਵੀ ਵੱਧ ਰਕਬੇ ਵਿੱਚ ਫੈਲਿਆ ਹੋਇਆ ਸੀ ਤੇ ਇਹ



ਟੋਇਆ 50 ਫੁੱਟ ਤੋਂ ਵੀ ਵੱਧ ਡੂੰਘਾ ਸੀ। ਉਨ੍ਹਾਂ ਕਿਹਾ ਕਿ ਇਸ ਟੋਏ ਨੂੰ ਪੂਰਨਾ ਆਪਣੇ ਆਪ ਵਿੱਚ ਹੀ ਵੱਡੀ ਚੁਣੌਤੀ ਸੀ।ਇਹ ਟੋਇਆ ਆਉਂਦੇ ਦੋ ਦਿਨਾਂ ਵਿੱਚ ਪੂਰਿਆ ਜਾਵੇਗਾ। ਬਾਊਪੁਰ ਮੰਡ ਇਲਾਕੇ ਵਿੱਚ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਅਗਵਾਈ ਹੇਠ ਚੱਲ ਰਹੀ ਹੈ। 21 ਸਤੰਬਰ ਤੋਂ ਖੇਤਾਂ ਵਿੱਚੋਂ ਰੇਤਾ ਤੇ ਗਾਰ ਚੁੱਕਣ ਦਾ ਕੰਮ ਚੱਲ ਰਿਹਾ ਹੈ। ਸੰਤ ਸੀਚੇਵਾਲ ਨੇ ਦੱਸਿਆ ਕਿ ਇਸ ਚੁਣੌਤੀ ਭਰੇ ਟੋਏ ਨੂੰ ਪੂਰਨ ਲਈ ਜਿਹੜੀ ਸੇਵਾ ਚੱਲ ਰਹੀ ਹੈ। ਉਸ ਦਾ 12 ਵਾਂ ਦਿਨ ਹੈ। ਭੈਣੀ ਕਾਦਰ ਬਾਖ਼ਸ਼ ਪਿੰਡ ਦੇ ਚਾਰ ਭਰਾਵਾਂ ਦੀ ਜ਼ਮੀਨ ਵਿੱਚ ਹੀ ਬਿਆਸ ਦਰਿਆ ਦਾ ਆਰਜ਼ੀ ਬੰਨ੍ਹ ਟੁੱਟ ਗਿਆ ਸੀ। ਜਿਸ ਕਾਰਨ ਉਨ੍ਹਾਂ ਦੇ ਖੇਤਾਂ ਵਿੱਚ ਦੂਰ ਤੱਕ ਰੇਤ ਹੀ ਰੇਤ ਫੈਲ ਗਈ ਸੀ ਤੇ ਦਰਿਆ ਦੇ ਤੇਜ਼ ਵਹਾਅ ਨੇ ਤਿੰਨ ਖੇਤਾਂ ਵਿੱਚ 45 ਤੋਂ 50 ਫੁੱਟ ਦੇ ਕਰੀਬ ਡੂੰਘਾ ਟੋਇਆ ਪੈ ਗਿਆ ਸੀ। ਇਸ ਟੋਏ ਨੂੰ ਪੂਰਨ ਲਈ ਰੋਜ਼ਾਨਾ 100 ਤੋਂ ਵੱਧ ਟਰੈਕਟਰ ਲੱਗੇ ਰਹਿੰਦੇ ਸਨ ਤੇ ਇੱਕ ਐਕਸਾਵੇਟਰ ਮਸ਼ੀਨ ਵੀ ਦਿਨ ਰਾਤ ਕੰਮ ਕਰਦੀ ਰਹੀ।

# ਸੰਤ ਬਾਬਾ ਚਰਨ ਦਾਸ ਦੀ ਬਰਸੀ ਤੇ ਧਾਰਮਿਕ ਸਮਾਗਮ 9 ਨੂੰ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਧੰਨ- ਧੰਨ 108 ਸੰਤ ਬਾਬਾ ਚਰਨ ਦਾਸ ਮਹਾਰਾਜ ਜੀ ਦਾ 17ਵਾਂ ਬਰਸੀ ਸਮਾਗਮ 9 ਅਕਤੂਬਰ ਦਿਨ ਵੀਰਵਾਰ ਨੂੰ ਡੇਰਾ ਸੰਤਪੁਰੀ ਮਹਿਦੂਦ ਨਜ਼ਦੀਕ ਜੇਜੋ ਦੋਆਬਾ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਸ ਅਸਥਾਨ ਦੇ ਮੁੱਖ ਸੰਚਾਲਕ ਸ੍ਰੀਮਾਨ 108 ਸੰਤ ਸਤਨਾਮ ਦਾਸ ਨੇ ਦੱਸਿਆ ਕਿ 8 ਅਕਤੂਬਰ ਦਿਨ ਬੁੱਧਵਾਰ ਨੂੰ ਰਾਤ 8 ਵਜੇ ਰੈਣ ਸਵਾਈ ਕੀਰਤਨ ਹੋਵੇਗਾ। 9 ਅਕਤੂਬਰ ਨੂੰ ਠੀਕ ਸਮੇਂ ਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ 10 ਵਜੇ ਤੋਂ ਲੈ ਕੇ 2 ਵਜੇ ਤੱਕ ਕੀਰਤਨ ਦਰਬਾਰ ਹੋਵੇਗਾ, ਜਿਸ ਵਿੱਚ ਪਹੁੰਚ ਰਹੇ ਸੰਤ ਮਹਾਂਪੁਰਸ਼ ਕਥਾ ਕੀਰਤਨ ਕਰਕੇ ਸੰਗਤਾਂ ਨੂੰ ਸੰਤ ਬਾਬਾ ਚਰਨ ਦਾਸ ਮਹਾਰਾਜ ਜੀ ਦੇ ਪਰਉਪਕਾਰੀ ਕਾਰਜਾਂ ਤੋਂ ਜਾਣੂ ਕਰਵਾਉਣਗੇ। ਗੁਰੂ ਕਾ ਲੰਗਰ ਅਤੁੱਟ ਚੱਲੇਗਾ।

# 15 ਪਰਵਾਰ 'ਆਪ' 'ਚ ਸ਼ਾਮਿਲ

**ਸੁਲਤਾਨਪੁਰ ਲੋਧੀ (ਹਨੀ)**- ਪਿੰਡ ਮਸੀਤਾਂ ਵਿਖੇ ਦੋ ਰੋਜ਼ਾ ਸੱਭਿਆਚਾਰਕ ਛਿੰਞ ਮੇਲਾ ਬਹੁਤ ਉਤਸ਼ਾਹ ਨਾਲ ਕਰਾਇਆ ਗਿਆ। ਪੀਰ ਬਾਬਾ ਮੁਹੰਮਦ ਸ਼ਾਹ ਬੁਖਾਰੀ ਜੀ ਦੀ ਦਰਗਾਹ ਤੇ ਚਾਦਰ ਅਤੇ ਝੰਡਾ ਚੜ੍ਹਾਉਣ ਦੀ ਰਸਮ ਮੁੱਖ ਪ੍ਰਬੰਧਕ ਜੋਗਾ ਸਿੰਘ ਨੰਬਰਦਾਰ ਕਾਲੇਵਾਲ, ਸਰਪੰਚ ਹਰਮੇਸ਼ ਸਿੰਘ ਗੋਰਾ ਅਤੇ ਸਮੂਹ ਸੇਵਾਦਾਰਾਂ ਵੱਲੋ ਸਾਂਝੇ ਤੌਰ ਤੇ ਅਦਾ ਕੀਤੀ ਗਈ।ਇਸ ਮੌਕੇ ਕਰਵਾਏ ਗਏ ਸੂਫ਼ੀ ਸੱਭਿਆਚਾਰਕ ਪ੍ਰੋਗਰਾਮ ਵਿੱਚ ਰੋਬਿਨ ਰਾਜ ਵੱਲੋ ਆਪਣੇ ਸੂਫ਼ੀ ਗੀਤਾਂ



ਨਾਲ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਗਾਇਕ ਰੋਬਿਨ ਰਾਜ ਨੇ ਆਪਣੀ ਗਾਇਕੀ ਨਾਲ ਪੰਡਾਲ ਵਿੱਚ ਬੈਠੀ ਸੰਗਤ ਨੂੰ ਝੂਮਣ ਲਾ ਦਿੱਤਾ। ਜੋੜ ਮੇਲੇ ਦੇ ਦੂਜੇ ਪੜਾਅ ਵਿੱਚ ਕਬੱਡੀ ਅਤੇ ਕੁਸ਼ਤੀਆਂ ਵੀ ਕਰਵਾਈਆਂ ਗਈਆਂ ਜਿਸ ਵਿੱਚ ਹਰਿਆਣਾ ਕਬੱਡੀ ਕਲੱਬ ਅਤੇ ਪੰਜਾਬ ਕਬੱਡੀ ਕਲੱਬ ਜਗਰਾਵਾਂ ਵਿਚਕਾਰ ਲੜਕੀਆਂ ਦਾ ਕਬੱਡੀ ਦਾ ਸ਼ੋਅ ਮੈਚ ਕਰਵਾਇਆ ਗਿਆ, ਜਿਸ ਵਿੱਚ ਹਰਿਆਣਾ ਦੀ ਕਬੱਡੀ ਕਲੱਬ ਨੇ ਜਗਰਾਵਾਂ ਕਬੱਡੀ ਕਲੱਬ ਨੂੰ 18 ਅੰਕਾਂ ਦੇ ਮੁਕਾਬਲੇ 28 ਅੰਕਾਂ ਨਾਲ ਹਰਾਇਆ। ਜੇਤੂ ਟੀਮ ਨੂੰ ਸ਼ੇਰ ਸਿੰਘ ਸਾਬਕਾ ਸਰਪੰਚ ਦੇ ਪਰਿਵਾਰ ਵੱਲੋਂ ਪਹਿਲਾ ਇਨਾਮ ਦਿੱਤਾ ਜਦ ਕਿ ਉਪਜੇਤੂ ਟੀਮ ਨੂੰ ਰਮਨਦੀਪ ਸਿੰਘ ਘੁਮਾਣ ਅਤੇ ਰੋਬਨਪ੍ਰੀਤ ਸਿੰਘ ਮੋਮੀ ਅਮਾਨੀਪੁਰ ਵੱਲੋਂ ਦੂਸਰਾ ਇਨਾਮ ਦਿੱਤਾ ਗਿਆ। ਲੜਕਿਆਂ ਦੇ ਐਕਸ਼ਨ ਕਬੱਡੀ ਸ਼ੋਅ ਮੈਚ ਪਿੰਡ ਮਸੀਤਾਂ ਅਤੇ ਮੁਹੱਬਲੀਪੁਰ ਵਿਚਕਾਰ ਹੋਇਆ। ਜੇਤੂ ਟੀਮ ਨੂੰ ਰਮਨਦੀਪ ਸਿੰਘ ਘੁਮਾਣ ਪੁੱਤਰ ਰਘਬੀਰ ਸਿੰਘ ਘੁਮਾਣ ਅਤੇ ਉਪ ਜੇਤੂ ਟੀਮ ਨੂੰ ਰੋਬਨਪ੍ਰੀਤ ਸਿੰਘ ਮੋਮੀ ਪੁੱਤਰ ਪਲਵਿੰਦਰ ਸਿੰਘ ਮੋਮੀ ਅਮਾਨੀਪੁਰ ਨੇ ਪਹਿਲਾ ਅਤੇ ਦੂਸਰਾ ਇਨਾਮ ਦਿੱਤਾ। ਇਸ ਮੌਕੇ ਪ੍ਰਬੰਧਕ ਕਮੇਟੀ ਜੋਗਾ ਸਿੰਘ ਨੰਬਰਦਾਰ,ਮਾਸਟਰ ਨਰਿੰਦਰ ਸਿੰਘ ਬਾਜਵਾ, ਸਰਪੰਚ ਹਰਮੇਸ਼ ਸਿੰਘ ਗੋਰਾ, ਰਾਜੂ ਮੈਂਬਰ, ਗੁਰਨਾਮ ਸਿੰਘ ਡੋਲਾ, ਬਲਵੀਰ ਸਿੰਘ ਸਾਬਕਾ ਸਰਪੰਚ, ਸਾਹਿਲ ਮੋਮੀ,ਪਵਨਦੀਪਸਿੰਘ, ਸੁੱਖਵਿੰਦਰ ਸਿੰਘ, ਮੰਨੂ ਸ਼ਰਮਾ ਕਪੂਰਥਲਾ, ਪਰਮਿੰਦਰ ਸਿੰਘ ਘੁਮਾਣ,ਕੁਲਵੰਤ ਸਿੰਘ ਸਾਬਕਾ ਸਰਪੰਚ, ਰਜਿੰਦਰ ਸਿੰਘ ਘੁਮਾਣ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਫਰਾਲਾ ਵਿਖੇ ਦੁਸਹਿਰਾ ਮਨਾਇਆ



**ਬੰਗਾ (ਅਵਤਾਰ ਕਲੇਰ)**- ਸਰਬ ਧਰਮ ਮਹਾਂ ਸਭਾ ਫਰਾਲਾ, ਗ੍ਰਾਮ ਪੰਚਾਇਤ,ਐਨ ਆਰ ਆਈ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਦੁਸਹਿਰਾ ਉਤਸਵ ਸੁਆਮੀ ਗਿਆਨਪੁਰੀ ਸਟੇਡੀਅਮ ਫਰਾਲਾ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਗਿਆ। ਕਲਾਕਾਰਾਂ ਨੇ ਰਮਾਇਣ ਦੇ ਪਾਤਰਾਂ ਨੂੰ ਬਾਖੂਬੀ ਨਿਭਾਇਆ । ਰਾਵਣ ਮੇਘਨਾਥ ਅਤੇ ਕੁੰਭਕਰਨ ਦੇ ਪੁਤਲੇ ਫੂਕੇ ਗਏ। ਹਜ਼ਾਰਾਂ ਦੀ ਗਿਣਤੀ 'ਚ ਦਰਸ਼ਕ ਪਹੁੰਚੇ। ਮੁੱਖ ਪ੍ਰਬੰਧਕ ਜੱਸਾ ਮਾਨ ਸਰਪੰਚ ਅਤੇ ਇਕਬਾਲ ਮੁਹੰਮਦ ਸੈਕਟਰੀ ਨੇ ਦਰਸ਼ਕਾਂ ਨੂੰ ਜੀ ਆਇਆਂ ਕਿਹਾ ਅਤੇ ਸਾਰਿਆਂ ਦਾ ਧੰਨਵਾਦ ਕੀਤਾ। ਪ੍ਰਬੰਧਕਾਂ ਵੱਲੋਂ ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਤ ਕੀਤਾ। ਇਸ ਮੌਕੇ ਜੱਸਾ ਮਾਨ ਸਰਪੰਚ, ਬਲਵੀਰ ਸਿੰਘ ਪੰਚ, ਇਕਬਾਲ ਮੁਹੰਮਦ, ਰਾਮ ਮੂਰਤੀ, ਜਸਵਿੰਦਰ ਸਿੰਘ, ਰਾਜੂ ਲੰਬੜ, ਜਰਨੈਲ ਸਿੰਘ, ਪਰਮਜੀਤ, ਡਾ ਵਿੱਕੀ, ਖ਼ੁਸ਼ਵਿੰਦਰ ਸਿੰਘ ਅਟਵਾਲ, ਗੁਰਦਾਵਰ ਸਿੰਘ, ਅਮਰਜੀਤ ਸਿੰਘ, ਸਾਬੀ ਅਟਵਾਲ, ਗੁਰਪ੍ਰੀਤ ਸਿੰਘ ਸਹੋਤਾ, ਡਾ ਕਮਲੇਸ਼ ਤੋਂ ਇਲਾਵਾ ਭਾਰੀ ਗਿਣਤੀ 'ਚ ਦਰਸ਼ਕ ਹਾਜ਼ਰ ਸਨ।

# ਰਾਵੀ ਦਰਿਆ ਤੋਂ ਪਾਰ ਪਿੰਡਾਂ ਦੇ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲਿਆ

**ਜੇਜੋ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਰਾਵੀ ਦਰਿਆ ਤੋਂ ਪਾਰਲੇ ਪਿੰਡਾਂ ਕੱਸੋ ਵਾਹਲਾ, ਅਗਨੀ ਕੱਸੋਵਾਹਲਾ, ਸਹਾਰਨ, ਘਣੀਏ ਕੇ ਬੇਟ, ਪੁਰਾਣਾ ਵਾਹਲਾ, ਲੱਲੂਵਾਲ, ਮਨਸੂਰ ਅਤੇ ਰਸੂਲਪੁਰ ਪਿੰਡਾਂ ਦੀਆਂ ਜ਼ਮੀਨਾਂ ਦੇ ਮਾਲਕਾਂ ਦਾ ਦਰਿਆ ਰਾਵੀ ਦੇ ਹੜ੍ਹ



ਕਾਰਨ ਜ਼ਮੀਨਾਂ ਦੇ ਹੋਏ ਵੱਡੇ ਨੁਕਸਾਨ ਸੰਬੰਧੀ ਸਹਾਇਤਾ ਲਈ ਮਾਹਿਲਪੁਰ ਇਲਾਕੇ ਦੀਆਂ ਸੰਗਤਾਂ ਵਲੋਂ ਯਤਨ ਆਰੰਭ ਕੀਤੇ ਜਾ ਰਹੇ ਹਨ। ਇਸ ਸਬੰਧ ਵਿੱਚ ਹਰਬੰਸ ਸਿੰਘ ਸਰਹਾਲਾ, ਰਸ਼ਪਾਲ ਸਿੰਘ ਪਾਲੀ ਸਰਪੰਚ ਬੱਦੋਵਾਲ, ਸੁਰਜੀਤ ਸਿੰਘ ਖਾਨਪੁਰੀ ਸਾਬਕਾ ਸਰਪੰਚ ਖਾਨਪੁਰ, ਬਲਵਿੰਦਰ ਸਿੰਘ ਸਰਪੰਚ, ਮਲਵਿੰਦਰ ਸਿੰਘ, ਇੰਦਰਪਾਲ ਸਿੰਘ, ਹਰਵੀਰ ਸਿੰਘ ਗੋਦਪੁਰ, ਗੁਰਦੇਵ ਸਿੰਘ ਸਰਪੰਚ, ਭਾਈ ਬਲਬੀਰ ਸਿੰਘ ਖ਼ਾਲਸਾ, ਖੁਸ਼ਵੰਤ ਸਿੰਘ,ਰਣਜੀਤ ਸਿੰਘ ਲੱਡੂ, ਰਨਿੰਦਰ ਸਿੰਘ ਮਨੋਲੀਆ ਆਦਿ ਸੱਜਣ ਇਨ੍ਹਾਂ ਪਿੰਡਾਂ ਵਿੱਚ ਖੁਦ ਜਾ ਕੇ ਸਾਰੇ ਹਾਲਾਤ ਦਾ ਜਾਇਜ਼ਾ ਲੈ ਕੇ ਆਏ ਹਨ। ਗੱਲਬਾਤ ਕਰਦਿਆ ਇਹਨਾਂ ਸਾਥੀਆਂ ਨੇ ਦੱਸਿਆ ਕਿ ਉੱਥੇ ਜਾ ਕੇ ਪਤਾ ਲੱਗਾ ਕਿ ਇਨ੍ਹਾਂ ਪਿੰਡ ਵਾਲਿਆਂ ਦੀਆਂ ਜ਼ਮੀਨਾਂ ਪੂਰੀ ਤਰ੍ਹਾਂ ਰੁੜ੍ਹ ਚੁੱਕੀਆਂ ਹਨ ਤੇ ਹਾਲੇ ਤੱਕ ਕੋਈ ਵੀ ਸਰਕਾਰੀ ਅਧਿਕਾਰੀ ਸਹਾਇਤਾ ਜਾਂ ਹੋਏ ਉਜਾੜੇ ਸੰਬੰਧੀ ਨਿਰੀਖਣ ਕਰਨ ਲਈ ਨਹੀਂ ਪਹੁੰਚਿਆ। ਮੌਕੇ 'ਤੇ ਪਿੰਡ ਵਾਲਿਆਂ ਨੇ ਇਹ ਵੀ ਦੱਸਿਆ ਕਿ ਕੁਝ ਪਿੰਡ ਹੜ੍ਹ ਦੇ ਪਾਣੀ ਆਉਣ ਕਾਰਨ ਸੋਸ਼ਲ ਮੀਡੀਆ ਉੱਪਰ ਪੈਂਦੀਆਂ ਪੋਸਟਾਂ ਕਾਰਨ ਸੁਰਖੀਆਂ ਵਿੱਚ ਆ ਗਏ ਸਨ ਜਦ ਕਿ ਉਨ੍ਹਾਂ ਪਿੰਡਾਂ ਨਾਲੋਂ ਕਿਤੇ ਜ਼ਿਆਦਾ ਦਰਿਆਓਂ ਪਾਰਲੇ ਪਿੰਡਾਂ ਦਾ ਨੁਕਸਾਨ ਹੋਇਆ ਹੈ। ਜਿੱਥੇ ਕਿ ਰਾਹਤ ਕਾਰਜਾਂ ਦੀ ਵੱਡੇ ਪੱਧਰ ਦੀ ਲੋੜ ਹੈ।

# ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ : ਸਿਹਤ ਕਾਮਿਆਂ ਨੇ ਵੱਖ-ਵੱਖ ਥਾਈਂ ਕੀਤੀ ਚੈਕਿੰਗ

**ਮੋਹਾਲੀ (ਗੁਰਜੀਤ ਬਿੱਲਾ)** 'ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਜਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਨੇ ਜਿਲ੍ਹੇ ਦੇ ਵੱਖ ਵੱਖ ਸਥਾਨਾਂ 'ਤੇ ਚੈਕਿੰਗ ਕੀਤੀ।ਸਿਵਲ ਸਰਜਨ ਡਾ. ਸੰਗੀਤਾ ਜੈਨ ਅਤੇ ਜਿਲ੍ਹਾ ਐਪੀਡੀਮੋਲੋਜਿਸਟ ਡਾ. ਅਨਾਮਿਕਾ ਸੋਨੀ ਨੇ ਦਸਿਆ ਕਿ ਜਿਲ੍ਹੇ ਦੇ ਸੀਨੀਅਰ ਸਿਹਤ ਅਧਿਕਾਰੀਆਂ ਦੀ ਅਗਵਾਈ ਹੇਠ ਸਿਹਤ ਵਰਕਰਾਂ, ਆਸ਼ਾ ਵਰਕਰਾਂ, ਨਰਸਿੰਗ ਕਾਲਜਾਂ ਦੇ ਵਿਦਿਆਰਥੀਆਂ ਨੇ ਡੇਂਗੂ ਬੁਖ਼ਾਰ ਲਈ ਜ਼ਿੰਮੇਵਾਰ ਮੱਛਰ ਦਾ ਲਾਰਵਾ ਲੱਭਣ ਲਈ ਕੰਟੇਨਰ ਚੈੱਕ ਕੀਤੇ ਅਤੇ ਮੱਛਰ ਦੀ ਪੈਦਾਇਸ਼ ਵਾਲੀਆਂ ਹੋਰ ਸੰਭਾਵੀ ਥਾਵਾਂ ਦਾ ਨਿਰੀਖਣ ਕੀਤਾ। ਮੌਕੇ 'ਤੇ ਮੌਜੂਦ ਲੋਕਾਂ ਨੂੰ ਨੂੰ ਡੇਂਗੂ ਬੁਖ਼ਾਰ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਵੀ ਵਿਸਥਾਰਪੂਰਵਕ ਸਮਝਾਇਆ। ਨਿਰੀਖਣ ਟੀਮਾਂ ਵਿਚ ਖ਼ਾਸ ਤੌਰ 'ਤੇ ਪੇਂਡੂ ਸਿਹਤ ਸਫ਼ਾਈ ਕਮੇਟੀਆਂ ਅਤੇ ਰੈਜ਼ੀਡੈਂਟਸ ਵੈਲਫ਼ੇਅਰ ਐਸੋਸੀਏਸ਼ਨਾਂ ਦੇ ਮੈਂਬਰਾਂ ਨੂੰ ਸ਼ਾਮਲ ਕੀਤਾ ਗਿਆ। ਸਿਵਲ ਸਰਜਨ ਨੇ ਦਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ 'ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ' ਮੁਹਿੰਮ ਸਾਰੇ ਜ਼ਿਲ੍ਹੇ ਵਿਚ ਜ਼ੋਰਸ਼ੋਰ ਨਾਲ ਚੱਲ ਰਹੀ ਹੈ।ਅਧਿਕਾਰੀਆਂ ਸਮੇਤ ਹੋਰ ਸਟਾਫ਼ ਜਿਥੇ ਘਰ ਘਰ ਜਾ ਕੇ ਸਰਵੇਖਣ ਕਰ ਰਹੇ ਹਨ, ਉਥੇ ਚਾਲਾਨ ਕੱਟਣ ਦੀ ਕਾਰਵਾਈ ਵੀ ਕੀਤੀ ਜਾ ਰਹੀ



ਹੈ। ਸਰਵੇ ਦੌਰਾਨ ਕੰਟੇਨਰ, ਗਮਲੇ, ਕੂਲਰ, ਫ਼ਰਿੱਜ, ਬਕਸੇ ਅਤੇ ਹੋਰ ਸਮਾਨ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਡੇਂਗੂ ਤੋਂ ਬਚਣ ਦਾ ਇਕੋ ਇਕ ਕਾਰਗਰ ਤਰੀਕਾ ਹੈ ਕਿ ਕਿਸੇ ਵੀ ਥਾਂ 'ਤੇ ਪਾਣੀ ਖੜਾ ਨਾ ਹੋਣ ਦਿਤਾ ਜਾਵੇ। ਡਾ. ਜੈਨ ਨੇ ਦਸਿਆ ਕਿ ਡੇਂਗੂ ਬੁਖ਼ਾਰ ਫੈਲਾਉਣ ਵਾਲੇ ਮੱਛਰ ਦਾ ਲਾਰਵਾ ਕੁੱਝ ਦਿਨਾਂ ਵਿਚ ਖ਼ਤਰਨਾਕ ਮੱਛਰ ਦਾ ਰੂਪ ਲੈ ਲੈਂਦਾ ਹੈ ਜਿਹੜਾ ਵਿਅਕਤੀ ਦੀ ਜਾਨ ਵੀ ਲੈ ਸਕਦਾ ਹੈ। ਉਨ੍ਹਾਂ ਕਿਹਾ ਕਿ ਡੇਂਗੂ ਬੁਖ਼ਾਰ ਹੋਣ ਦਾ ਕੋਈ ਪੱਕਾ ਮੌਸਮ ਨਹੀਂ ਪਰ ਆਮ ਤੌਰ 'ਤੇ ਇਹ ਬੁਖ਼ਾਰ ਜੁਲਾਈ ਤੋਂ ਲੈ ਕੇ ਨਵੰਬਰ ਅਖ਼ੀਰ ਤਕ ਜ਼ਿਆਦਾ ਹੁੰਦਾ ਹੈ। ਡੇਂਗੂ ਬੁਖ਼ਾਰ ਫੈਲਾਉਣ ਵਾਲਾ ਮੱਛਰ ਦਿਨ ਵੇਲੇ ਕੱਟਦਾ ਹੈ ਅਤੇ ਸਾਫ਼ ਪਾਣੀ ਵਿਚ ਪੈਦਾ ਹੁੰਦਾ ਹੈ। ਸਰਕਾਰੀ ਸਿਹਤ ਸੰਸਥਾਵਾਂ ਵਿਚ ਡੇਂਗੂ ਦੀ ਜਾਂਚ ਅਤੇ ਇਲਾਜ ਮੁਫ਼ਤ ਹੁੰਦਾ ਹੈ। ਜਾਣਕਾਰੀ ਲਈ ਸਿਹਤ ਵਿਭਾਗ ਦੀ ਹੈਲਪਲਾਈਨ ਨੰਬਰ 104 'ਤੇ ਸੰਪਰਕ ਕੀਤਾ ਜਾ ਸਕਦਾ ਹੈ।ਡੇਂਗੂ ਇਕ ਬੁਖ਼ਾਰ ਹੈ ਜੋ ਏਡੀਜ਼ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਡੇਂਗੂ ਦੇ ਆਮ ਲੱਛਣਾਂ ਵਿਚ ਤੇਜ਼ ਸਿਰਦਰਦ ਅਤੇ ਤੇਜ਼ ਬੁਖ਼ਾਰ, ਮਾਸਪੇਸ਼ੀਆਂ ਅਤੇ ਜੋੜਾਂ ਵਿਚ ਦਰਦ, ਅੱਖ ਦੇ ਪਿਛਲੇ ਹਿੱਸੇ ਵਿਚ ਦਰਦ, ਹਾਲਤ ਖ਼ਰਾਬ ਹੋਣ 'ਤੇ ਨੱਕ, ਮੂੰਹ ਅਤੇ ਮਸੂੜਿਆਂ ਵਿਚੋਂ ਖ਼ੂਨ ਵਗਣਾ, ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣਾ ਆਦਿ ਸ਼ਾਮਲ ਹਨ।

# ਸ਼ਰਾਰਤੀ ਲੋਕਾਂ ਨੇ ਪੁਲ ਦਾ ਨੀਂਹ ਪੱਥਰ ਤੋੜਿਆ

**ਭਲਾਣ (ਹਰਭਜਨ ਢਿੱਲੋ)**- ਤਹਿਸੀਲ ਨੰਗਲ ਦੇ ਅਧੀਨ ਆਉਂਦੇ ਪਿੰਡ ਭੱਲੜੀ ਵਿਖੇ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਪੰਜਾਬ ਸਰਕਾਰ ਵੱਲੋਂ ਬੀਤੇ ਕੱਲ ਭੱਲੜੀ ਤੋਂ ਮਹਿੰਦਪੁਰ, ਖੇੜਾ ਕਲਮੋਟ ਸਵਾਂ ਨਦੀ ਉੱਪਰ ਬਣਨ ਵਾਲੇ ਨਵੇਂ ਪੁਲ ਦਾ ਨੇ ਪੱਥਰ ਰੱਖਿਆ ਗਿਆ ਸੀ।



ਪਰ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਰੱਖੇ ਗਏ ਨੀਂਹ ਪੱਥਰ ਨੂੰ ਰਾਤ ਦੇ ਸਮੇਂ ਤੋੜ ਦਿੱਤਾ ਗਿਆ ਹੈ। ਇਸ ਸਬੰਧੀ ਵੱਖ-ਵੱਖ ਪਿੰਡਾਂ ਦੇ ਲੋਕਾਂ ਨੇ ਕਿਹਾ ਕਿ ਇਹ ਸ਼ਰਾਰਤੀ ਅਨਸਰਾਂ ਵੱਲੋਂ ਕੀਤਾ ਗਿਆ ਕਾਰਾ ਬਹੁਤ ਹੀ ਨਿੰਦਣਯੋਗ ਹੈ। ਪਿੰਡਾਂ ਦੇ ਲੋਕਾਂ ਵਿੱਚ ਗੁੱਸੇ ਦੀ ਲਹਿਰ ਦੇਖਣ ਨੂੰ ਮਿਲ ਰਹੀ ਹੈ। ਪਿੰਡ ਵਾਸੀਆਂ ਅਤੇ ਇਲਾਕਾ ਨਿਵਾਸੀਆਂ ਵੱਲੋਂ ਪੁਲਿਸ ਪ੍ਰਸ਼ਾਸਨ ਨੂੰ ਅਪੀਲ ਕੀਤੀ ਗਈ ਹੈ, ਕੀ ਜਿਹੜੇ ਵੀ ਸ਼ਰਾਰਤੀ ਅਨਸਰਾਂ ਨੇ ਇਹ ਘਿਨਾਉਣੀ ਹਰਕਤ ਕੀਤੀ ਹੈ। ਇਸ ਦੀ ਬਰੀਕੀ ਨਾਲ ਜਾਂਚ ਕੀਤੀ ਜਾਵੇ ਅਤੇ ਉਹਨਾਂ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕਰਕੇ ਸਜ਼ਾ ਦਵਾਈ ਜਾਵੇ।

# ਹਰਜੋਤ ਬੈਂਸ ਨੇ 35.48 ਕਰੋੜ ਦੀ ਲਾਗਤ ਨਾਲ ਬਣਨ ਵਾਲੇ ਪੁਲ ਦਾ ਰੱਖਿਆ ਨੀਂਹ ਪੱਥਰ

## ● ਅੱਜ ਕਲਿੱਤਰਾਂ ਤੇ, 7 ਨੂੰ ਬੇਲਾ ਧਿਆਨੀ ਵਿਚ ਪੁਲਾਂ ਦੇ ਰੱਖਾਂਗੇ ਨੀਂਹ ਪੱਥਰ : ਕੈਬਨਿਟ ਮੰਤਰੀ

**ਨੰਗਲ (ਸੁਰਜੀਤ ਸਿੰਘ)**- ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਨੇ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਦੂਰ ਦੁਰਾਡੇ ਪਿੰਡਾ ਦੇ ਲੋਕਾਂ ਨੂੰ ਕਰੋੜਾਂ ਰੁਪਏ ਦੇ ਪੁਲਾਂ ਦੀ ਸੋਗਾਤ ਦੇਣ ਮੌਕੇ ਆਪਣੇ ਵਿਰੋਧੀਆਂ ਨੂੰ ਰਗੜੇ ਲਗਾਉਂਦੇ ਹੋਏ ਕਿਹਾ ਕਿ ਅਗਲੇ ਇੱਕ ਸਾਲ ਵਿੱਚ ਇਸ ਹਲਕੇ ਦਾ ਵਿਕਾਸ ਦਾ ਹਰ ਵਾਅਦਾ ਪੂਰਾ ਕਰਕੇ ਹੀ ਮੈਂ ਤੁਹਾਡੀ ਕਚਹਿਰੀ ਵਿਚ ਆਵਾਗਾਂ ਅਤੇ ਕਦੇ ਵੀ ਇਹ ਦਾਅਵਾ ਨਹੀ ਕਰਾਗਾਂ ਕਿ ਮੈਂ ਹੜ੍ਹਾਂ ਦੌਰਾਨ ਤੁਹਾਡੇ ਲਈ ਕੋਈ ਮਿਸਾਲੀ ਸੇਵਾ ਕੀਤੀ ਹੈ, ਇਹ ਮੇਰਾ ਫਰਜ਼ ਸੀ। ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸੂਚਨਾ ਤੇ ਲੋਕ ਸੰਪਰਕ ਵਿਭਾਗ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ ਵਿਭਾਗ ਨੇ ਪਿੰਡ ਭੱਲੜੀ ਨੇੜੇ ਸਵਾਂ ਨਦੀ ਵਿਖੇ ਕਰੋੜਾਂ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਨਵੇਂ ਪੁੱਲ ਭੱਲੜੀ ਤੋਂ ਮਹਿੰਦਪੁਰ-ਖੇੜਾ ਕਲਮੋਟ ਤੱਕ ਦਾ ਕੰਮ ਇਲਾਕੇ ਦੇ ਪਤਵੰਤੇ ਲੋਕਾਂ ਦੀ ਹਾਜ਼ਰੀ ਵਿਚ ਸ਼ੁਰੂ ਕਰਵਾਇਆ। ਉਨ੍ਹਾਂ ਨੇ ਕਿਹਾ ਕਿ ਖੇੜਾ ਕਲਮੋਟ, ਭੰਗਲਾ, ਮਜਾਰੀ ਸਮੇਤ ਸਰਹੱਦੀ ਇਲਾਕਿਆਂ ਨੂੰ ਜੋੜਨ ਲਈ 511 ਮੀਟਰ ਲੰਬਾ ਪੁਲ 35.48 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਹੈ। ਕਲਿੱਤਰਾਂ



ਤੋਂ ਪਲਾਸੀ ਤੱਕ 333 ਮੀਟਰ ਲੰਬੇ ਪੁਲ 'ਤੇ 20 ਕਰੋੜ ਰੁਪਏ ਖਰਚੇ ਜਾਣਗੇ ਜਿਸ ਦੇ ਕੰਮ ਦੀ ਸ਼ੁਰੂਆਤ ਅੱਜ ਹੋਵੇਗੀ। ਬੇਲਾਧਿਆਨੀ ਤੋਂ ਪਲਾਸੀ ਤੱਕ 180 ਮੀਟਰ ਪੁਲ ਤੇ 12 ਕਰੋੜ ਰੁਪਏ ਨਾਲ ਪੁਲ ਬਣਾਇਆ ਜਾਵੇਗਾ, ਜਿਸ ਦੀ ਸ਼ੁਰੂਆਤ ਮਹਾਰਿਸ਼ੀ ਵਾਲਮੀਕਿ ਜੈਯੰਤੀ ਮੌਕੇ 7 ਅਕਤੂਬਰ ਨੂੰ ਹੋਵੇਗੀ। ਸ੍ਰੀ ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ, ਨੰਗਲ ਦੀਆਂ ਅਨਾਜ ਮੰਡੀਆਂ ਵਿੱਚ ਕਿਸਾਨਾਂ ਦੀ ਸਹੂਲਤ ਲਈ ਸ਼ੈਡ ਬਣਾਏ ਜਾ ਰਹੇ ਹਨ। ਇਸ ਤੋਂ ਇਲਾਵਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਮਲਟੀਸਪੈਸ਼ਿਲਟੀ ਪਾਰਕ ਵਿੱਚ ਖੇਡਾਂ ਲਈ 8-10 ਗੇਮਾਂ ਦੀਆਂ ਸਹੂਲਤਾਂ ਬਣ ਰਹੀਆਂ ਹਨ, ਜੋ 20-25 ਪਿੰਡਾਂ ਦੇ ਬੱਚਿਆਂ ਨੂੰ ਸਮਰਪਿਤ ਹੋਵੇਗਾ। ਬੈਂਸ ਨੇ ਕਿਹਾ ਕਿ ਸਵਾਂ ਦਰਿਆ ਦੀ ਚੈਨੇਲਾਈਜੇਸ਼ਨ ਲਈ 1000 ਕਰੋੜ ਰੁਪਏ ਦਾ ਪ੍ਰੋਜੈਕਟ ਬਣਾਇਆ ਗਿਆ ਹੈ, ਜਿਸ ਨਾਲ ਟੂਰਿਜ਼ਮ ਦੇ ਨਵੇਂ ਕੇਂਦਰ ਵਿਕਸਿਤ ਹੋਣਗੇ। 25 ਨਵੇਂ ਖੇਡ ਮੈਦਾਨ ਵੀ ਬਣਾਏ ਜਾਣਗੇ। ਇਸ ਮੌਕੇ ਡਾ.ਸੰਜੀਵ ਗੌਤਮ ਜਿਲ੍ਹਾ ਪ੍ਰਧਾਨ, ਜਸਵਿੰਦਰ ਬਿੰਦੀ ਬਲਾਕ ਪ੍ਰਧਾਨ, ਰਾਕੇਸ਼ ਭੱਲੜੀ ਬਲਾਕ ਪ੍ਰਧਾਨ, ਰਾਕੇਸ਼ ਮਹਿਲਵਾ ਚੇਅਰਮੈਨ, ਪ੍ਰਿੰਸੀਪਲ ਗੁਰਨਾਮ ਸਿੰਘ ਭੱਲੜੀ, ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਪੰਮੂ ਢਿੱਲੋ ਸਰਪੰਚ, ਜਸਪਾਲ ਸਿੰਘ ਢਾਹੇ ਸਰਪੰਚ, ਤਰਸੇਮ ਸਿੰਘ ਬਲਾਕ ਪ੍ਰਧਾਨ,ਸ਼ਿਵ ਕੁਮਾਰ ਮਜਾਰੀ , ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ, ਐਡ.ਨਿਸ਼ਾਤ ਗੁਪਤਾ ਪਿੰਡਾਂ ਦੇ ਪੰਚ ਤੇ ਸਰਪੰਚ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਸਵੱਛਤਾ ਅਭਿਆਨ ਮਨਾਇਆ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਡਾ. ਬੀ. ਆਰ. ਅੰਬੇਡਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼, ਮੋਹਾਲੀ ਨੇ ਅਧਿਆਪਨ ਫੈਕਲਟੀ, ਸਟਾਫ਼ ਅਤੇ ਵਿਦਿਆਰਥੀਆਂ ਦੀ ਭਾਗੀਦਾਰੀ ਨਾਲ ਸਵੱਛਤਾ ਅਭਿਆਨ ਮਨਾਇਆ। ਇਸ ਦਿਨ ਟੀਮ-ਅਧਾਰਤ ਸਫਾਈ ਮੁਹਿੰਮਾਂ ਚਲਾਈਆਂ ਗਈਆਂ, ਜਿੱਥੇ ਵੱਖ-ਵੱਖ ਸਮੂਹਾਂ ਨੇ ਕੈਂਪਸ ਅਤੇ ਇਸ ਦੇ ਆਲੇ ਦੁਆਲੇ ਦੇ ਖੇਤਰਾਂ ਚ ਸਫਾਈ ਦੀ ਜ਼ਿੰਮੇਵਾਰੀ ਲਈ। ਸਮੂਹਿਕ ਯਤਨਾਂ ਦੇ ਦ੍ਰਿਸ਼ਟੀਗਤ ਪ੍ਰਭਾਵ ਨੂੰ ਉਜਾਗਰ ਕਰਨ ਲਈ ਪੂਰਵ-ਸਫ਼ਾਈ ਅਤੇ ਸਫਾਈ ਤੋਂ ਬਾਅਦ ਦਾ ਮੁਲਾਂਕਣ ਕੀਤਾ ਗਿਆ।



ਵਿਦਿਆਰਥੀਆਂ ਦੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਲਈ, 'ਸਭ ਤੋਂ ਸਾਫ਼ ਕਮਰਾ ਮੁਕਾਬਲਾ' ਆਯੋਜਿਤ ਕੀਤਾ ਗਿਆ। ਕੁੜੀਆਂ ਦੇ ਵਰਗ ਵਿੱਚ, ਤਨੁਸ਼੍ਰੀ, ਵਾਨਿਆ ਅਤੇ ਮੇਧਾ ਨੇ ਪਹਿਲਾ ਇਨਾਮ ਜਿੱਤਿਆ, ਜਦੋਂ ਕਿ ਮੁੰਡਿਆਂ ਦੇ ਵਰਗ ਵਿੱਚ, ਤਰੁਣ, ਸਹਿਨੂਰ ਅਤੇ ਅਨਿਰੁੱਧ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇੱਕ ਸ਼ਾਨਦਾਰ ਮਿਸਾਲ ਪੇਸ਼ ਕਰਦੇ ਹੋਏ, ਡਾਇਰੈਕਟਰ ਪ੍ਰਿੰਸੀਪਲ, ਪ੍ਰੋ. (ਡਾ.) ਭਵਨੀਤ ਭਾਰਤੀ, ਨਿੱਜੀ ਤੌਰ 'ਤੇ ਕਾਲਜ ਅਤੇ ਆਲੇ ਦੁਆਲੇ ਦੇ ਖੇਤਰਾਂ ਦੀ ਸਫਾਈ ਵਿੱਚ ਵਿਦਿਆਰਥੀਆਂ ਨਾਲ ਸ਼ਾਮਲ ਹੋਏ, ਅਤੇ ਇਸ ਸੰਦੇਸ਼ ਨੂੰ ਅਮਲੀ ਜਾਮਾ ਪਹਿਨਾਇਆ ਕਿ ਸੱਚੀ ਲੀਡਰਸ਼ਿਪ ਭਾਵਨਾ ਕੰਮ ਕਰਕੇ ਦਿਖਾਉਣ ਵਿੱਚ ਹੈ। ਪ੍ਰੋਗਰਾਮ ਦੇ ਅੰਤ ਵਿੱਚ ਸਾਰੇ ਭਾਗੀਦਾਰਾਂ ਨੇ ਸਵੱਛਤਾ ਦੀ ਸਹੁੰ ਚੁੱਕੀ, ਸਫਾਈ ਬਣਾਈ ਰੱਖਣ ਅਤੇ ਕੈਂਪਸ ਤੋਂ ਬਾਹਰ ਜਾਗਰੂਕਤਾ ਫੈਲਾਉਣ ਦੀ ਆਪਣੀ ਜ਼ਿੰਮੇਵਾਰੀ ਦਾ ਅਹਿਦ ਲਿਆ। ਇਹ ਪ੍ਰੋਗਰਾਮ ਸਮੂਹਿਕ ਸੰਦੇਸ਼ 'ਸਵੱਛ ਕੈਂਪਸ, ਸਿਹਤਮੰਦ ਕੈਂਪਸ' ਨਾਲ ਸਮਾਪਤ ਹੋਇਆ।

# ਨੂਰਮਹਿਲ 'ਚ ਦੁਸਹਿਰੇ ਦਾ ਤਿਉਹਾਰ ਮਨਾਇਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਨੂਰਮਹਿਲ ਵਿਖੇ ਰਾਮਾ ਡਰਾਮਾਟਿਕ ਕਲੱਬ, ਰਾਮ ਲੀਲ੍ਹਾ ਕਮੇਟੀ, ਸ਼ਹਿਰ ਨਿਵਾਸੀਆਂ, ਇਲਾਕਾ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਦੁਸਹਿਰੇ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਹਲਕਾ ਨਕੋਦਰ ਦੇ ਵਿਧਾਇਕ ਬੀਬੀ ਇੰਦਰਜੀਤ ਕੌਰ ਮਾਨ, ਸਾਬਕਾ ਐਮ ਐਲ ਏ ਗੁਰਪ੍ਰਤਾਪ ਸਿੰਘ ਵਡਾਲਾ, ਡਾਕਟਰ ਨਵਜੋਤ ਸਿੰਘ ਦਾਹੀਆ, ਰਾਜਾ ਅਟਵਾਲ, ਨਗਰ ਕੌਂਸਲ ਨੂਰਮਹਿਲ ਦੇ ਪ੍ਰਧਾਨ ਬੀਬੀ ਹਰਦੀਪ ਕੌਰ ਜੌਹਲ ਹਾਜ਼ਰ ਹੋਏ ਤੇ ਸ਼ਹਿਰ ਵਾਸੀਆਂ ਅਤੇ ਇਲਾਕਾ ਨਿਵਾਸੀਆਂ ਨੂੰ ਮੁਬਾਰਕਾਂ ਦਿੱਤੀਆਂ। ਇਸ ਸਮੇਂ ਮਾਰਕੀਟ ਕਮੇਟੀ ਨੂਰਮਹਿਲ ਦੇ



ਚੇਅਰਮੈਨ ਲਖਵਿੰਦਰ ਸਿੰਘ ਛੀਰ, ਮਾਰਕੀਟ ਕਮੇਟੀ ਨਕੋਦਰ ਦੇ ਚੇਅਰਮੈਨ ਕਰਨੈਲ ਰਾਮ ਬਾਲੂ, ਰਾਮ ਲੀਲ੍ਹਾ ਕਮੇਟੀ ਦੇ ਪ੍ਰਧਾਨ ਜੰਗ ਬਹਾਦਰ ਕੋਹਲੀ, ਗੌਤਮ ਸ਼ਰਮਾ ਵੀ ਹਾਜ਼ਰ ਸਨ। ਸਟੇਜ ਦੀ ਭੂਮਿਕਾ ਰਜਿੰਦਰ ਕੁਮਾਰ ਕਾਲੜਾ ਨੇ ਨਿਭਾਈ। ਕੌਂਸਲਰ ਦੀਪਕ ਕੁਮਾਰ ਦੀਪੂ, ਕੌਂਸਲਰ ਰਾਜਾ ਮਿਸ਼ਰ, ਪ੍ਰਮੋਦ ਕੁਮਾਰ ਸੇਖੜੀ, ਅੰਕਲ ਸੁਰਿੰਦਰ ਸ਼ਰਮਾ, ਟੋਨੀ ਖੋਸਲਾ, ਸੰਦੀਪ ਅਰੋੜਾ, ਭੂਸ਼ਨ ਸ਼ਰਮਾ, ਰਾਜ ਕੁਮਾਰ ਮੇਹਨ ਅਤੇ ਹੋਰ ਕਮੇਟੀ ਮੈਂਬਰ ਅਤੇ ਸ਼ਹਿਰ ਵਾਸੀ ਹਾਜ਼ਰ ਸਨ।

## ਮੰਡੀਆਂ 'ਚ ਕਿਸਾਨਾਂ, ਆੜ੍ਹਤੀਆਂ ਤੇ ਸ਼ੈਲਰ ਮਾਲਕਾਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ : ਰਣਜੋਧ ਹਡਾਣਾ



**ਦੇਵੀਗੜ੍ਹ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਵਿਧਾਨ ਸਭਾ ਹਲਕਾ ਸਨੌਰ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਤੇ ਪੀ ਆਰ ਟੀ ਸੀ ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਵਿਧਾਨ ਸਭਾ ਹਲਕਾ ਸਨੌਰ ਦੀਆਂ ਮੰਡੀਆਂ ਪੁਰ ਮੰਡੀ, ਸਨੌਰੀ ਮੰਡੀ, ਮਰਦਾਂਹੇੜੀ, ਪੰਜੋਲਾ, ਬਲਬੇੜਾ ਤੇ ਭੁਨਰਹੇੜੀ ਦਾ ਦੌਰਾ ਕਰਕੇ ਝੋਨੇ ਦੇ ਖ਼ਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ।ਇਸ ਮੌਕੇ ਭੁਨਰਹੇੜੀ ਮੰਡੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ, ਆੜ੍ਹਤੀਆਂ ਤੇ ਸ਼ੈਲਰ ਮਾਲਕਾਂ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਲਕੇ ਅੰਦਰ ਹੜ੍ਹਾਂ ਕਾਰਨ ਨੁਕਸਾਨੀ ਝੋਨੇ ਦੀ ਫ਼ਸਲ ਦੀ ਗਿਰਦਾਵਰੀ ਹੋ ਚੁੱਕੀ ਹੈ ਤੇ ਜਲਦ ਹੀ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦਾ ਸਰਕਾਰ ਵੱਲੋਂ ਮੁਆਵਜ਼ਾ ਦਿੱਤਾ ਜਾਵੇਗਾ।ਇਸ ਮੌਕੇ ਰਣਜੋਧ ਸਿੰਘ ਹਡਾਣਾ ਨੂੰ ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਤੇ ਐਸੋ. ਦੇ ਸੂਬਾ ਸਕੱਤਰ ਤੇ ਭੁਨਰਹੇੜੀ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਪ੍ਰਿਥੀਪਾਲ ਸਿੰਘ ਧਾਂਦੀਆਂ ਦੀ ਅਗਵਾਈ ਹੇਠ ਸਨਮਾਨਤ ਕੀਤਾ ਗਿਆ।ਇਸ ਮੌਕੇ ਹਡਾਣਾ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਝੋਨੇ ਦੇ ਨਾੜ ਨੂੰ ਅੱਗ ਲਾਉਣ ਤੋਂ ਗੁਰੇਜ਼ ਕਰਨ ਅਤੇ ਪੱਕਾ ਤੇ ਸੁੱਕਾ ਝੋਨਾ ਵੇਚਣ ਲਈ ਮੰਡੀਆਂ ਵਿੱਚ ਲੈ ਕੇ ਆਉਣ।ਹਡਾਣਾ ਨੇ ਕਿਸਾਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਮੰਡੀਆਂ 'ਚ ਉਨ੍ਹਾਂ ਨੂੰ ਕਿਸੇ ਕਿਸਮ ਦੀ ਵੀ ਮੁਸ਼ਕਲ ਪੇਸ਼ ਆਉਣ ਨਹੀਂ ਦਿੱਤੀ ਜਾਵੇਗੀ।ਇਸ ਮੌਕੇ ਆੜ੍ਹਤੀਆ ਐਸ. ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਤੇ ਪ੍ਰਿਥੀਪਾਲ ਸਿੰਘ ਧਾਂਦੀਆਂ, ਕਿਸਾਨ ਆਗੂ ਬੂਟਾ ਸਿੰਘ ਸ਼ਾਦੀਪੁਰ, ਨਗਰ ਕੌਂਸਲ ਸਨੌਰ ਦੇ ਪ੍ਰਧਾਨ ਪ੍ਰਦੀਪ ਜੋਸ਼ਨ, ਗੁਰਮੇਜ ਸਿੰਘ, ਤਰਸੇਮ ਕੰਸਲ ਦਰਸ਼ਨ ਸਿੰਘ, ਆਪ ਆਗੂ ਹਰਪ੍ਰੀਤ ਸਿੰਘ ਘੁੰਮਣ, ਭੁਪਿੰਦਰ ਸਿੰਘ ਸੁੰਦਰ ਸਿੰਘ ਵਾਲਾ, ਰਾਜਾ ਧੰਜੂ, ਦੀਪਾਂਸੂ ਸਨੌਰ, ਪਨਸਪ ਇੰਸਪੈਕਟਰ ਜਗਵਿੰਦਰ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਹਾਜ਼ਰ ਸਨ।

# ਅੰਤਰਰਾਸ਼ਟਰੀ ਸੀਨੀਅਰ ਸਿਟੀਜ਼ਨ ਦਿਹਾੜਾ ਧੂਮਧਾਮ ਨਾਲ ਮਨਾਇਆ



**ਜਗਰਾਉਂ (ਅਮਿਤ ਖੰਨਾ)**-ਸੀਨੀਅਰ ਸਿਟੀਜ਼ਨ ਵੈੱਲਫੇਅਰ ਫੋਰਮ ਜਗਰਾਉਂ ਨੇ ਇਥੇ ਫਾਈਵ ਸਟਾਰ ਹੋਟਲ ਵਿਖੇ ਪ੍ਰਧਾਨ ਮਦਨ ਲਾਲ ਬਾਂਸਲ ਦੀ ਪ੍ਰਧਾਨਗੀ ਹੇਠ ਅੰਤਰਰਾਸ਼ਟਰੀ ਸੀਨੀਅਰ ਸਿਟੀਜ਼ਨ ਦਿਹਾੜਾ ਆਪਣੇ ਪਰਵਾਰਾਂ ਸਮੇਤ ਬੜੀ ਧੂਮਧਾਮ ਨਾਲ ਮਨਾਇਆ। ਪ੍ਰੋਗ੍ਰਾਮ ਦੀ ਸ਼ੁਰੂਆਤ ਰਾਸ਼ਟਰੀ ਗੀਤ ਨਾਲ ਹੋਈ।ਪ੍ਰਧਾਨ ਮਦਨ ਲਾਲ ਬਾਂਸਲ ਨੇ ਆਏ ਹੋਏ ਸਾਰੇ ਮੈਂਬਰ ਤੇ ਪਰਵਾਰਾਂ ਨੂੰ ਇਸ ਸ਼ੁੱਭ ਦਿਹਾੜੇ ਦੀ ਵਧਾਈ ਦਿੰਦਿਆਂ ਸਾਰੇ ਮੈਂਬਰਾਂ ਦਾ ਨਿੱਘਾ ਸੁਆਗਤ ਕੀਤਾ।ਫੋਰਮ ਦੇ ਸਕੱਤਰ ਸ਼ਸ਼ੀ ਭੂਸ਼ਣ ਜੈਨ ਮੈਂਬਰਾਂ ਦੁਆਰਾ ਪੇਸ਼ ਕੀਤੇ ਜਾਣ ਵਾਲੇ ਰੰਗਾਰੰਗ ਪ੍ਰੋਗ੍ਰਾਮ ਦੀ ਸ਼ੁਰੂਆਤ ਕਰਦਿਆਂ ਸਾਰੇ ਮੈਂਬਰਾਂ ਨੂੰ ਜੀ ਆਇਆਂ ਆਖਿਆ।ਉਨ੍ਹਾਂ ਅੰਤਰਰਾਸ਼ਟਰੀ ਬਜ਼ੁਰਗ ਦਿਹਾੜੇ ਦੀ ਮਹੱਤਤਾ ਬਾਰੇ ਜ਼ਿਕਰ ਕਰਦਿਆਂ ਦੱਸਿਆ ਕਿ ਸੰਯੁਕਤ ਰਾਸ਼ਟਰ ਮਹਾਸਭਾ ਦੁਆਰਾ 1990 ਨੂੰ ਪਾਸ ਕੀਤੇ ਮਤੇ ਤੋਂ ਬਾਅਦ ਸਾਰੇ ਸੰਸਾਰ ਵਿੱਚ ਬਜ਼ੁਰਗ ਦਿਹਾੜਾ ਦੇਸ਼ ਵਿਦੇਸ਼ ਵਿੱਚ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਪੈਟਰਨ ਪ੍ਰੇਮ ਚੰਦ ਗਰਗ ਨੇ ਸੀਨੀਅਰ ਸਿਟੀਜ਼ਨ ਵੈੱਲਫੇਅਰ ਫੋਰਮ ਜਗਰਾਓਂ ਇਕਾਈ ਦੇ ਸਾਲ 2003 ਵਿੱਚ ਹੋਂਦ 'ਚ ਆਉਣ ਤੋਂ ਬਾਅਦ ਲਗਾਤਾਰ ਇਸ ਦੇ ਵਾਧੇ ਬਾਰੇ ਦੱਸਿਆ।ਫੋਰਮ ਦੇ ਸੀਨੀਅਰ ਮੈਂਬਰ ਅਸ਼ਵਨੀ ਭਾਰਦਵਾਜ ਐਡਵੋਕੇਟ ਨੇ ਬੜੀ ਸ਼ਾਨਦਾਰ ਗ਼ਜ਼ਲ ਪੇਸ਼ ਕੀਤੀ।ਗੁਰਪ੍ਰੀਤ ਸਿੰਘ ਤੇ ਜੋਗਿੰਦਰ ਪਾਲ ਮਹਿਤਾ ਨੇ ਪੰਜਾਬੀ ਕਵਿਤਾ ਸੁਣਾ ਕੇ ਸਭਨਾਂ ਦਾ ਦਿਲ ਮੋਹ ਲਿਆ।ਵਿੱਤ ਸਕੱਤਰ ਨਰੇਸ਼ ਗੁਪਤਾ ਨੇ ਫੋਰਮ ਦੇ ਪਿਛਲੇ ਸਾਲ ਤੋਂ ਹੁਣ ਤੱਕ ਦਾ ਲੇਖਾ ਜੋਖਾ ਪੇਸ਼ ਕੀਤਾ, ਜਿਸ ਨੂੰ ਸਾਰੇ ਮੈਂਬਰਾਂ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਫੋਰਮ ਦੇ ਪੀ ਆਰ ਓ ਲਲਿਤ ਅੱਗਰਵਾਲ ਨੇ ਆਪਣੀ ਅਦਾਕਾਰੀ ਨਾਲ ਪਹਿਲੀ ਵਾਰ ਫਿਲਮੀ ਗੀਤ ਪੇਸ਼ ਕਰਕੇ ਖੂਬ ਵਾਹ ਵਾਹ ਲੁੱਟੀ।ਰਿਟਾਇਰਡ ਪ੍ਰਿੰਸੀਪਲ ਨੀਲਮ ਵਰਮਾ ਤੇ ਕਮਾਂਡੈਂਟ ਪਰਮੋਦ ਸ਼ਰਮਾ ਨੇ ਗੀਤ ਸੁਣਾਏ।ਫੋਰਮ ਦੇ ਮੈਂਬਰ ਤੇ ਅਨੁਭਵ ਸਮਿਤੀ ਦੇ ਪ੍ਰਧਾਨ ਰਾਜ ਪਾਲ ਜੈਨ ਦੀ ਪੋਤਰੀ ਆਰਵੀ ਅੱਗਰਵਾਲ ਦੇ ਫਿਲਮੀ ਗਾਣੇ 'ਤੇ ਪੇਸ਼ ਕੀਤੇ ਡਾਂਸ ਨੇ ਹਾਲ ਨੂੰ ਤਾੜੀਆਂ ਨਾਲ ਗੂੰਜਾ ਦਿੱਤਾ।ਜਨਰਲ ਸਕੱਤਰ ਸ਼ਸ਼ੀ ਭੂਸ਼ਣ ਜੈਨ ਨੇ ਸਾਰੇ ਸਾਲ ਦੌਰਾਨ ਫੋਰਮ ਦੁਆਰਾ ਲਗਾਏ ਸਮਾਜ ਕਲਿਆਣ ਤੇ ਦੂਜੇ ਸਾਰੇ ਪ੍ਰੋਜੈਕਟਾਂ ਦਾ ਵੇਰਵਾ ਪੇਸ਼ ਕੀਤਾ, ਜਿਸ 'ਤੇ ਸਾਰੇ ਮੈਂਬਰਾਂ ਨੇ ਪ੍ਰਧਾਨ ਮਦਨ ਲਾਲ ਬਾਂਸਲ, ਸੈਕਟਰ ਤੇ ਸਾਰੀ ਟੀਮ ਨੂੰ ਵਧਾਈ ਦਿੱਤੀ।ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੁਪਰ ਸੀਨੀਅਰ ਸਿਟੀਜ਼ਨ ਦਾ ਖ਼ਿਤਾਬ ਹਾਸਲ ਕਰਨ ਵਾਲੇ ਮੈਂਬਰ ਪ੍ਰੋਫੈਸਰ ਮਹਿੰਦਰ ਸਿੰਘ ਜੱਸਲ ਸਾਬਕਾ ਡਾਇਰੈਕਟਰ ਸਨਮਤੀ ਸਰਕਾਰੀ ਸਾਇੰਸ ਤੇ ਖੋਜ ਕਾਲਜ ਜਗਰਾਓਂ ਨੂੰ ਫੋਰਮ ਵੱਲੋਂ ਸਿਰੋਪਾ ਭੇਟ ਕੀਤਾ ਗਿਆ।ਪ੍ਰੋਫੈਸਰ ਜੱਸਲ ਨੇ ਆਪਣੇ ਸੰਬੋਧਨ ਵਿੱਚ ਸਾਰੇ ਸੀਨੀਅਰ ਸਿਟੀਜ਼ਨਾਂ ਨੂੰ ਬਜ਼ੁਰਗ ਦਿਹਾੜੇ ਦੀ ਵਧਾਈ ਦਿੱਤੀ।ਪ੍ਰੋਗ੍ਰਾਮ ਦੌਰਾਨ ਸਟੇਜ 'ਤੇ ਆਈਟਮ ਪੇਸ਼ ਕਰਨ ਵਾਲੇ ਹਰ ਕਲਾਕਾਰ ਤੇ ਫੋਰਮ ਦੇ ਸਾਰੇ ਮੈਂਬਰਾਂ ਨੂੰ ਫੋਰਮ ਵੱਲੋਂ ਸ਼ਾਨਦਾਰ ਤੋਹਫ਼ੇ ਦੇਕੇ ਸਨਮਾਨਤ ਕੀਤਾ ਗਿਆ।ਸਟੇਜ ਦੀ ਭੂਮਿਕਾ ਸ਼ਸ਼ੀ ਭੂਸ਼ਣ ਜੈਨ ਨੇ ਬਖ਼ੂਬੀ ਨਿਭਾਈ।

## ਫ਼ਿਰੋਜ਼ਪੁਰ ਰੇਲਵੇ ਡਵੀਜ਼ਨ 'ਚ 'ਸਵੱਛਤਾ ਹੀ ਸੇਵਾ-2025' ਮੁਹਿੰਮ ਸੰਪੰਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਰਤੀ ਰੇਲਵੇ ਦੇ ਫ਼ਿਰੋਜ਼ਪੁਰ ਮੰਡਲ ਵਿਚ 'ਸਵੱਛਤਾ ਹੀ ਸੇਵਾ-2025' ਮੁਹਿੰਮ ਦਾ ਸਮਾਪਤੀ ਦਿਵਸ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਮੰਡਲ ਰੇਲ ਪ੍ਰਬੰਧਕ (ਡੀਆਰਐਮ) ਸੰਜੀਵ ਕੁਮਾਰ ਨੇ ਮੁਹਿੰਮ ਦੌਰਾਨ ਕੀਤੇ ਗਏ ਕੰਮਾਂ ਤੇ ਪ੍ਰਾਪਤ ਕੀਤੀਆਂ ਪ੍ਰਾਪਤੀਆਂ ਦੀ ਸਮੀਖਿਆ ਕੀਤੀ। ਉਨ੍ਹਾਂ ਮੰਡਲ ਨੂੰ ਸਾਫ਼-ਸੁਥਰਾ ਰੱਖਣ ਵਿਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਕਰਮਚਾਰੀਆਂ, ਖਾਸ ਕਰਕੇ ਸਫ਼ਾਈ ਕਾਮਿਆਂ ਨੂੰ ਸਨਮਾਨਤ ਕੀਤਾ। ਇਸ ਤੋਂ ਇਲਾਵਾ ਇਸ ਮੁਹਿੰਮ ਦੇ ਹਿੱਸੇ ਵਜੋਂ ਕਰਵਾਈਆਂ ਗਈਆਂ ਵੱਖ-ਵੱਖ ਮੁਕਾਬਲਿਆਂ ਦੇ ਜੇਤੂਆਂ ਨੂੰ ਵੀ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਮੰਡਲ ਰੇਲ ਪ੍ਰਬੰਧਕ ਦਫ਼ਤਰ ਦੀ ਬਿਜਲੀ (ਸਧਾਰਨ) ਸ਼ਾਖਾ ਨੂੰ ਸਫ਼ਾਈ ਪ੍ਰਬੰਧਾਂ ਵਿੱਚ ਸ਼ਾਨਦਾਰ ਸੁਧਾਰ ਕਰਨ ਲਈ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਮਹਾਤਮਾ ਗਾਂਧੀ ਦੀ ਜਯੰਤੀ ਦੇ ਸਨਮਾਨ ਵਿੱਚ ਚੱਲ ਰਹੇ ਇਸ ਸਵੱਛਤਾ ਪੰਦਰਵਾੜੇ ਦੇ ਹਿੱਸੇ ਵਜੋਂ ਮੰਡਲ ਦਫ਼ਤਰ ਵਿੱਚ ਸਾਰੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਸਮੂਹਕ ਸ਼ਰਮਦਾਨ ਕੀਤਾ। ਰੇਲਵੇ ਸਟੇਸ਼ਨਾਂ, ਦਫ਼ਤਰਾਂ ਤੇ ਉਨ੍ਹਾਂ ਦੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਸਫ਼ਾਈ ਨਾਲ ਸਬੰਧਤ ਗਤੀਵਿਧੀਆਂ ਬੜੇ ਜੋਸ਼ ਨਾਲ ਕੀਤੀਆਂ ਗਈਆਂ। ਯਾਤਰੀਆਂ ਨੂੰ ਜਾਗਰੂਕ ਕਰਨ ਲਈ ਸਟੇਸ਼ਨਾਂ 'ਤੇ ਬੈਨਰ ਤੇ ਪਰਚੇ ਲਗਾਏ ਗਏ, ਜਿਨ੍ਹਾਂ ਦਾ ਉਦੇਸ਼ ਸਫ਼ਾਈ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਸੀ। ਆਪਣੇ ਸੰਬੋਧਨ ਵਿੱਚ ਮੰਡਲ ਰੇਲ ਪ੍ਰਬੰਧਕ ਸੰਜੀਵ ਕੁਮਾਰ ਨੇ ਸਮੂਹ ਕਰਮਚਾਰੀਆਂ ਤੇ ਅਧਿਕਾਰੀਆਂ ਨੂੰ ਰੋਜ਼ਾਨਾ ਦੇ ਕੰਮਾਂ ਵਿੱਚ ਸਫ਼ਾਈ ਨੂੰ ਸਭ ਤੋਂ ਵੱਧ ਤਰਜੀਹ ਦੇਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਆਮ ਲੋਕਾਂ ਨੂੰ ਵੀ ਸਫ਼ਾਈ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਰਾਸ਼ਟਰਪਿਤਾ ਮਹਾਤਮਾ ਗਾਂਧੀ ਦੇ ਆਦਰਸ਼ਾਂ ਦੇ ਅਨੁਸਾਰ 'ਸਵੱਛ ਭਾਰਤ' ਦੇ ਸੁਪਨੇ ਨੂੰ ਪੂਰਾ ਕਰਨ ਲਈ ਸਾਂਝੇ ਯਤਨਾਂ ਦਾ ਸੱਦਾ ਦਿੱਤਾ।

## ਰਜਿੰਦਰ ਕੌਰ ਨੂੰ ਕਾਂਗਰਸ ਮਹਿਲਾ ਵਿੰਗ ਦੀ ਸੀਨੀ. ਮੀਤ ਪ੍ਰਧਾਨ ਬਣਨ 'ਤੇ ਵਧਾਈਆਂ ਦਾ ਸਿਲਸਿਲਾ ਜਾਰੀ



**ਧੂਰੀ (ਸੁਖਦੇਵ ਧੂਰੀ)**-ਪਿਛਲੇ ਦਿਨੀਂ ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਬੀਬੀ ਗੁਰਸ਼ਰਨ ਕੌਰ ਰੰਧਾਵਾ ਤੇ ਜ਼ਿਲ੍ਹਾ ਪ੍ਰਧਾਨ ਬੀਬੀ ਰਣਜੀਤ ਕੌਰ ਬਦੇਸ਼ਾਂ ਵੱਲੋਂ ਸਾਂਝੇ ਤੌਰ 'ਤੇ ਕਾਂਗਰਸ ਦੇ ਸੀਨੀਅਰ ਆਗੂ ਤੇ ਜਨਰਲ ਸਕੱਤਰ ਸ਼ੁਭਮ ਸ਼ਰਮਾ (ਸ਼ੁਭੀ) ਦੀ ਸਲਾਹ ਨਾਲ ਮੈਡਮ ਰਜਿੰਦਰ ਕੌਰ ਵਰਮਾ ਨੂੰ ਸ਼ਹਿਰ ਦੇ ਬਲਾਕ ਧੂਰੀ ਦੀ ਮਹਿਲਾ ਕਾਂਗਰਸ ਪਾਰਟੀ ਦੀ ਸੀਨੀਅਰ ਮੀਤ ਪ੍ਰਧਾਨ ਕਰਨ 'ਤੇ ਕਾਂਗਰਸ ਪਾਰਟੀ ਦੇ ਮਹਿਲਾ ਵਿੰਗ ਦੀਆਂ ਔਰਤਾਂ ਨੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਆਖਿਆ ਕਿ ਬੀਬੀ ਰਜਿੰਦਰ ਕੌਰ ਵਰਮਾ ਇੱਕ ਪੜ੍ਹੀ ਲਿਖੀ ਸੁਭਾਅ ਦੀ ਮਿਲਣਸਾਰ ਹਨ, ਜੋ ਸਿੱਖਿਆ ਵਿਭਾਗ 'ਚੋਂ ਰਿਟਾਇਰਡ ਤਜਰਬੇਕਾਰ ਅਧਿਆਪਕਾ ਹੋਣ ਦੇ ਕਾਰਨ ਕਾਂਗਰਸ ਪਾਰਟੀ ਦੇ ਮਹਿਲਾ ਵਿੰਗ ਨੂੰ ਨਵੀਂ ਸੇਧ ਤੇ ਪ੍ਰੇਰਨਾ ਦੇ ਸਕਦੀ ਹੈ, ਉਥੇ ਪਾਰਟੀ ਦੇ ਮਹਿਲਾ ਵਰਕਰਾਂ ਨੂੰ ਇੱਕ ਪਰਿਵਾਰ ਦੀ ਤਰ੍ਹਾਂ ਇਕੱਠਿਆਂ ਰੱਖਣ ਦੇ ਵੀ ਸਮਰੱਥ ਹੈ।ਇਸ ਮੌਕੇ ਮੈਡਮ ਰਜਿੰਦਰ ਕੌਰ ਵਰਮਾ ਨੇ ਕਿਹਾ ਕਿ ਮੈਂ ਆਪਣੀ ਨਵੀਂ ਜ਼ਿੰਮੇਵਾਰੀ ਨੂੰ ਬਖੂਬੀ ਤੇ ਜ਼ਿੰਮੇਵਾਰੀ ਨਾਲ ਨਿਭਾਉਣ ਲਈ ਹਮੇਸ਼ਾ ਤੱਤਪਰ ਰਹਾਂਗੀ ਤੇ ਪਾਰਟੀ ਦੀ ਮਿਲੀ ਹਰ ਹੁਕਮ ਦੀ ਤਨਦੇਹੀ ਨਾਲ ਪਾਲਣਾ ਕਰਾਂਗੀ।ਇਸ ਮੌਕੇ ਵਧਾਈਆਂ ਦੇਣ ਵਾਲਿਆਂ ਵਿੱਚ ਪਾਰਟੀ ਦੇ ਮਹਿਲਾ ਵਿੰਗ ਦੀ ਪ੍ਰਧਾਨ ਨੀਤੂ ਸਿੰਗਲਾ ਤੋਂ ਇਲਾਵਾ ਪ੍ਰਿੰਸੀਪਲ ਰਵਿੰਦਰ ਸ਼ਰਮਾ, ਮੈਡਮ ਕਮਲਾ ਸ਼ਰਮਾ, ਕਲਜੀਤ ਸਿੰਘ ਬਖ਼ਸ਼ੀ, ਮੈਡਮ ਹਰਪ੍ਰੀਤ ਕੌਰ, ਗੁਰਚਰਨ ਸਿੰਘ ਸਾਬਕਾ ਐੱਮ ਸੀ, ਗਿਆਨ ਸਿੰਘ ਸੀਨੀਅਰ ਕਾਂਗਰਸੀ ਆਗੂ, ਧਰਮ ਪਾਲ ਬਾਂਸਲ, ਨਰੇਸ਼ ਕੁਮਾਰ ਕਾਲਾ, ਬਿੰਦਰ ਸਿੰਘ ਸਰਪੰਚ, ਸੁਖਦੇਵ ਸ਼ਰਮਾ, ਮਨਜੀਤ ਸਿੰਘ ਬਖਸ਼ੀ (ਰਿਟਾਇਰਡ) ਡਿਪਟੀ ਡਾਇਰੈਕਟਰ ਲੋਕ ਸੰਪਰਕ ਵਿਭਾਗ, ਸਵਰਨਕਾਰ ਸੰਘ ਦੇ ਸੂਬਾ ਆਗੂ ਮਲਕੀਤ ਸਿੰਘ ਚਾਂਗਲੀ ਤੋਂ ਇਲਾਵਾ ਹੋਰ ਵੀ ਸੀਨੀਅਰ ਕਾਂਗਰਸੀ ਆਗੂਆਂ ਤੇ ਸਮਾਜ ਸੇਵੀ ਸ਼ਖ਼ਸੀਅਤਾਂ ਵੱਲੋਂ ਵਧਾਈਆਂ ਦਾ ਸਿਲਸਿਲਾ ਜਾਰੀ ਹੈ।

## 'ਵੋਟ ਚੋਰ ਗੱਦੀ ਛੋੜ' ਹਸਤਾਖ਼ਰ ਮੁਹਿੰਮ ਦਾ ਸੰਗਰੂਰ 'ਚ ਆ.ਗਾਜ਼ : ਸਿੰਗਲਾ



**ਸੰਗਰੂਰ (ਪ੍ਰਵੀਨ ਸਿੰਘ)**-ਕਾਂਗਰਸ ਪਾਰਟੀ ਵੱਲੋਂ ਚਲਾਈ ਜਾ ਰਹੀ 'ਵੋਟ ਚੋਰ-ਗੱਦੀ ਛੋੜ' ਅਭਿਆਨ ਤਹਿਤ ਹਸਤਾਖ਼ਰ ਮੁਹਿੰਮ ਦਾ ਆਗਾਜ਼ ਕੀਤਾ ਗਿਆ।ਇਸ ਮੌਕੇ ਸਾਬਕਾ ਕੈਬਨਿਟ ਮੰਤਰੀ ਸ੍ਰੀ ਵਿਜੈ ਇੰਦਰ ਸਿੰਗਲਾ ਤੇ ਹਲਕਾ ਸੰਗਰੂਰ ਦੇ ਸਮੂਹ ਕਾਂਗਰਸੀ ਆਗੂ ਤੇ ਵਰਕਰ ਸਾਹਿਬਾਨਾਂ ਵੱਲੋਂ ਹਸਤਾਖ਼ਰ ਕੀਤੇ ਗਏ।ਬਦੀ ਉੱਪਰ ਨੇਕੀ ਦੀ ਜਿੱਤ ਦੇ ਪ੍ਰਤੀਕ ਇਸ ਤਿਉਹਾਰ ਮੌਕੇ ਆਰੰਭ ਇਹ ਮੁਹਿੰਮ ਵੀ ਲੋਕਤੰਤਰ 'ਤੇ ਛਾਈ ਬਦੀ 'ਤੇ ਕਰਾਰੀ ਚੋਟ ਸਾਬਿਤ ਹੋਵੇਗੀ।'ਵੋਟ ਚੋਰ, ਗੱਦੀ ਛੋੜ' ਸਿਰਫ ਇੱਕ ਮੁਹਿੰਮ ਨਹੀਂ ਹੈ, ਇਹ ਸਾਡੇ ਨੇਤਾ ਵਿਰੋਧੀ ਧਿਰ ਸ੍ਰੀ ਰਾਹੁਲ ਗਾਂਧੀ ਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਕੌਮੀ ਪ੍ਰਧਾਨ ਸ੍ਰੀ ਮਲਿਕਾਰਜੁਨ ਖੜਗੇ ਦੀ ਅਗਵਾਈ ਹੇਠ ਸਾਡੇ ਲੋਕਤੰਤਰ ਨੂੰ ਉਨ੍ਹਾਂ ਲੋਕਾਂ ਤੋਂ ਵਾਪਸ ਕਰਵਾਉਣ ਦਾ ਇੱਕ ਸਪੱਸ਼ਟ ਸੱਦਾ ਹੈ, ਜੋ ਵੋਟਾਂ ਵਿੱਚ ਹੇਰਾ-ਫੇਰੀ ਕਰਕੇ ਸੱਤਾ ਹਥਿਆਉਂਦੇ ਆਏ ਹਨ।ਕੇਂਦਰ ਵਿੱਚ ਮੌਜੂਦਾ ਸਾਸ਼ਨ ਦੌਰਾਨ, ਈਵੀਐਮ ਵਿੱਚ ਹੇਰਾਫੇਰੀ ਤੇ ਲੋਕਤੰਤਰੀ ਪ੍ਰਕਿਰਿਆ ਤੇ ਸੰਸਥਾਗਤ ਕਬਜ਼ਾ ਸਾਡੇ ਲੋਕਤੰਤਰ ਦੀਆਂ ਨੀਂਹਾਂ ਲਈ ਖਤਰਾ ਪੈਦਾ ਕਰ ਰਿਹਾ ਹੈ।ਅਜਿਹੀਆਂ ਪਹਿਲਕਦਮੀਆਂ ਲੋਕਾਂ ਨੂੰ ਲੋਕਤੰਤਰ ਲਈ ਖਤਰੇ ਤੋਂ ਜਾਣੂ ਕਰਵਾਉਣ ਲਈ ਬਹੁਤ ਜ਼ਰੂਰੀ ਹਨ।ਇਹ ਮੁਹਿੰਮ ਨੌਜਵਾਨਾਂ ਤੇ ਹਾਸ਼ੀਏ 'ਤੇ ਧੱਕੇ ਗਏ ਲੋਕਾਂ ਦੀਆਂ ਆਵਾਜ਼ਾਂ ਨੂੰ ਬੁਲੰਦ ਕਰੇਗੀ ਤੇ ਇਹ ਯਕੀਨੀ ਬਣਾਏਗੀ ਕਿ ਚੋਣ ਪ੍ਰਕਿਰਿਆ ਦੀ ਪਵਿੱਤਰਤਾ ਨੂੰ ਬਹਾਲ ਕੀਤਾ ਜਾਵੇ।

## ਵਿੱਦਿਆ ਮਾਰਤੰਡ ਗਿਆਨੀ ਗਿਆਨ ਸਿੰਘ ਲੌਂਗੋਵਾਲ ਦੀ ਬਰਸੀ ਮਨਾਈ



**ਲੌਂਗੋਵਾਲ (ਪ੍ਰਦੀਪ ਸੱਪਲ)**-ਗੁਰਦੁਆਰਾ ਚੁੱਲੇ ਬਾਬਾ ਆਲਾ ਸਿੰਘ ਲੌਂਗੋਵਾਲ ਵਿਖੇ ਵਿੱਦਿਆ ਮਾਰਤੰਡ ਗਿਆਨੀ ਗਿਆਨ ਸਿੰਘ ਲੌਂਗੋਵਾਲ ਦੀ 104 ਸਾਲਾ ਬਰਸੀ, 275 ਪਿੰਡ ਲੌਂਗੋਵਾਲ ਦਾ ਪੁਨਰ ਸਥਾਪਨਾ ਦਿਵਸ ਮੋੜੀ ਗੱਡ ਦਿਵਸ ਅਤੇ ਦੁਸਹਿਰਾ ਸਮਾਗਮ ਮਨਾਇਆ ਗਿਆ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਅਤੇ ਭੋਗ ਪਾਏ ਗਏ ਅਤੇ ਦੀਵਾਨ ਵੀ ਸਜਾਏ ਗਏ, ਜਿਸ ਵਿੱਚ ਗੁਰਦੁਆਰਾ ਜਨਮ ਸਥਾਨ ਚੀਮਾ ਸਾਹਿਬ ਤੋਂ ਭਾਈ ਅੰਗਰੇਜ਼ ਸਿੰਘ ਦੀ ਸਰਪਰਸਤੀ ਹੇਠ ਕਲਗੀਧਰ ਬੜੂ ਸਾਹਿਬ ਟਰੱਸਟ ਅਕਾਲ ਸੇਵਾ ਸੰਗੀਤ ਅਕੈਡਮੀ ਦੇ ਵਿਦਿਆਰਥੀਆਂ ਨੇ ਢਾਡੀ ਵਾਰਾਂ ਗਾਇਨ ਕੀਤੀਆਂ ਅਤੇ ਭਾਈ ਕਰਮਵੀਰ ਸਿੰਘ ਜੀ ਕਥਾਵਾਚਕ ਜਨਮ ਸਥਾਨ ਚੀਮਾ ਸਾਹਿਬ ਨੇ ਕਥਾ ਦੀ ਹਾਜ਼ਰੀ ਭਰੀ।ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਬੜੂ ਸਾਹਿਬ ਦੀਆਂ ਬੀਬੀਆਂ ਦੇ ਜਥੇ ਨੇ ਤੰਤੀ ਰਾਗਾਂ ਨਾਲ ਕੀਰਤਨ ਕੀਤਾ, ਉਪਰੰਤ ਭਾਈ ਸਾਹਿਬ ਵੱਲੋਂ ਕਥਾ ਦੀ ਹਾਜ਼ਰੀ ਭਰੀ ਗਈ।ਇਸ ਮੌਕੇ ਭਾਈ ਬਲਦੇਵ ਸਿੰਘ ਲੌਂਗੋਵਾਲ ਦੇ ਢਾਡੀ ਜਥੇ ਨੇ ਢਾਡੀ ਵਾਰਾਂ ਗਾਇਨ ਕੀਤੀਆਂ। ਭਾਈ ਡਿੰਪਲ ਸਿੰਘ ਸਮਾਓਂ ਨੇ ਕਥਾ ਦੀ ਹਾਜ਼ਰੀ ਭਰੀ ਤੇ ਨਾਲ ਹੀ ਡਾਕਟਰ ਦਿਲਵਰ ਸਿੰਘ ਡਿਪਟੀ ਡਾਇਰੈਕਟਰ ਯੁਵਕ ਸੇਵਾਵਾਂ ਪੰਜਾਬ ਸਰਕਾਰ, ਡਾ. ਸੁਖਦਿਆਲ ਸਿੰਘ ਮੰਡੇਰ ਸਾਬਕਾ ਇਤਿਹਾਸ ਮੁਖੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਵੀ ਮੁੱਖ ਬੁਲਾਰੇ ਦੇ ਤੌਰ 'ਤੇ ਸੰਗਤਾਂ ਨਾਲ ਮੁੱਖ ਸਮਾਗਮ ਵਿੱਚ ਗਿਆਨੀ ਗਿਆਨ ਸਿੰਘ ਦੇ ਜੀਵਨ ਤੇ ਯਾਤਰਾਵਾਂ ਉਨ੍ਹਾਂ ਦਾ ਯੋਗਦਾਨ ਪਿੰਡ ਲੌਂਗੋਵਾਲ ਦੀ ਸਥਾਪਨਾ ਸਬੰਧੀ ਘਟਨਾਵਾਂ ਦਾ ਜ਼ਿਕਰ ਕੀਤਾ ਅਤੇ ਆਏ ਪਤਵੰਤੇ ਮੁੱਖ ਮਹਿਮਾਨਾਂ ਦਾ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਧੰਨਵਾਦ ਕੀਤਾ ਗਿਆ।

## ਆਂਗਨਵਾੜੀ ਵਰਕਰਜ਼-ਹੈਲਪਰਜ਼ ਯੂਨੀਅਨ (ਏਟਕ) ਦਾ ਵ.ਫਦ ਵਿਧਾਇਕ ਗੋਲਡੀ ਨੂੰ ਮਿਲਿਆ

### 6 ਮਹੀਨਿਆਂ ਤੋਂ ਰੁਕੀਆਂ ਤਨਖਾਹਾਂ ਤੁਰੰਤ ਜਾਰੀ ਕਰਨ ਦੀ ਮੰਗ



**ਜਲਾਲਾਬਾਦ (ਜੰਗੀਰ ਕੌਰ)**-ਆਲ ਇੰਡੀਆ ਆਂਗਨਵਾੜੀ ਵਰਕਰਜ਼-ਹੈਲਪਰਜ਼ ਯੂਨੀਅਨ (ਏਟਕ) ਦਾ ਵਫ਼ਦ ਸੂਬਾ ਪ੍ਰਧਾਨ ਸਰੋਜ ਛੱਪੜੀ ਵਾਲਾ ਦੀ ਅਗਵਾਈ ਵਿੱਚ ਜਲਾਲਾਬਾਦ ਹਲਕੇ ਦੇ ਵਿਧਾਇਕ ਗੋਲਡੀ ਕੰਬੋਜ ਗੋਲਡੀ ਨੂੰ ਮਿਲਿਆ। ਇਸ ਸਬੰਧੀ ਗੱਲਬਾਤ ਕਰਦਿਆਂ ਵਫਦ ਦੇ ਆਗੂਆਂ ਨੇ ਜਾਣਕਾਰੀ ਦਿੱਤੀ ਕਿ ਸਾਨੂੰ ਪਿਛਲੇ ਛੇ ਮਹੀਨਿਆਂ ਤੋਂ ਸੈਂਟਰ ਸਰਕਾਰ ਵੱਲੋਂ ਮਿਲਣ ਵਾਲਾ ਮਾਨ ਭੱਤਾ ਨਹੀਂ ਮਿਲਿਆ ਹੈ, ਜਿਸ ਕਾਰਨ ਆਸੀ ਬਹੁਤ ਹੀ ਆਰਥਿਕ ਹਾਲਤ ਵਿੱਚ ਗੁਜ਼ਰ ਰਹੇ ਹਾਂ। ਹੁਣ ਮੌਜੂਦਾ ਸਮੇਂ ਤਿਉਹਾਰਾਂ ਦੇ ਦਿਨ ਆ ਰਹੇ ਹਨ। ਉਨ੍ਹਾ ਕਿਹਾ ਕਿ ਦੁਸਹਿਰਾ ਵੀ ਅਸੀਂ ਨਹੀਂ ਮਨਾ ਸਕੇ, ਉਪਰੋਂ ਦਿਵਾਲੀ ਆ ਰਹੀ ਪਰ ਸਰਕਾਰ ਨੂੰ ਸਾਡਾ ਕੋਈ ਫ਼ਿਕਰ ਨਹੀਂ। ਇਸ ਮੌਕੇ ਵਿਧਾਇਕ ਗੋਲਡੀ ਕੰਬੋਜ ਨੇ ਵਫ਼ਦ ਦੀ ਵਧੀਆ ਤਰੀਕੇ ਨਾਲ ਗੱਲਬਾਤ ਸੁਣੀ ਅਤੇ ਮੌਕੇ 'ਤੇ ਹੀ ਮਹਿਕਮੇ ਦੇ ਅਧਿਕਾਰੀਆਂ ਨਾਲ ਸੰਪਰਕ ਕਰਕੇ ਜਾਣਕਾਰੀ ਦਿੱਤੀ ਕਿ ਇਕ ਹਫਤੇ ਦੇ ਵਿੱਚ ਵਿੱਚ ਛੇ ਮਹੀਨਿਆਂ ਤੋਂ ਰੁਕਿਆ ਮਾਨ ਭੱਤਾ ਮਿਲ ਜਾਵੇਗਾ ਤੇ ਬਾਕੀ ਮੰਗਾਂ ਦੇ ਸਬੰਧ ਵਿੱਚ ਮਹਿਕਮੇ ਦੀ ਮੰਤਰੀ ਬਲਜੀਤ ਕੌਰ ਨਾਲ ਪੈਨਲ ਮੀਟਿੰਗ ਅਗਲੇ ਹਫਤੇ ਤੱਕ ਕਰਵਾਉਣ ਦਾ ਵਾਅਦਾ ਕੀਤਾ। ਇਸ ਮੌਕੇ ਸੂਬਾ ਜਨਰਲ ਸਕੱਤਰ ਸੁਨੀਲ ਕੌਰ ਬੇਦੀ, ਬਲਵਿੰਦਰ ਕੌਰ, ਰਾਜ ਕੌਰ, ਕੈਲਾਸ਼ ਜਲਾਲਾਬਾਦ, ਆਸ਼ਾ ਚੱਕ ਦੁਮਾਲ ਬਿਮਲਾ ਹਾਜ਼ਰ ਸਨ।

## ਮਾਤਾ ਗੁਜਰੀ ਜੀ ਭਲਾਈ ਕੇਂਦਰ ਨੂੰ ਦੋਹਾਂ ਰਾਮਲੀਲ੍ਹਾ ਦੌਰਾਨ ਕੀਤਾ ਸਨਮਾਨਤ



**ਬੁਢਲਾਡਾ (ਅਸ਼ੋਕ ਲਾਕੜਾ)**-ਸਥਾਨਕ ਸਮਾਜ ਸੇਵੀ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ ਵੱਲੋਂ ਸਾਂਝੀਵਾਲਤਾ ਦਾ ਸੰਦੇਸ਼ ਦਿੰਦੇ ਹੋਏ ਬੁਢਲਾਡਾ ਵਿੱਚ ਹੋ ਰਹੀਆਂ ਦੋਹਾਂ ਰਾਮਲੀਲ੍ਹਾ ਦੇ ਕਲਾਕਾਰਾਂ ਤੇ ਪ੍ਰਬੰਧਕਾਂ ਲਈ ਚਾਹ ਆਦਿ ਦੀ ਸੇਵਾ ਕੀਤੀ ਗਈ।ਸੰਸਥਾ ਆਗੂ ਮਾਸਟਰ ਕੁਲਵੰਤ ਸਿੰਘ ਤੇ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਸਾਰੇ ਤਿਉਹਾਰ ਰਲ ਮਿਲ ਕੇ ਮਨਾਉਣੇ ਚਾਹੀਦੇ ਹਨ।ਦੋਹਾਂ ਰਾਮਲੀਲ੍ਹਾ ਦੌਰਾਨ ਪ੍ਰਬੰਧਕਾਂ ਵੱਲੋਂ ਸੰਸਥਾ ਦਾ ਸਨਮਾਨ ਵੀ ਕੀਤਾ ਗਿਆ।ਰਘੂਨੰਦਨ ਰਾਮਲੀਲ੍ਹਾ ਕਲੱਬ ਵੱਲੋਂ ਚੌੜੀ ਗਲ਼ੀ ਵਿੱਚ ਹੋ ਰਹੀ ਰਾਮਲੀਲ੍ਹਾ ਦੌਰਾਨ ਹੀ ਪਿਛਲੀ ਰਾਤ ਚੌੜੀ ਗਲ਼ੀ ਦੇ ਨਿਵਾਸੀਆਂ ਵੱਲੋਂ ਸੰਸਥਾ ਨੂੰ ਸਨਮਾਨਤ ਕੀਤਾ ਗਿਆ।ਚੌੜੀ ਗਲ਼ੀ ਦੇ ਦੋਹਾਂ ਮੰਦਰਾਂ ਬਾਹਰ ਬੈਂਚ ਰਖਾਏ ਗਏ ਤਾਂ ਜੋ ਸੰਗਤਾਂ ਬੈਠ ਕੇ ਜੋੜੇ ਪਾ ਸਕਣ।ਸੰਸਥਾ ਦਾ ਇਹ ਸਨਮਾਨ ਸਾਰੇ ਸ਼ਹਿਰ ਵਾਸੀਆਂ ਦਾ ਸਨਮਾਨ ਹੈ।ਇਸ ਦੌਰਾਨ ਉਪਰੋਕਤ ਤੋਂ ਇਲਾਵਾ ਰਜਿੰਦਰ ਵਰਮਾ, ਬਲਬੀਰ ਸਿੰਘ ਕੈਂਥ, ਵਿਜੈ ਕੁਮਾਰ, ਲੈਕ ਕ੍ਰਿਸ਼ਨ ਲਾਲ,ਨਰੇਸ਼ ਕੁਮਾਰ ਬੰਸੀ, ਸੋਹਣ ਸਿੰਘ, ਕੁਲਦੀਪ ਸਿੰਘ ਸ਼ੀਮਾਰ, ਡਾਕਟਰ ਗੁਰਲਾਲ ਸਿੰਘ, ਗੁਰਤੇਜ ਸਿੰਘ ਕੈਂਥ, ਹਰਭਜਨ ਸਿੰਘ, ਇੰਦਰਜੀਤ ਸਿੰਘ, ਮਿਸਤਰੀ ਜਰਨੈਲ ਸਿੰਘ, ਬਲਜਿੰਦਰ ਸ਼ਰਮਾ, ਨੱਥਾ ਸਿੰਘ, ਮਨਦੀਪ ਲੱਕੀ ਸਟੂਡੀਓ, ਅਵਤਾਰ ਸਿੰਘ, ਮਹਿੰਦਰਪਾਲ ਸਿੰਘ, ਜਸ਼ਨਦੀਪ ਸਿੰਘ ਸਮੇਤ ਰਾਮਲੀਲ੍ਹਾ ਦੇ ਕਲਾਕਾਰ, ਪ੍ਰਬੰਧਕ ਤੇ ਦਰਸ਼ਕਾਂ ਦਾ ਭਰਵਾਂ ਇਕੱਠ ਸੀ।

## ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਵੱਲੋਂ ਵਿਸ਼ਵਕਰਮਾ ਦਿਵਸ ਕਾਰਡ ਜਾਰੀ



**ਜਗਰਾਓਂ (ਅਮਿਤ ਖੰਨਾ)**-ਬਿਲਡਿੰਗ ਠੇਕੇਦਾਰ ਐਸੋਸੀਏਸ਼ਨ (ਰਜਿ. 133) ਜਗਰਾਉ ਦੀ ਮਹੀਨਾਵਾਰੀ ਮੀਟਿੰਗ ਪ੍ਰਧਾਨ ਜਿੰਦਰ ਪਾਲ ਧੀਮਾਨ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਰਾਮਗੜ੍ਹੀਆ ਘਰ ਜਗਰਾਓਂ ਵਿੱਚ ਹੋਈ।ਜਗਤ ਗੁਰੂ ਬਾਬਾ ਵਿਸ਼ਵਕਰਮਾ ਜੀ ਦਾ ਜਨਮ ਦਿਹਾੜਾ ਮਨਾਉਣ ਲਈ ਜਗਰਾਉਂ ਦੀ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਨੇ ਗੁਰਦੁਆਰਾ ਰਾਮਗੜ੍ਹੀਆ ਵਿਖੇ ਵਿਸ਼ਵਕਰਮਾ ਦਿਹਾੜਾ ਮਨਾਉਣ ਲਈ ਕਾਰਡ ਜਾਰੀ ਕੀਤਾ ਅਤੇ ਕਲਾਕਾਰ ਰਾਜਵੀਰ ਜਵੰਦਾ ਦੇ ਠੀਕ ਹੋਣ ਲਈ ਵੀ ਅਰਦਾਸ ਕੀਤੀ। ਇਸ ਮੌਕੇ ਵਿਸ਼ਵਕਰਮਾ ਦਿਹਾੜਾ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਉਣ ਲਈ ਤਿਆਰੀਆਂ ਦੇ ਸਮਾਗਮ ਲਈ ਪੂਰਨ ਸਫ਼ਲਤਾ ਲਈ ਮੈਂਬਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਇਸ ਮੌਕੇ ਐਸੋਸੀਏਸ਼ਨ ਦੇ ਪ੍ਰਧਾਨ ਜਿੰਦਰਪਾਲ ਧੀਮਾਨ ਸਰਪ੍ਰਸਤ ਕਸ਼ਮੀਰੀ ਲਾਲ ਸੀਨੀਅਰ ਮੀਤ ਪ੍ਰਧਾਨ ਮੰਗਲ ਸਿੰਘ ਸਿੱਧੂ, ਸਰਪ੍ਰਸਤ ਗੁਰਮੇਲ ਸਿੰਘ ਢੁੱਡੀਕੇ ਹਰਨੇਕ ਸਿੰਘ ਸੋਹੀ ਨੇ ਦੱਸਿਆ ਕਿ ਬਾਬਾ ਵਿਸ਼ਵਕਰਮਾ ਜੀ ਦਾ ਆਗਮਨ ਦਿਹਾੜਾ 22 ਅਕਤੂਬਰ ਨੂੰ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ। ਇਸ ਮੌਕੇ ਠੇਕੇਦਾਰ ਕਸ਼ਮੀਰੀ ਲਾਲ, ਠੇਕੇਦਾਰ ਗੁਰਮੇਲ ਸਿੰਘ ਢੁੱਡੀਕੇ, ਪ੍ਰਿਤਪਾਲ ਸਿੰਘ ਮਣਕੂ, ਪ੍ਰਧਾਨ ਜਿੰਦਰਪਾਲ ਸਿੰਘ ਧੀਮਾਨ, ਸੀਨੀਅਰ ਮੀਤ ਪ੍ਰਧਾਨ ਠੇਕੇਦਾਰ ਅਮਰਜੀਤ ਸਿੰਘ ਘਟੌੜੇ, ਹਰਨੇਕ ਸਿੰਘ ਸੋਹੀ, ਸੀਨੀਅਰ ਮੀਤ ਪ੍ਰਧਾਨ ਠੇਕੇਦਾਰ ਮੰਗਲ ਸਿੰਘ ਸਿੱਧੂ, ਖਜਾਨਚੀ ਪ੍ਰੀਤਮ ਸਿੰਘ ਗੈਦੂ, ਜਰਨਲ ਸਕੱਤਰ ਜਸਪਾਲ ਸਿੰਘ ਕਲਿਆਣ, ਪ੍ਰੀਤਮ ਸਿੰਘ ਜੰਡੂ, ਤਰਲੋਚਨ ਸਿੰਘ ਸੀਹਰਾ, ਸੁਰਿੰਦਰ ਸਿੰਘ ਮਠਾੜੂ, ਜਗਦੀਸ਼ ਸਿੰਘ ਦੀਸ਼ਾ, ਹੈਪੀ, ਕੁਲਦੀਪ ਸਿੰਘ ਬਿੱਟੂ, ਬੂਟਾ ਸਿੰਘ, ਮਨਦੀਪ ਸਿੰਘ ਮਨੀ, ਸੁਦਾਗਰ ਸਿੰਘ ਕਲਸੀ, ਸੋਹਣ ਸਿੰਘ ਸੱਗੂ, ਸੁਖਵਿੰਦਰ ਸਿੰਘ ਸੀਹਰਾ, ਧਰਮ ਸਿੰਘ ਰਾਜੂ, ਜਗਤਾਰ ਸਿੰਘ ਬਲੀ ਸਮੂਹ ਮੈਂਬਰ ਆਦਿ ਹਾਜ਼ਰ ਸਨ।

## ਐੱਮ ਏ ਐੱਮ ਸਕੂਲ 'ਚ ਮਨਾਇਆ ਦੁਸਹਿਰਾ ਤੇ ਗਾਂਧੀ ਜਯੰਤੀ

**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਮੈਕਸ ਆਰਥਰ ਮੈਕਾਲਿਫ਼ ਪਬਲਿਕ ਸਕੂਲ ਵਿੱਚ ਬੱਚਿਆਂ ਨੇ ਦੁਸਹਿਰਾ ਤੇ ਗਾਂਧੀ ਜਯੰਤੀ ਮਨਾਈ।ਇਹ ਈਵੈਂਟ ਸਰਕਾਰੀ ਛੁੱਟੀ ਹੋਣ ਦੇ ਬਾਵਜੂਦ ਵਿਦਿਆਰਥੀਆਂ ਨੇ ਘਰ ਬੈਠੇ ਹੀ ਆਪਣੇ ਮਾਪਿਆਂ ਦੀ ਦੇਖ-ਰੇਖ ਵਿੱਚ ਮਨਾਇਆ।ਇਹ ਗਤੀਵਿਧੀ ਚਾਰ ਸਕੂਲ ਹਾਊਸ ਮਰਕਰੀ, ਮਾਰਸ, ਵੀਨਸ, ਜੁਪੀਟਰ ਵਿੱਚ ਕਾਰਵਾਈ ਗਈ, ਜਿਸ ਵਿੱਚ ਨਰਸਰੀ ਤੋਂ ਦੂਜੇ ਜਮਾਤ ਤੱਕ ਤੇ ਬੱਚਿਆਂ ਨੇ ਗਾਂਧੀ ਜੀ ਦੇ ਤਿੰਨ ਬਾਂਦਰਾਂ ਦਾ ਸੰਦੇਸ਼ 'ਬੁਰਾ ਨਾ ਦੇਖੋ, ਬੁਰਾ ਨਾ ਬੋਲੋ, ਬੁਰਾ ਨਾ ਸੁਣੋ' ਅਤੇ ਰਾਵਣ ਦੇ ਮਖੌਟੇ ਬਣਾਏ।ਤੀਜੀ ਜਮਾਤ ਤੋਂ ਲੈ ਕੇ ਪੰਜਵੀਂ ਤੱਕ ਦੇ ਬੱਚਿਆਂ ਨੇ ਰਾਵਣ ਦਾ ਪੁਤਲਾ ਤੇ ਗਾਂਧੀ ਜੀ ਦੀ ਯਾਦ ਵਿੱਚ ਰੂੰਈ ਜਾਂ ਧਾਗਾ ਕੱਤਣ ਵਾਲਾ ਚਰਖਾ ਬਣਾਇਆ।ਛੇਵੀਂ ਤੋਂ ਲੈ ਕੇ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਵੱਲੋਂ 'ਪੁਤਲੀ' ਨਾਟਕ ਖੇਡੇ ਗਏ ਅਤੇ ਗਾਂਧੀ ਜੀ ਦੇ ਜੀਵਨ ਨਾਲ ਸੰਬੰਧਤ ਸੱਚਾਈ, ਅਹਿੰਸਾ, ਸਾਦਗੀ, ਆਤਮ-ਨਿਰਭਰਤਾ, ਸਹਿਣਸ਼ੀਲਤਾ, ਅਨੁਸ਼ਾਸਨ, ਸੇਵਾ-ਭਾਵਨਾ ਆਦਿ ਨੂੰ ਦਰਸਾਉਂਦੇ ਹੋਏ ਪੋਸਟਰ ਤਿਆਰ ਕੀਤੇ ਗਏ।ਨੌਵੀਂ ਜਮਾਤ ਤੋਂ ਲੈ ਕੇ ਬਾਰਵੀਂ ਤੱਕ ਦੇ ਵਿਦਿਆਰਥੀਆਂ ਵੱਲੋਂ ਗਾਂਧੀ ਜੀ ਦਾ ਇੱਕ ਮਸ਼ਹੂਰ ਨਾਅਰਾ 'ਬਦਲਾਅ ਖ਼ੁਦ ਬਣੋ, ਜੋ ਬਦਲਾਅ ਤੁਸੀਂ ਦੁਨੀਆ ਵਿੱਚ ਦੇਖਣਾ ਚਾਹੁੰਦੇ ਹੋ, ਉਹ ਪਹਿਲਾਂ ਆਪਣੇ ਅੰਦਰ ਲਿਆਓ' ਨਾਲ ਸੰਬੰਧਤ ਸਲੋਗਨ ਤਿਆਰ ਕੀਤੇ ਗਏ।ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਡਾ. ਮੋਨਿਕਾ ਮਲਹੋਤਰਾ ਨੇ ਵਿਦਿਆਰਥੀਆਂ ਨੂੰ ਉਪਦੇਸ਼ ਦਿੰਦੇ ਹੋਏ ਸੱਚ ਤੇ ਅਹਿੰਸਾ ਦੇ ਰਾਹ 'ਤੇ ਚੱਲਣ ਲਈ ਕਿਹਾ।

## ਖੰਨਾ ਪੁਲਸ ਵੱਲੋਂ ਨਸ਼ਾ ਤਸਕਰੀ ਖ਼ਿਲਾ.ਫ ਵੱਡੀ ਕਾਰਵਾਈ, 1.155 ਕਿਲੋਗ੍ਰਾਮ ਹੈਰੋਇਨ ਸਮੇਤ 6 ਕਾਬੂ



**ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਮਾਣਯੋਗ ਡੀ.ਜੀ.ਪੀ. ਪੰਜਾਬ, ਮਾਣਯੋਗ ਆਈ. ਜੀ. ਲੁਧਿਆਣਾ ਰੇਂਜ ਤੇ ਸੀਨੀਅਰ ਕਪਤਾਨ ਪੁਲਸ ਖੰਨਾ ਜੀ ਦੇ ਦਿਸ਼ਾ-ਨਿਰਦੇਸ਼ ਅਧੀਨ ਖੰਨਾ ਪੁਲਸ ਵੱਲੋਂ ਨਸ਼ਿਆਂ ਦੇ ਕਾਰੋਬਾਰ ਖ਼ਿਲਾਫ਼ ਚਲਾਈ ਗਈ ਵਿਸ਼ੇਸ਼ ਮੁਹਿੰਮ ਦੌਰਾਨ ਵੱਡੀ ਸਫਲਤਾ ਮਿਲੀ ਹੈ।ਮੁਕੱਦਮਾ ਨੰਬਰ 147 ਮਿਤੀ 18.09.2025 ਅਧੀਨ ਧਾਰਾ 21/61/85 ਐੱਨ ਡੀ ਪੀ ਐੱਸ ਐਕਟ ਤਹਿਤ ਪੁਲਸ ਜ਼ਿਲ੍ਹਾ ਖੰਨਾ ਦੇ ਥਾਣਾ ਦੋਰਾਹਾ ਵਿੱਚ ਦਰਜ ਕਰਕੇ ਕਥਿਤ ਦੋਸ਼ੀ ਗੁਰਲਾਲ ਸਿੰਘ ਉਰਫ਼ ਗੋਰਾ, ਮੁਹੰਮਦ ਇਰਸ਼ਾਦ ਤੇ ਦਵਿੰਦਰ ਸਿੰਘ ਨੂੰ 1.005 ਕਿਲੋਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਗਿਆ।ਜਾਂਚ ਦੌਰਾਨ ਇਹ ਖੁਲਾਸਾ ਹੋਇਆ ਕਿ ਇਹ ਸਪਲਾਈ ਰੋਪੜ ਜੇਲ੍ਹ ਵਿੱਚ ਬੰਦ ਕਥਿਤ ਦੋਸ਼ੀ ਲਵਪ੍ਰੀਤ ਸਿੰਘ ਕਰਵਾ ਰਿਹਾ ਸੀ।ਜੇਲ੍ਹ ਪ੍ਰਬੰਧਕਾਂ ਨੇ ਉਸ ਤੋਂ ਮੋਬਾਈਲ ਫ਼ੋਨ ਬਰਾਮਦ ਕਰਕੇ ਵੱਖਰਾ ਕੇਸ ਮੁਕੱਦਮਾ ਥਾਣਾ ਸਿਟੀ ਰੋਪੜ ਵਿੱਚ ਦਰਜ ਕੀਤਾ।ਲਵਪ੍ਰੀਤ ਸਿੰਘ ਦੀ ਪੁੱਛਗਿੱਛ ਦੌਰਾਨ ਉਸ ਦੇ ਸਾਥੀਆਂ ਅਖ਼ੌਤੀ ਸ਼ਿਵ ਸੈਨਾ ਆਗੂ ਮਹੰਤ ਕਸ਼ਮੀਰ ਗਿਰੀ, ਦਿਨਕਰ ਕਾਲੀਆ ਉਰਫ਼ ਸੈਟੀ ਤੇ ਗੁਲਸ਼ਨ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਤੋਂ 80 ਗ੍ਰਾਮ ਹੈਰੋਇਨ ਤੇ ਇੱਕ ਟਾਟਾ ਟਿਆਗੋ ਕਾਰ ਬਰਾਮਦ ਕੀਤੀ ਗਈ।ਇਸੇ ਤਰ੍ਹਾਂ ਮੁਲਜ਼ਮਾਂ ਵੱਲੋਂ ਸਪਲਾਈ ਪ੍ਰਾਪਤ ਕਰਨ ਵਾਲੇ ਸ਼ੁਭਮ ਕੁਮਾਰ ਉਰਫ਼ ਬੰਬ ਨੂੰ ਵੀ ਗ੍ਰਿਫ਼ਤਾਰ ਕਰਕੇ ਉਸ ਤੋਂ 70 ਗ੍ਰਾਮ ਹੈਰੋਇਨ ਤੇ ਇੱਕ ਸਵਿਫ਼ਟ ਕਾਰ ਬਰਾਮਦ ਕੀਤੀ ਗਈ।ਸਾਰੇ ਕਥਿਤ ਦੋਸ਼ੀਆਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ ਤਾਂ ਜੋ ਹੋਰ ਤਫ਼ਤੀਸ਼ ਕਰਕੇ ਨਸ਼ਾ ਤਸਕਰੀ ਦੇ ਪੂਰੇ ਨੈੱਟਵਰਕ ਨੂੰ ਬੇਨਕਾਬ ਕੀਤਾ ਜਾ ਸਕੇ।

## ਖੇਤੀਬਾੜੀ ਵਿਭਾਗ ਵੱਲੋਂ ਪਰਾਲੀ ਪ੍ਰਬੰਧਨ ਸੰਬੰਧੀ ਕਿਸਾਨ ਸਿਖਲਾਈ ਕੈਂਪ



**ਬਠਿੰਡਾ (ਪਰਵਿੰਦਰਜੀਤ ਸਿੰਘ)**-ਪਿੰਡ ਨੇਹੀਆਂਵਾਲਾ, ਸਰਕਲ ਗੋਨਿਆਣਾ, ਬਲਾਕ ਬਠਿੰਡਾ ਵਿੱਚ ਪਰਾਲੀ ਦੇ ਸੁਚੱਜੇ ਪ੍ਰਬੰਧਨ ਸਬੰਧੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ।ਕੈਂਪ ਦੀ ਅਗਵਾਈ ਸ੍ਰੀ ਬਲਕਰਨ ਸਿੰਘ ਮਾਹਲ ਐੱਸ.ਡੀ.ਐੱਮ. ਬਠਿੰਡਾ ਨੇ ਕੀਤੀ।ਇਸ ਮੌਕੇ ਸ਼੍ਰੀ ਭੀਸ਼ਮ ਪਾਂਡੇ ਨਾਇਬ ਤਹਿਸੀਲਦਾਰ, ਡਾ. ਬਲਜਿੰਦਰ ਸਿੰਘ ਖੇਤੀਬਾੜੀ ਅਫਸਰ, ਡਾ. ਹਰਜਸਪਾਲ ਸ਼ਰਮਾ ਖੇਤੀਬਾੜੀ ਅਫਸਰ ਬਲਾਕ ਬਠਿੰਡਾ ਸਮੇਤ ਹੋਰ ਖੇਤੀਬਾੜੀ ਅਧਿਕਾਰੀ ਤੇ ਸ਼੍ਰੀ ਨਵਜੀਤ ਢਿੱਲੋਂ ਨੋਡਲ ਅਫਸਰ ਪਰਾਲੀ ਪ੍ਰਬੰਧਨ ਸਬ ਡਵੀਜ਼ਨ ਬਠਿੰਡਾ ਮੌਜੂਦ ਸਨ।ਡਾ. ਸਰਬਜੀਤ ਸਿੰਘ ਖੇਤੀਬਾੜੀ ਵਿਕਾਸ ਅਫਸਰ ਗੋਨਿਆਣਾ ਨੇ ਸਟੇਜ ਸੰਚਾਲਨ ਵਜੋਂ ਕੈਂਪ ਦੀ ਸ਼ੁਰੂਆਤ ਕੀਤੀ।ਡਾ. ਜਗਤ ਸਿੰਘ ਖੇਤੀਬਾੜੀ ਵਿਕਾਸ ਅਫਸਰ ਮਹਿਮਾ ਸਰਜਾ ਨੇ ਝੋਨੇ ਦੀਆਂ ਬਿਮਾਰੀਆਂ ਤੇ ਕੀੜਿਆਂ ਬਾਰੇ ਜਾਣਕਾਰੀ ਦਿੱਤੀ।ਇਸ ਤੋਂ ਬਾਅਦ ਡਾ. ਅਰਸ਼ਦੀਪ ਸਿੰਘ ਖੇਤੀਬਾੜੀ ਵਿਕਾਸ ਅਫਸਰ ਹਰਰਾਇਪੁਰ ਨੇ ਕਪਾਹ/ਨਰਮੇ ਦੀ ਫਸਲ ਤੇ ਬੀਜ ਉਤਪਾਦਨ ਬਾਰੇ ਜਾਣੂ ਕਰਵਾਇਆ।ਇਸ ਤੋਂ ਇਲਾਵਾ ਡਾ. ਬਲਜਿੰਦਰ ਸਿੰਘ ਖੇਤੀਬਾੜੀ ਅਫਸਰ ਨੇ ਪਰਾਲੀ ਨੂੰ ਖੇਤ ਵਿੱਚ ਵਾਹੁਣ ਦੀ ਮਹੱਤਤਾ ਦੱਸਦੇ ਹੋਏ ਮਿੱਟੀ ਦੀ ਸਿਹਤ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਐੱਸ.ਡੀ.ਐੱਮ. ਬਠਿੰਡਾ ਸ੍ਰੀ ਮਾਹਲ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਨਾ ਸਾੜਨ ਤੇ ਇਸ ਦਾ ਪ੍ਰਬੰਧ ਇਨ-ਸੀਟੂ ਜਾਂ ਐਕਸ-ਸੀਟੂ ਤਰੀਕਿਆਂ ਨਾਲ ਕਰਨ।ਡਾ. ਹਰਜਸਪਾਲ ਸ਼ਰਮਾ ਖੇਤੀਬਾੜੀ ਅਫ਼ਸਰ ਨੇ ਪਰਾਲੀ ਦੀ ਸੁਚੱਜੀ ਸੰਭਾਲ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਤੇ ਅੰਤ ਵਿੱਚ ਉਨ੍ਹਾਂ ਪ੍ਰਸ਼ਾਸਨਕ ਅਧਿਕਾਰੀਆਂ ਦਾ ਧੰਨਵਾਦ ਕੀਤਾ।ਕੈਂਪ ਵਿੱਚ ਖੇਤੀਬਾੜੀ ਯੂਨੀਅਨ ਆਗੂ, ਸਰਪੰਚ, ਪਟਵਾਰੀ ਤੇ ਇਲਾਕੇ ਦੇ ਹੋਰ ਸਤਿਕਾਰਯੋਗ ਕਿਸਾਨ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਖ਼ੁਰਾਕ ਤੇ ਸਿਵਲ ਸਪਲਾਈ ਵਿਭਾਗ ਵੱਲੋਂ ਹਰਮਨ ਪੈਟਰੋਲ ਪੰਪ ਦੀ ਚੈਕਿੰਗ

**ਫ਼ਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**-ਸਿਵਲ ਖ਼ੁਰਾਕ ਸਪਲਾਈ ਵਿਭਾਗ ਵੱਲੋਂ ਐਚਪੀ ਦੇ ਹਰਮਨ ਪੈਟਰੋਲ ਪੰਪ ਨੇੜੇ ਚਾਵਲਾ ਚੌਕ ਸਰਹਿੰਦ ਵਿਖੇ ਚੈਕਿੰਗ ਕੀਤੀ ਗਈ। ਡੀਐਫਐਸਓ ਕੇਵਲ ਸਿੰਘ ਨੇ ਦੱਸਿਆ ਕਿ ਉੱਚ ਅਧਿਕਾਰੀਆਂ ਦੇ ਹੁਕਮਾਂ ਤੇ ਸ਼ਿਕਾਇਤ ਮਿਲਣ ਤੇ ਹਰਮਨ ਪੈਟਰੋਲ ਪੰਪ ਤੇ ਸਰਹਿੰਦ ਵਿਖੇ ਚੈਕਿੰਗ ਕੀਤੀ ਗਈ ਹੈ, ਜਿਸ ਅਨੁਸਾਰ ਨੋਟਿਸ ਬੋਰਡ ਅਪਡੇਟ ਨਹੀਂ ਸੀ, ਸਟਾਕ ਰਜਿਸਟਰ ਚੈੱਕ ਕਰਨ ਤੇ ਪੈਟਰੋਲ 843 ਲੀਟਰ ਅਤੇ ਡੀਜ਼ਲ 514 ਲੀਟਰ ਘੱਟ ਪਾਇਆ ਗਿਆ। ਹਵਾ ਦਾ ਕੰਪਰੈਸ਼ਰ ਠੀਕ ਨਹੀਂ ਸੀ, ਤੇਲ ਪਾਉਣ ਵਾਲੀ ਮਸ਼ੀਨ ਵਿੱਚ ਖਰਾਬੀ ਸੀ, ਪ੍ਰਦੂਸ਼ਣ ਜਾਂਚ ਕੇਂਦਰ ਵੀ ਬੰਦ ਸੀ। ਉਨ੍ਹਾਂ ਕਿਹਾ ਕਿ ਉਹ ਇਸ ਦੀ ਜਾਂਚ ਰਿਪੋਰਟ ਉਚ ਅਧਿਕਾਰੀਆਂ ਨੂੰ ਪੇਸ਼ ਕਰਨਗੇ। ਪੈਟਰੋਲ ਪੰਪ ਦੇ ਮਾਲਕ ਐਸ ਐਸ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਪੈਟਰੌਲ ਪੰਪ ਦੇ ਮਾਪਦੰਡ ਪੂਰੇ ਰੱਖੇ ਹੋਏ ਹਨ। ਉਹ ਹਰੇਕ ਵਿਅਕਤੀ ਦੇ ਵਾਹਨ ਨੂੰ ਪੂਰਾ ਤੇਲ ਪਾਉਂਦੇ ਹਨ। ਉਨ੍ਹਾਂ ਦੇ ਤੇਲ ਵਾਲੇ ਟੈਂਕ ਟੇਢੇ ਪਾਏ ਹੋਏ ਹਨ, ਜਿਸ ਕਾਰਨ ਚੈੱਕ ਕਰਨ 'ਤੇ ਤੇਲ ਘੱਟ ਸ਼ੋਅ ਹੁੰਦਾ ਹੈ। ਉਨ੍ਹਾਂ ਨੇ ਐਚ.ਪੀ ਕੰਪਨੀ ਨੂੰ ਵੀ ਦੱਸਿਆ ਹੋਇਆ ਹੈ ਕਿ ਦੋਸ਼ ਗਲਤ ਤੇ ਬੇਬੁਨਿਆਦ ਹਨ।

## ਮਜ਼ਦੂਰ ਆਗੂ ਵਿਜੇ ਧੀਰ ਵੱਲੋਂ ਤਿੰਨ ਅੰਨ੍ਹੀਆਂ ਬੇਟੀਆਂ ਦੀ ਵਿਧਵਾ ਮਾਤਾ ਦੀ ਸਹਾਇਤਾ ਲਈ ਡੀ ਸੀ ਨੂੰ ਗੁਹਾਰ



**ਮੋਗਾ (ਇਕਬਾਲ ਸਿੰਘ ਖਹਿਰਾ)**

ਬੀਤੇ ਦਿਨੀ ਭਾਰੀ ਬਰਸਾਤਾਂ ਕਾਰਨ ਪੰਜਾਬ ਵਿੱਚ ਹੜ੍ਹ ਆਏ ਤੇ ਜਿੱਥੇ ਇਨ੍ਹਾਂ ਹੜ੍ਹਾਂ ਨੇ ਬਹੁਤ ਤਬਾਹੀ ਮਚਾਈ, ਉੱਥੇ ਭਾਰੀ ਬਰਸਾਤ ਕਾਰਨ ਸ਼ਹਿਰ ਵਿੱਚ ਵੀ ਗਰੀਬਾਂ ਦੇ ਰਿਹਾਇਸ਼ੀ ਮਕਾਨਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ।ਅਜਿਹਾ ਇੱਕ ਮਾਮਲਾ ਪੰਜਾਬ ਦੇਸ਼ਮ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਅਤਿ ਗਰੀਬ ਦਲਿਤ ਪਰਵਾਰ ਦਾ ਆਰਥਿਕ ਸਹਾਇਤਾ ਜਾਂ ਮੁਆਵਜ਼ਾ ਦੇਣ ਦੀ ਮੰਗ ਨੂੰ ਲੈ ਕੇ ਈ ਮੇਲ ਰਾਹੀਂ ਮੰਗ ਪੱਤਰ ਡਿਪਟੀ ਕਮਿਸ਼ਨਰ ਮੋਗਾ ਤੱਕ ਪਹੁੰਚਾਇਆ ਹੈ।ਪੰਜਾਬ ਦੇਸ਼ਮ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਤੇ ਜਨਰਲ ਸਕੱਤਰ ਪ੍ਰਵੀਨ ਕੁਮਾਰ ਸ਼ਰਮਾ ਨੇ ਦੱਸਿਆ ਕਿ ਮੋਗਾ ਦੇ ਲਾਲ ਸਿੰਘ ਰੋਡ ਦਾ ਇੱਕ ਅਤਿ ਗਰੀਬ ਦਲਿਤ ਪਰਵਾਰ ਹੈ, ਜਿਸ ਵਿੱਚ ਤਿੰਨ ਅਵਿਵਾਹਿਤ ਬੇਟੀਆਂ ਹਨ, ਜੋ ਤਿੰਨੇ ਬੇਟੀਆਂ ਅੱਖਾਂ ਤੋਂ ਪੂਰਨ ਤੌਰ 'ਤੇ ਅੰਨ੍ਹੀਆਂ ਹਨ ਅਤੇ ਇਨ੍ਹਾਂ ਦੀ ਮਾਤਾ ਵਿਧਵਾ ਹੈ।ਆਮਦਨ ਦਾ ਕੋਈ ਸਾਧਨ ਨਹੀਂ ਹੈ।ਹਾਲ ਹੀ ਵਿੱਚ ਆਈਆਂ ਭਾਰੀ ਬਰਸਾਤਾਂ ਵਿੱਚ ਇਨ੍ਹਾਂ ਦਾ ਮਕਾਨ ਢਹਿ ਗਿਆ ਹੈ।ਆਸ-ਪਾਸ ਦੇ ਹਮਦਰਦ ਲੋਕਾਂ ਨੇ ਪੈਸੇ ਇਕੱਠੇ ਕਰਕੇ ਢਹਿ ਗਏ ਮਕਾਨ ਦੀਆਂ ਕੰਧਾਂ ਦੀ ਮੁੜ ਉਸਾਰੀ ਕਰਵਾ ਦਿੱਤੀ ਹੈ, ਪ੍ਰੰਤੂ ਮਕਾਨ ਦੀਆਂ ਛੱਤਾਂ ਦੀ ਪੁਨਰ ਉਸਾਰੀ ਪੈਸੇ ਨਾ ਹੋਣ ਕਾਰਨ ਨਹੀਂ ਹੋ ਸਕੀ ਹੈ।ਧੀਰ ਨੇ ਦੱਸਿਆ ਕਿ ਇਹ ਪਰਵਾਰ ਕਿਰਾਏ ਦੀ ਜਗ੍ਹਾ 'ਤੇ ਰਹਿ ਰਿਹਾ ਹੈ।ਆਪਣੇ ਮਕਾਨ ਦੀਆਂ ਛੱਤਾਂ ਦੀ ਉਸਾਰੀ ਲਈ ਇਸ ਪਰਵਾਰ ਨੂੰ ਆਰਥਿਕ ਸਹਾਇਤਾ ਦੀ ਜ਼ਰੂਰਤ ਹੈ।ਧੀਰ ਨੇ ਦੱਸਿਆ ਕਿ ਫ਼ਲੱਡ ਰਿਲੀਫ਼ ਫੰਡ ਤੋਂ ਇਸ ਅਤੀ ਗਰੀਬ ਦਲਿਤ ਪਰਵਾਰ ਨੂੰ ਮੁਆਵਜ਼ਾ ਦੇਣ ਜਾਂ ਆਰਥਿਕ ਸਹਾਇਤਾ ਕਰਨ ਦੀ ਮੰਗ ਨੂੰ ਲੈ ਕੇ ਉਨ੍ਹਾਂ ਡਿਪਟੀ ਕਮਿਸ਼ਨਰ ਮੋਗਾ ਨੂੰ ਈ ਮੇਲ ਰਾਹੀਂ ਮੰਗ ਪੱਤਰ ਭੇਜਿਆ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ, ਪ੍ਰਦੀਪ ਭਾਰਤੀ ਐਡਵੋਕੇਟ, ਅਸ਼ੋਕ ਕਾਲੀਆ, ਪ੍ਰਵੀਨ ਕੁਮਾਰ ਸ਼ਰਮਾ, ਕੁਲਵਿੰਦਰ ਕੌਰ ਐੱਮ ਸੀ, ਸੱਤਪਾਲ ਸਿੰਘ ਭਾਗੀ ਕੇ, ਬੂਟਾ ਸਿੰਘ, ਪ੍ਰਭ ਪਲਤਾ ਤੇ ਸਹਿਜ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਸਾਹਿਤ ਸਭਾ ਭੈਣੀ ਸਾਹਿਬ ਦੀ ਮੀਟਿੰਗ 'ਚ ਗੀਤ ਤੇ ਕਵਿਤਾਵਾਂ ਦਾ ਚੱਲਿਆ ਦੌਰ



**ਸਮਰਾਲਾ (ਸੁਰਜੀਤ ਸਿੰਘ)**-ਸ਼ਹੀਦ ਭਗਤ ਸਿੰਘ ਨੂੰ ਸਮਰਪਤ ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਦੀ ਮਹੀਨਾਵਾਰ ਮਿਲਣੀ ਗੁਰਸੇਵਕ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਈ।ਇਸ ਮੌਕੇ ਮਸ਼ਹੂਰ ਸੰਗੀਤਕਾਰ ਜਨਾਬ ਚਰਨਜੀਤ ਸਿੰਘ ਅਹੂਜਾ ਦੀ ਮੌਤ 'ਤੇ ਸ਼ੋਕ ਮਤਾ ਪਾਇਆ ਗਿਆ ਤੇ ਉੱਘੇ ਪੰਜਾਬੀ ਗਾਇਕ ਰਾਜਵੀਰ ਸਿੰਘ ਜਵੰਧਾ ਦੀ ਤੰਦਰੁਸਤੀ ਵਾਸਤੇ ਅਰਦਾਸ ਕੀਤੀ ਗਈ।ਰਚਨਾਵਾਂ ਦੇ ਦੌਰ ਵਿੱਚ ਮਾਸਟਰ ਤੇਲੂ ਰਾਮ ਕੁਹਾੜਾ ਨੇ 'ਭੁਲੱਕੜ ਨਾਮਾ', ਸੋਮਨਾਥ ਸਿੰਘ ਭੱਟੀ ਹਰਨਾਮਪੁਰਾ ਨੇ ਗੀਤ, ਅਨਿਲ ਫਤਿਹਗੜ੍ਹ ਜੱਟਾਂ ਨੇ ਕਵਿਤਾ, ਗੀਤਕਾਰ ਕਰਨੈਲ ਸਿੰਘ ਸਿਵੀਆ ਨੇ ਬੈਂਤ, ਬਲਵੀਰ ਸਿੰਘ ਬੱਬੀ ਨੇ ਕਵਿਤਾ, ਗੁਰਪ੍ਰੀਤ ਸਿੰਘ ਗਰੇਵਾਲ ਨੇ ਕਵਿਤਾ, ਜਸਵੀਰ ਸਿੰਘ ਝੱਜ ਨੇ ਗੀਤ, ਨੇਤਰ ਸਿੰਘ ਮੁੱਤੋਂ ਨੇ ਕਵਿਤਾ, ਲਖਵੀਰ ਸਿੰਘ ਲੱਭਾ ਨੇ ਗੀਤ, ਬਲਵੰਤ ਸਿੰਘ ਵਿਰਕ ਨੇ ਕਵਿਤਾ, ਕਵੀਸ਼ਰ ਪ੍ਰੀਤ ਸਿੰਘ ਸੰਦਲ ਮਕਸੂਦੜਾ ਨੇ ਗੀਤ, ਦਲਵੀਰ ਸਿੰਘ ਕਲੇਰ ਨੇ ਗੀਤ, ਹਰਬੰਸ ਸਿੰਘ ਰਾਏ ਨੇ ਗੀਤ, ਮਨਜੀਤ ਸਿੰਘ ਰਾਗੀ ਨੇ ਕਵਿਤਾ, ਜਗਵੀਰ ਸਿੰਘ ਵਿੱਕੀ ਨੇ ਗੀਤ, ਗੁਰਸੇਵਕ ਸਿੰਘ ਢਿੱਲੋਂ ਨੇ ਗਜ਼ਲ ਆਦਿਕ ਰਚਨਾਵਾਂ ਪੇਸ਼ ਕੀਤੀਆਂ, ਪੜ੍ਹੀਆਂ, ਸੁਣੀਆਂ ਰਚਨਾਵਾਂ 'ਤੇ ਹਾਜ਼ਰ ਲੇਖਕਾਂ ਨੇ ਨਿੱਠ ਕੇ ਵਿਚਾਰ ਚਰਚਾ ਕੀਤੀ।ਇਸ ਤੋਂ ਇਲਾਵਾ ਮਾਸਟਰ ਤੇਲੂ ਰਾਮ ਕੁਹਾੜਾ ਨੇ 'ਜ਼ਿੰਦਗੀ ਦਾ ਮੇਲਾ' ਸਵੈ-ਜੀਵਨੀ ਪੁਸਤਕ, ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਮਕਸੂਦੜਾ ਨੂੰ ਭੇਟ ਕੀਤੀ।ਮੀਟਿੰਗ ਵਿੱਚ ਗਜ਼ਲਗੋ ਅਮਰਿੰਦਰ ਸਿੰਘ ਸੋਹਲ ਰਾਮਪੁਰ, ਪ੍ਰਭਜੋਤ ਸਿੰਘ ਰਾਮਪੁਰ, ਮਲਕੀਤ ਸਿੰਘ ਮਾਲੜਾ, ਨਰਾਇਣ ਸਿੰਘ ਵਜੀਦਪੁਰ, ਬਲਦੇਵ ਸਿੰਘ ਆਦਿਕ ਨੇ ਵੀ ਸ਼ਿਰਕਤ ਕੀਤੀ।ਮੀਟਿੰਗ ਦੀ ਕਾਰਵਾਈ ਸਭਾ ਦੇ ਜਨਰਲ ਸਕੱਤਰ ਜਗਵੀਰ ਸਿੰਘ ਵਿੱਕੀ ਨੇ ਬਹੁਤ ਖ਼ੂਬਸੂਰਤ ਅੰਦਾਜ਼ ਨਾਲ ਚਲਾਈ।ਗੁਰਸੇਵਕ ਸਿੰਘ ਢਿੱਲੋਂ ਨੇ ਹਾਜ਼ਰ ਸ਼ਾਇਰਾਂ ਦਾ ਧੰਨਵਾਦ ਕੀਤਾ।

## ਸਕੂਲ ਪ੍ਰਬੰਧਕ ਕਮੇਟੀਆਂ ਦਾ ਸਿਖਲਾਈ ਕੈਂਪ ਲਗਾਇਆ



**ਮਾਨਸਾ (ਆਤਮਾ ਸਿੰਘ ਪਮਾਰ)**-ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਣ ਤੇ ਬੱਚਿਆਂ ਦੇ ਬਿਹਤਰ ਭਵਿੱਖ ਲਈ ਸੈਂਟਰ ਸਕੂਲ ਫ਼ਤਹਿਪੁਰ ਅਧੀਨ ਪੈਂਦੇ ਸਾਰੇ ਸਕੂਲਾਂ ਦੀਆਂ ਪ੍ਰਬੰਧਕ ਕਮੇਟੀਆਂ ਦਾ ਇੱਕ ਰੋਜ਼ਾ ਸਿਖਲਾਈ ਕੈਂਪ ਸਰਕਾਰੀ ਪ੍ਰਾਈਮਰੀ ਸਕੂਲ ਫਤਿਹਪੁਰ ਵਿਖੇ ਲਗਾਇਆ ਗਿਆ।ਇਸ ਮੌਕੇ ਹਾਜ਼ਰ ਸਕੂਲ ਪ੍ਰਬੰਧਕ ਕਮੇਟੀਆਂ ਦੇ ਮੈਂਬਰਾਂ ਨੂੰ ਸੈਂਟਰ ਹੈੱਡ ਟੀਚਰ ਮਲਕੀਤ ਸਿੰਘ ਵੱਲੋਂ ਜੀ ਆਇਆਂ ਕਹਿੰਦਿਆਂ ਇੱਕ ਰੋਜ਼ਾ ਸਿਖਲਾਈ ਕੈਂਪ ਬਾਰੇ ਸੰਖੇਪ 'ਚ ਜਾਣਕਾਰੀ ਵੀ ਦਿੱਤੀ ਗਈ।ਬਲਾਕ ਰਿਸੋਰਸ ਕੋਆਰਡੀਨੇਟਰ ਜਸਵਿੰਦਰ ਸਿੰਘ ਨੇ ਕਮੇਟੀ ਮੈਂਬਰਾਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਤੇ ਸਕੂਲ ਵਿਕਾਸ ਲਈ ਉਨ੍ਹਾਂ ਦੀ ਅਹਿਮ ਭੂਮਿਕਾ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ।ਇਸ ਮੌਕੇ 'ਸਕੂਲ ਤਰੱਕੀ ਸਭ ਦੀ ਜ਼ਿੰਮੇਵਾਰੀ' ਸਲੋਗਨ ਤਹਿਤ ਕਮੇਟੀਆਂ ਦੇ ਅਹਿਮ ਰੋਲ ਬਾਰੇ ਖੁੱਲ੍ਹ ਕੇ ਚਰਚਾ ਕੀਤੀ ਗਈ।ਉਨ੍ਹਾਂ ਕਿਹਾ ਕਿ ਜਿਨ੍ਹਾਂ ਸਕੂਲਾਂ ਦੇ ਵਿਦਿਆਰਥੀਆਂ ਨੇ ਚੰਗੇ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ, ਉਸ ਵਿੱਚ ਕਮੇਟੀਆਂ ਦੀ ਭੂਮਿਕਾ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ, ਜਿਸ ਮੌਕੇ ਇੰਦਰਜੀਤ ਸਿੰਘ, ਹਰਬੰਸ ਸਿੰਘ, ਖੁਸ਼ਵਿੰਦਰ ਸਿੰਘ, ਹਰਦੀਪ ਸਿੰਘ, ਕ੍ਰਿਸ਼ਨ ਸਿੰਘ, ਬਲਵਿੰਦਰ ਸਿੰਘ ਤੇ ਜਸਵੀਰ ਸਿੰਘ ਭੰਮਾਂ ਤੋਂ ਇਲਾਵਾ ਐੱਸ ਐੱਮ ਸੀ ਦੇ ਚੇਅਰਮੈਨ ਤੇ ਮੈਂਬਰ ਹਾਜ਼ਰ ਸਨ।

## ਜ਼ੋਨ ਪੱਖੋ ਕਲਾਂ ਦੀ ਦੋ ਰੋਜ਼ਾ ਐਥਲੈਟਿਕ ਮੀਟ ਸਫਲਤਾਪੂਰਵਕ ਸੰਪੰਨ



**ਤਪਾ (ਮੁਨੀਸ਼ ਬਾਂਸਲ)**-69ਵੀਆਂ ਪੰਜਾਬ ਰਾਜ ਜ਼ੋਨਲ ਸਕੂਲ ਖੇਡਾਂ ਤਹਿਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਸੁਨੀਤਇੰਦਰ ਸਿੰਘ ਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਡਾ. ਬਰਜਿੰਦਰਪਾਲ ਸਿੰਘ ਦੀ ਅਗਵਾਈ ਹੇਠ ਕਰਵਾਈ ਗਈ ਜ਼ੋਨ ਪੱਖੋ ਕਲਾਂ ਦੀ ਦੋ ਰੋਜ਼ਾ ਐਥਲੈਟਿਕ ਮੀਟ ਸੇਂਟ ਜੇਵੀਅਰ ਸਕੂਲ ਰੂੜੇਕੇ ਕਲਾਂ ਵਿੱਚ ਸਫਲਤਾਪੂਰਵਕ ਸੰਪੰਨ ਹੋ ਗਈ ਹੈ।ਜ਼ੋਨਲ ਸਕੱਤਰ ਡੀ ਪੀ ਈ ਅਮਨਦੀਪ ਕੌਰ ਨੇ ਦੱਸਿਆ ਕਿ ਪਹਿਲੇ ਦਿਨ ਕਰਵਾਏ ਗਏ ਅੰਡਰ-19 ਸਾਲ ਉਮਰ ਵਰਗ ਮੁਕਾਬਲਿਆਂ ਦੇ 100 ਮੀਟਰ ਦੌੜ (ਲੜਕੇ) ਵਿੱਚ ਰਣਵੀਰ ਸਿੰਘ ਸਨਾਵਰ ਸਕੂਲ ਧੌਲਾ, ਕਰਨਵੀਰ ਸਿੰਘ ਸਸਸਸ ਪੱਖੋ ਕਲਾਂ ਤੇ ਅਕਾਸ਼ਦੀਪ ਸਿੰਘ ਸਸਸਸ ਰੂੜੇਕੇ ਕਲਾਂ, ਅੰਡਰ-19 ਕੁੜੀਆਂ ਦੇ ਲੰਬੀ ਛਾਲ ਵਿੱਚ ਕਿਰਨਾ ਸਸਸਸ ਪੱਖੋ ਕਲਾਂ, ਨਵਜੋਤ ਕੌਰ ਲੌਂਗਪੁਰੀ ਸਕੂਲ ਪੱਖੋ ਕਲਾਂ ਤੇ ਹਰਨੀਤ ਕੌਰ ਸਸਸਸ ਪੱਖੋ ਕਲਾਂ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ ਹੈ।ਦੂਸਰੇ ਦਿਨ ਕਰਵਾਏ ਗਏ ਅੰਡਰ-17 ਸਾਲ ਲੜਕੀਆਂ ਦੇ ਗੋਲਾ ਸੁੱਟਣ ਦੇ ਮੁਕਾਬਲੇ ਵਿੱਚ ਕੁਲਦੀਪ ਕੌਰ ਬ੍ਰਿਲੀਐਂਟ ਸਕੂਲ ਪੱਖੋ ਕਲਾਂ, ਕਮਲਜੋਤ ਕੌਰ ਸਹਸ ਬਦਰਾ ਤੇ ਸੁਖਪ੍ਰੀਤ ਕੌਰ ਸਹਸ ਬਦਰਾ, ਅੰਡਰ-17 ਲੜਕੇ ਦੇ 100 ਮੀਟਰ ਵਿੱਚ ਹਰਜੋਤ ਸਿੰਘ ਸੇਂਟ ਜੇਵੀਅਰ ਸਕੂਲ ਰੂੜੇਕੇ ਕਲਾਂ, ਜਸਕਰਨ ਸਿੰਘ ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਤੇ ਕਰਨਵੀਰ ਸਿੰਘ ਸੇਂਟ ਜੇਵੀਅਰ ਸਕੂਲ ਰੂੜੇਕੇ ਕਲਾਂ, ਅੰਡਰ-14 ਸਾਲ (ਲੜਕੇ) ਉੱਚੀ ਛਾਲ ਵਿੱਚ ਹੱਸਾਨ ਸਸਸਸ ਹੰਡਿਆਇਆ, ਹਨੀ ਸਿੰਘ ਸਸਸਸ ਹੰਡਿਆਇਆ ਤੇ ਕਰਨਪ੍ਰੀਤ ਸਿੰਘ ਜੀ ਐੱਸ ਸਕੂਲ ਧੌਲਾ, ਅੰਡਰ-14 ਲੜਕੀਆਂ ਦੇ ਲੰਬੀ ਛਾਲ ਵਿੱਚ ਖੁਸ਼ਪ੍ਰੀਤ ਕੌਰ ਸੇਂਟ ਜੇਵੀਅਰ ਸਕੂਲ ਰੂੜੇਕੇ ਕਲਾਂ, ਸਿਮਰਨਜੀਤ ਕੌਰ ਸਿੱਧ ਭੋਇ ਅਕੈਡਮੀ ਰੂੜੇਕੇ ਕਲਾਂ ਤੇ ਹਰਗੁਣਰੀਤ ਕੌਰ ਸੇਂਟ ਜੇਵੀਅਰ ਸਕੂਲ ਰੂੜੇਕੇ ਕਲਾਂ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ ਹੈ।ਜੇਤੂ ਖਿਡਾਰੀਆਂ ਦਾ ਮੈਡਲ ਪਾ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਸਕੂਲਾਂ ਦੇ ਸਰੀਰਕ ਸਿੱਖਿਆ ਅਧਿਆਪਕ ਤੇ ਖਿਡਾਰੀ ਤੇ ਪਤਵੰਤੇ ਮੌਜੂਦ ਸਨ।

## ਗੁਰੂ ਨਾਨਕ ਸਕੂਲ ਦੇ ਖਿਡਾਰੀਆਂ ਜ਼ਿਲ੍ਹਾ ਪੱਧਰੀ ਅਥਲੈਟਿਕ ਮੀਟ 'ਚ ਮਾਰੀਆਂ ਮੱਲਾਂ

**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਦੇ ਖਿਡਾਰੀਆਂ ਨੇ ਇੱਕ ਵਾਰ ਫਿਰ ਲੁਧਿਆਣਾ ਦੇ ਗੁਰੂ ਨਾਨਕ ਸਟੇਡੀਅਮ ਵਿੱਚ ਆਯੋਜਿਤ ਪੰਜਾਬ ਸਕੂਲ ਸਿੱਖਿਆ ਬੋਰਡ ਜ਼ਿਲ੍ਹਾ ਪੱਧਰੀ ਐਥਲੈਟਿਕਸ ਮੀਟ-2025 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣੀ ਬੇਮਿਸਾਲ ਪ੍ਰਤਿਭਾ ਦਿਖਾਈ ਹੈ।ਆਪਣੀ ਪ੍ਰਭਾਵਸ਼ਾਲੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਦੇ ਹੋਏ ਗੁਰਕਰਨ ਸਿੰਘ (ਅੰਡਰ-14) ਨੇ 400 ਮੀਟਰ ਦੌੜ, ਸੁਨੇਹਾਪ੍ਰੀਤ ਕੌਰ (ਅੰਡਰ-17) ਨੇ ਉੱਚੀ ਛਾਲ, ਗੁਰਲੀਨ ਕੌਰ (ਅੰਡਰ-17) ਨੇ 200 ਮੀਟਰ ਦੌੜ ਤੇ ਗੁਰਲੀਨ ਕੌਰ ਦਿਓਲ (ਅੰਡਰ-19) ਨੇ 400 ਮੀਟਰ ਦੌੜ ਵਿੱਚ ਕਾਂਸੀ ਤਮਗੇ ਪ੍ਰਾਪਤ ਕਰਕੇ ਸਕੂਲ ਤੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ।ਇਸ ਤੋਂ ਇਲਾਵਾ ਅਨੂਪਜੋਤ ਕੌਰ (ਅੰਡਰ-14) ਦਿਵਾਂਸ਼ੀ (ਅੰਡਰ-14), ਅਕਸ਼ਿਤਾ (ਅੰਡਰ-14), ਹਰਗੁਣਦੀਪ ਕੌਰ (ਅੰਡਰ-14), ਕਮਲਪ੍ਰੀਤ ਕੌਰ (ਅੰਡਰ-17), ਖੁਸ਼ਵੀਰ ਕੌਰ (ਅੰਡਰ-17), ਕਨਿਕਾ (ਅੰਡਰ-19), ਵੰਸ਼ ਗਰਗ (ਅੰਡਰ-14), ਗੌਰਵ ਅੱਤਰੀ (ਅੰਡਰ-14), ਜਗਵਿੰਦਰ ਸਿੰਘ (ਅੰਡਰ-14), ਗੁਰਜੋਤ ਸਿੰਘ (ਅੰਡਰ-17), ਹਰਬੀਰ ਸਿੰਘ (ਅੰਡਰ-17), ਜਪਨਪ੍ਰੀਤ ਸਿੰਘ (ਅੰਡਰ-17), ਹਬੀਸ਼ ਘਈ (ਅੰਡਰ-17) ਨੇ ਵੱਖ-ਵੱਖ ਦੌੜਾਂ ਵਿੱਚ ਹਿੱਸਾ ਲਿਆ।ਗੁਰੂ ਨਾਨਕ ਪ੍ਰਬੰਧਕ ਬੋਰਡ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ ਨੇ ਆਪਣੀ ਖ਼ੁਸ਼ੀ ਜ਼ਾਹਰ ਕਰਦਿਆਂ ਦੱਸਿਆ ਪੰਜਾਬ ਸਕੂਲ ਸਿੱਖਿਆ ਬੋਰਡ ਖੇਡਾਂ ਵਿੱਚ ਜ਼ੋਨਲ ਮੀਟ ਵਿੱਚ 27 ਸੋਨੇ, 12 ਚਾਂਦੀ ਤੇ 2 ਕਾਂਸੀ ਦੇ ਤਮਗੇ ਜਿੱਤਣ ਤੋਂ ਬਾਅਦ, ਸਾਡੇ ਨੌਜਵਾਨ ਖਿਡਾਰੀਆਂ ਨੇ ਜ਼ਿਲ੍ਹਾ ਪੱਧਰੀ ਟੂਰਨਾਮੈਂਟਾਂ ਵਿੱਚ ਵੀ ਆਪਣਾ ਸਭ ਤੋਂ ਵਧੀਆ ਪ੍ਰਦਰਸ਼ਨ ਕੀਤਾ ਹੈ।ਇਸ ਜ਼ੋਨਲ ਪੱਧਰੀ ਐਥਲੈਟਿਕਸ ਈਵੈਂਟ-2025 ਨੇ ਜੇਤੂ ਖਿਡਾਰੀਆਂ ਨੂੰ ਉੱਚ ਪੱਧਰ 'ਤੇ ਆਪਣੀ ਕਲਾ ਨੂੰ ਪ੍ਰਦਰਸ਼ਤ ਕਰਨ ਦਾ ਸੁਨਹਿਰੀ ਮੌਕਾ ਪ੍ਰਦਾਨ ਕੀਤਾ।ਕਾਰਜਕਾਰੀ ਪ੍ਰਸ਼ਾਸਕ ਰੁਪਿੰਦਰ ਬਰਾੜ ਨੇ ਕਿਹਾ ਕਿ ਖਿਡਾਰੀਆਂ ਤੇ ਉਨ੍ਹਾਂ ਦੇ ਕੋਚ ਊਧਮ ਸਿੰਘ ਦੀ ਸਖ਼ਤ ਘਾਲਣਾ ਰੰਗ ਲਿਆਈ ਹੈ।ਮੈਨੂੰ ਯਕੀਨ ਹੈ ਕਿ ਉਹ ਇਸੇ ਤਰ੍ਹਾਂ ਭਵਿੱਖ ਵਿੱਚ ਵੀ ਸਕੂਲ ਦਾ ਨਾਮ ਰੋਸ਼ਨ ਕਰਨ ਵਿੱਚ ਯੋਗਦਾਨ ਪਾਉਂਦੇ ਰਹਿਣਗੇ।ਸਕੂਲ ਪ੍ਰਿੰਸੀਪਲ ਡਾ. ਡੀ ਪੀ ਠਾਕੁਰ ਨੇ ਜ਼ਿਲ੍ਹਾ ਪੱਧਰ 'ਤੇ ਆਪਣੀ ਪ੍ਰਤਿਭਾ ਤੇ ਸਖ਼ਤ ਮਿਹਨਤ ਦਾ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ, ਉਨ੍ਹਾਂ ਦੇ ਕੋਚ ਤੇ ਮਾਪਿਆਂ ਨੂੰ ਵੀ ਵਧਾਈ ਦਿੱਤੀ।

## ਨੌਵੇਂ ਪਾਤਸ਼ਾਹ ਦੇ ਆਗਮਨ ਦਿਵਸ ਨੂੰ ਸਮਰਪਤ ਗੁਰਮਤਿ ਸਮਾਗਮ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਛੋਹ ਅਸਥਾਨ ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ ਵਿਖੇ ਆਗਮਨ ਦਿਵਸ ਨੂੰ ਸਮਰਪਤ ਰੱਖੇ ਗਏ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਇਸ ਮੌਕੇ ਹੈੱਡ ਗ੍ਰੰਥੀ ਭਾਈ ਹਰਵਿੰਦਰ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਹਜ਼ੂਰੀ ਰਾਗੀ ਕੀਰਤਨੀ ਜੱਥਿਆਂ ਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਮੈਨੇਜਰ ਭਾਗ ਸਿੰਘ ਸਮੇਤ ਵੱਖ ਵੱਖ ਸਿੱਖ ਜਥੇਬੰਦੀਆਂ ਦੇ ਅਹੁਦੇਦਾਰ ਸ਼ਾਮਲ ਸਨ।ਇਸ ਮੌਕੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਜਿੱਥੇ ਸੰਗਤਾਂ ਨੂੰ ਆਗਮਨ ਦਿਵਸ ਦੀ ਵਧਾਈ ਦਿੱਤੀ, ਉਥੇ ਹੀ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਮੋਤੀ ਬਾਗ ਸਾਹਿਬ ਵਿਖੇ ਪੁੱਜਣ ਦੇ ਇਤਿਹਾਸ ਬਾਰੇ ਜਾਣੂੰ ਕਰਵਾਇਆ।ਉਪਰੰਤ ਦੇਰ ਸ਼ਾਮ ਆਗਮਨ ਦਿਵਸ ਦੇ ਸਬੰਧ ਵਿੱਚ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ।ਇਸ ਦੌਰਾਨ ਹੋਰਨਾਂ ਤੋਂ ਇਲਾਵਾ ਮੀਤ ਮੈਨੇਜਰ ਗੁਰਬਚਨ ਸਿੰਘ, ਸ੍ਰੀ ਗੁਰੂ ਤੇਗ ਬਹਾਦਰ ਜਥੇ ਦੇ ਪ੍ਰਧਾਨ ਪ੍ਰੇਮ ਸਿੰਘ, ਸ਼ਮਸ਼ੇਰ ਸਿੰਘ ਬਡੂੰਗਰ, ਸਿਮਰਨ ਗਰੇਵਾਲ, ਪ੍ਰਚਾਰਕ ਪਰਵਿੰਦਰ ਸਿੰਘ ਬਰਾੜਾ, ਗੁਰਪਿਆਰ ਸਿੰਘ ਜੌਹਰ, ਸਾਬਕਾ ਮੈਨੇਜਰ ਸੁਖਵਿੰਦਰ ਸਿੰਘ, ਅਮਰਜੀਤ ਸਿੰਘ ਜਾਗਦੇ ਰਹੋ ਆਦਿ ਸ਼ਾਮਲ ਸਨ।

# ਕੰਟਰੈਕਟ ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) ਯੂਨੀਅਨ ਪੰਜਾਬ ਨੇ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ ਸੌਂਪਿਆ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਕੰਟਰੈਕਟ ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) ਯੂਨੀਅਨ ਪੰਜਾਬ ਵੱਲੋਂ ਬਲਾਕ ਵਿਖੇ ਪਹੁੰਚੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਆਪਣੀਆਂ ਮੰਗਾਂ ਪ੍ਰਤੀ ਹਲਕਾ ਤਰਨਤਾਰਨ ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ ਤੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੂੰ ਸੁਖਬੀਰ ਕੌਰ ਚਿੱਲੋਂ ਸੀਨੀਅਰ ਮੀਤ ਪ੍ਰਧਾਨ ਪੰਜਾਬ, ਰਣਜੀਤ ਕੌਰ, ਕੰਵਲਜੀਤ ਕੌਰ, ਦਲਜੀਤ ਕੌਰ, ਸੁਖਵਿੰਦਰ ਕੌਰ ਦੀ ਅਗਵਾਈ ਹੇਠ ਮੰਗ ਪੱਤਰ ਸੌਂਪਿਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 24.02.2014 ਨੂੰ ਬਕਾਇਆ ਤਨਖਾਹ ਦੀ ਮਨਜ਼ੂਰੀ ਦੇਣ ਤੋਂ ਉਪਰੰਤ 22.12.2015 ਵਿਭਾਗ ਵੱਲੋਂ ਹੁਕਮ ਜਾਰੀ ਕਰ ਸਨ।ਪ੍ਰੰਤੂ ਇਕ ਕੋਰਟ ਕੇਸ ਦਾ ਹਵਾਲਾ ਦੇ ਹੁਕਮਾਂ ਤੇ ਰੋਕ ਲਗਾਈ ਸੀ।ਹੁਣ ਰੋਕ ਮਾਨਯੋਗ ਕੋਰਟ ਵੱਲੋਂ ਹਟਾ ਦਿੱਤੀ ਗਈ ਹੈ। 22.12.2015 ਵਾਲੇ ਦਫਤਰੀ ਹੁਕਮ ਲਾਗੂ ਕੀਤੇ ਜਾਣ ਕੰਟਰੈਕਟ ਮਲਟੀਪਰਪਜ਼ ਹੈਲਥ ਵਰਕਰ ਫੀਮੇਲ ਨੂੰ 17.09.2019 ਦੇ ਪੱਤਰ ਅਨੁਸਾਰ ਅਪ੍ਰੈਲ 2019 ਤੋਂ ਐਨਸੀਡੀ ਪੋਰਟਲ ਤੇ 3 213 ਐਂਟਰੀ ਕਰਨ ਦੇ 1000 ਰੁਪਏ ਮਹੀਨਾ ਦਿੱਤਾ ਜਾਂਦਾ ਸੀ। ਜਨਵਰੀ 2021 ਤੱਕ ਇਹ 1000 ਰੁਪਏ ਮਹੀਨਾ ਦਿੱਤਾ ਜਾਂਦਾ ਸੀ।ਜਨਵਰੀ 2021 ਤੋਂ ਇਹ 1000 ਰੁਪਏ ਨੂੰ ਬੰਦ ਕਰ ਦਿੱਤਾ ਗਿਆ ਹੈ ਪ੍ਰੰਤੂ ਐਨੱਐਮ ਨੂੰ ਲਗਾਤਾਰ ਆਨਲਾਈਨ ਕੰਮ ਦਿੱਤਾ ਜਾ ਰਿਹਾ ਹੈ ਜਿਵੇਂ ਅਨਮੋਲ ਯੂਵਿਨ, ਜਨਮ ਮੌਤ ਅਤੇ ਸਮੇਂ-ਸਮੇਂ ਤੇ ਮੰਗੀਆਂ ਗਈਆਂ



ਰਿਪੋਰਟਾਂ ਆਨਲਾਈਨ ਕਰਨੀਆਂ ਆਦਿ। ਐਨੱਐਮ ਨੂੰ ਆਨਲਾਈਨ ਕੰਮ ਕਰਨ ਦਾ 5000 ਰੁਪਏ ਇਨਸੈਂਟਿਵ ਦਿੱਤਾ ਜਾਵੇ।ਕੰਟਰੈਕਟ ਮਲਟੀ ਪਰਪਜ਼ ਹੈਲਥ ਵਰਕਰ ਫੀਮੇਲ ਜੇਕਰ ਇੱਕ ਤੋਂ ਵੱਧ ਸੈਂਟਰਾਂ 'ਤੇ ਕੰਮ ਕਰਦੀ ਹੈ ਤਾਂ ਉਸ ਨੂੰ ਟੀਮ ਬੇਸ ਇਨਸੈਂਟਿਵ 1500 ਵਾਧੂ ਸੈਂਟਰਾਂ ਦੇ ਚਾਰਜ ਦੇ ਹਿਸਾਬ ਨਾਲ ਦਿੱਤਾ ਜਾਵੇ ਕਿਉਂਕਿ ਸੈਂਟਰਾਂ ਵੱਲੋਂ ਪੂਰੀ ਟੀਮ ਦਾ ਇਨਸੈਂਟਿਵ ਆਉਂਦਾ ਹੈ।ਕੰਟਰੈਕਟ ਮਲਟੀ ਪਰਪਜ਼ ਹੈਲਥ ਵਰਕਰ ਫੀਮੇਲ ਨੂੰ ਇੱਕ ਸਤੰਬਰ 2019 ਤੋਂ 500+700 ਮਹੀਨਾ ਵਾਰ ਟੂਰ ਭੱਤਾ ਅਤੇ ਵਰਦੀ ਭੱਤਾ ਦਿੱਤਾ ਜਾਂਦਾ ਹੈ।

ਅੱਜ ਦੀ ਮਹਿੰਗਾਈ ਦੇ ਹਿਸਾਬ ਨਾਲ ਇਸ ਨੂੰ ਦੁੱਗਣਾ ਕੀਤਾ ਜਾਵੇ, ਕੰਟਰੈਕਟ ਮਲਟੀਪਰਪਜ਼ ਹੈਲਥ ਵਰਕਰ ਫੀਮੇਲ ਰਿਟਾਇਰ ਹੋ ਚੁੱਕੀਆਂ ਹਨ ਜਾਂ ਹੋਣ ਜਾ ਰਹੀਆਂ ਹਨ ਉਨ੍ਹਾਂ ਨੂੰ ਸਰਕਾਰ ਵੱਲੋਂ ਘੱਟ ਤੋਂ ਘੱਟ 5 ਲੱਖ ਦੀ ਵਿੱਤੀ ਸਹਾਇਤਾ ਦਿੱਤੀ ਜਾਵੇ ਤਾਂ ਜੋ ਉਹ ਆਪਣੀ ਜ਼ਿੰਦਗੀ ਵਧੀਆ ਤਰੀਕੇ ਨਾਲ ਬਿਤਾ ਸਕਣ ਕਿਸੇ ਵਿੱਤੀ ਸੰਕਟ ਤੋਂ ਕੱਟ ਸਕਣ ਕਿਉਂਕਿ ਹੋਰ ਮੁਲਾਜ਼ਮਾਂ ਨੂੰ ਕੋਈ ਪੈਨਸ਼ਨ ਅਤੇ ਮੈਡੀਕਲ ਸਹੂਲਤ ਨਹੀਂ ਮਿਲਦੀ ਨਾ ਹੀ ਸਰਵਿਸ ਦੌਰਾਨ ਵਧੀਆ ਤਨਖਾਹ ਦਿੱਤੀ ਜਾਂਦੀ ਹੈ। ਜੋ ਉਹ ਆਪਣੇ ਭਵਿੱਖ ਲਈ ਕੁਝ ਬੱਚਤ ਕਰ ਸਕਣ।ਨੋਟੀਫਿਕੇਸ਼ਨ ਮੁਤਾਬਕ 20-25 ਸਾਲ ਨਿਰੂਤੀਆਂ ਤਨਖਾਹਾਂ 'ਤੇ ਕੰਮ ਕਰਦੇ ਹਨ ਅਤੇ ਰਿਟਾਇਰਮੈਂਟ ਸਮੇਂ ਖਾਲੀ ਹੱਥ ਘਰ ਜਾਂਦੇ ਹਨ।

ਯੂਨੀਅਨ ਵੱਲੋਂ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਮੰਗ ਪੱਤਰ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਵੇ। ਜੋ ਕੰਟਰੈਕਟ ਮਲਟੀ ਪਰਪਜ਼ ਹੈਲਥ ਵਰਕਰ ਫੀਮੇਲ ਰਿਟਾਇਰ ਹੋ ਚੁੱਕੀਆਂ ਹਨ ਜਾਂ ਜਿਨ੍ਹਾਂ ਦੀ ਉਮਰ 58 ਸਾਲ ਦੀ ਉਮਰ ਪੂਰੀ ਹੋਣ ਜਾ ਰਹੀ ਹੈ ਉਨ੍ਹਾਂ ਨੂੰ ਆਸ਼ਾ ਵਰਕਰ ਦੀ ਤਰ੍ਹਾਂ 62 ਸਾਲ ਦੀ ਉਮਰ ਤੱਕ ਰਿਟਾਇਰਮੈਂਟ ਦਾ ਵਾਧਾ ਦਿੱਤਾ ਜਾਵੇ।

# ਬਲਾਕ ਤਰਸਿੱਕਾ ਦੀ ਮੁੜ ਬਹਾਲੀ ਹੋਣੀ ਚਾਹੀਦੀ: ਨਿਜ਼ਾਮਪੁਰ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਲਖਬੀਰ ਸਿੰਘ ਨਿਜ਼ਾਮਪੁਰ ਜ਼ਿਲ੍ਹਾ ਸਕੱਤਰ ਭਾਰਤੀ ਕਮਿਊਨਿਸਟ ਪਾਰਟੀ ਅੰਮ੍ਰਿਤਸਰ ਅਤੇ ਸੂਬਾ ਸਕੱਤਰ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਨੇ ਜਾਰੀ ਕੀਤੇ ਬਿਆਨ ਵਿੱਚ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਦਾ ਮੁੱਖ ਧੁਰਾ ਬਲਾਕਾਂ ਦੇ ਪੁਨਰਗਠਨ ਸੰਬੰਧੀ ਜੋ ਫੈਸਲਾ ਕੀਤਾ ਹੈ ਉਹ ਦਰਅਸਲ ਰਾਜ ਕਰਦੀ ਪਾਰਟੀ ਵੱਲੋਂ ਪਿਛਲੀਆਂ ਸਰਕਾਰਾਂ ਵੱਲੋਂ ਕੀਤੇ ਗਏ ਲੋਕ ਮਾਰੂ ਫੈਸਲਿਆਂ ਦੀ ਅਗਲੀ ਕੜੀ ਹੈ। 8 ਅਗਸਤ 2025 ਨੂੰ ਸਕੱਤਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਜਿਸ ਰਾਹੀਂ ਅਜਨਾਲਾ ਵਿਧਾਨ ਸਭਾ ਅੰਦਰ ਅਜਨਾਲਾ ਅਤੇ ਰਮਦਾਸ ਬਲਾਕ, ਰਾਜਾਸਾਂਸੀ ਵਿਧਾਨ ਸਭਾ ਅੰਦਰ ਹਰਸ਼ਾ ਛੀਨਾ ਅਤੇ ਚੋਗਾਵਾਂ ਬਲਾਕ, ਅਟਾਰੀ ਵਿਧਾਨ ਸਭਾ ਵਿੱਚ ਅਟਾਰੀ ਅਤੇ ਵੇਰਕਾ ਬਲਾਕ, ਮਜੀਠਾ ਵਿਧਾਨ ਸਭਾ ਜਿਥੇ ਪਹਿਲਾਂ ਇੱਕ ਬਲਾਕ ਮਜੀਠਾ ਸੀ ਉਥੇ ਇੱਕ ਨਵਾਂ ਬਲਾਕ ਮਜੀਠਾ -2 ਬਣਾ ਦਿੱਤਾ ਗਿਆ ਹੈ।ਜੰਡਿਆਲਾ ਗੁਰੂ ਵਿਧਾਨ ਸਭਾ ਹਲਕੇ ਦੀ ਅਗਵਾਈ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਕਰਦੇ ਹਨ।ਇਸ ਵਿਧਾਨ ਸਭਾ ਹਲਕੇ ਅੰਦਰ ਦੋ ਬਲਾਕ ਜੰਡਿਆਲਾ ਗੁਰੂ ਅਤੇ ਤਰਸਿੱਕਾ ਆਉਂਦੇ ਸਨ। ਨਵੇਂ ਨੋਟੀਫਿਕੇਸ਼ਨ ਅਨੁਸਾਰ ਤਰਸਿੱਕਾ ਬਲਾਕ ਖਤਮ ਕਰਕੇ ਇਸ ਅਧੀਨ ਆਉਂਦੇ ਤਕਰੀਬਨ 60



ਤੋਂ ਵੱਧ ਪਿੰਡ ਜੰਡਿਆਲਾ ਗੁਰੂ ਬਲਾਕ ਵਿੱਚ ਸ਼ਾਮਲ ਕਰ ਦਿੱਤੇ ਗਏ ਹਨ।ਅੰਮ੍ਰਿਤਸਰ ਜ਼ਿਲ੍ਹੇ ਅੰਦਰ ਬਲਾਕ ਪੁਨਰਗਠਨ ਦੇ ਨਾਮ ਥੱਲੇ ਜਿਥੇ ਦੋ ਨਵੇਂ ਬਲਾਕ ਰਮਦਾਸ (ਅਜਨਾਲਾ) ਅਤੇ ਮਜੀਠਾ-2 (ਮਜੀਠਾ) ਬਣਾਏ ਗਏ ਹਨ ਉਥੇ 1960 ਤੋਂ ਬਣੇ ਤਰਸਿੱਕਾ ਬਲਾਕ (ਜੰਡਿਆਲਾ ਗੁਰੂ) ਦਾ ਭੋਗ ਪਾ ਦਿੱਤਾ ਗਿਆ ਜਿਸ ਵਿਧਾਨ ਸਭਾ ਹਲਕੇ ਦੀ ਨੁਮਾਇੰਦਗੀ ਹਰਭਜਨ ਸਿੰਘ ਈਟੀਓ ਕਰਦੇ ਹਨ।ਤਰਸਿੱਕਾ ਬਲਾਕ ਪੰਚਾਇਤੀ ਰਾਜ ਵਿਭਾਗ ਦੇ ਹੋਂਦ ਵਿੱਚ ਆਉਣ ਵੇਲੇ ਇਸ ਹਲਕੇ ਤੋਂ ਭਾਰਤੀ ਕਮਿਊਨਿਸਟ ਪਾਰਟੀ ਦੇ ਉਸ ਵੇਲੇ ਇਸ ਹਲਕੇ ਦੇ ਪ੍ਰਤੀਨਿਧ ਕਾਮਰੇਡ ਮੱਖਣ ਸਿੰਘ ਤਰਸਿੱਕਾ ਦੇ ਯਤਨਾਂ ਨਾਲ ਮਾਣਯੋਗ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੀ ਯੋਗ ਅਗਵਾਈ ਹੇਠ ਬਣਿਆ ਸੀ। ਜਿਸ ਨੇ ਇਲਾਕੇ ਦੇ ਵਿਕਾਸ ਵਿੱਚ ਮਹੱਤਵਪੂਰਣ ਯੋਗਦਾਨ ਪਾਇਆ ਹੈ।ਪਰੰਤੂ ਹੁਣ ਸਰਕਾਰ ਦੇ ਤਰਸਿੱਕਾ ਬਲਾਕ ਵਿਕਾਸ ਅਤੇ ਪੰਚਾਇਤ ਦਫਤਰ ਖਤਮ ਕਰਨ ਨਾਲ ਜਿਥੇ ਆਮ ਲੋਕਾਂ ਨੂੰ ਪ੍ਰੇਸ਼ਾਨੀ ਆਵੇਗੀ ਉਥੇ ਇਸ ਇਲਾਕੇ ਦੇ ਵਿਕਾਸ 'ਤੇ ਵੀ ਮਾੜਾ ਅਸਰ ਪਵੇਗਾ ਜਿਸ ਕਰਕੇ ਇਲਾਕਾ ਵਾਸੀਆਂ ਵੱਲੋਂ ਇਸ ਬੇਇਨਸਾਫੀ ਖਿਲਾਫ ਸੰਘਰਸ਼ ਸ਼ੁਰੂ ਕੀਤਾ ਗਿਆ ਹੈ।ਭਾਰਤੀ ਕਮਿਊਨਿਸਟ ਪਾਰਟੀ ਅਤੇ ਇਨਕਲਾਬੀ ਮਾਰਕਸੀ ਪਾਰਟੀ ਦੇ ਆਗੂਆਂ ਕਾ. ਲਖਬੀਰ ਸਿੰਘ ਨਿਜ਼ਾਮਪੁਰ ਅਤੇ ਬਲਦੇਵ ਸਿੰਘ ਸੈਦਪੁਰ ਦੀ ਅਗਵਾਈ ਹੇਠ ਇਲਾਕੇ ਦੇ ਲੋਕਾਂ ਅਤੇ ਕਿਸਾਨ ਮਜ਼ਦੂਰ ਜਥੇਬੰਦੀਆਂ ਦੀ ਮੀਟਿੰਗ ਇੱਕ ਸਤੰਬਰ ਨੂੰ ਤਰਸਿੱਕਾ ਬਲਾਕ ਅੰਦਰ ਕੀਤੀ ਗਈ ਜਿਸ ਵਿੱਚ ਤਰਸਿੱਕਾ ਬਲਾਕ ਬਚਾਓ ਮੋਰਚੇ ਸੰਬੰਧੀ ਇੱਕ ਕਮੇਟੀ ਦਾ ਗਠਨ ਕੀਤਾ ਗਿਆ।

ਕਮੇਟੀ ਨੇ ਹਲਕੇ ਦੇ ਮੰਤਰੀ ਹਰਭਜਨ ਸਿੰਘ ਈਟੀਓ ਨੂੰ ਮਿਲਣ ਦਾ ਫੈਸਲਾ ਕੀਤਾ ਪਰੰਤੂ ਮੰਤਰੀ ਅਤੇ ਉਸ ਦੀ ਪਾਰਟੀ ਦੇ ਆਗੂਆਂ ਨੇ ਕਮੇਟੀ ਦੇ ਪਤੀਨਿਧਾਂ ਨੂੰ ਮਿਲਣਾ ਠੀਕ ਨਹੀਂ ਸਮਝਿਆ।ਬਲਾਕ ਬਚਾਉਣ ਸੰਬੰਧੀ 9 ਸਤੰਬਰ ਨੂੰ ਸੰਘਰਸ਼ ਕਮੇਟੀ ਵੱਲੋਂ ਫੈਸਲਾ ਕੀਤਾ ਤੇ ਸੰਘਰਸ਼ ਚਲਦਾ ਰਿਹਾ। ਹੁਣ ਪੰਚਾਇਤੀ ਰਾਜ ਵਿਭਾਗ ਨੇ 26 ਸਤੰਬਰ ਨੂੰ ਇੱਕ ਪੱਤਰ ਜਾਰੀ ਕਰਕੇ ਤਰਸਿੱਕਾ ਬਲਾਕ ਨੂੰ ਮੁਕੰਮਲ ਤੌਰ 'ਤੇ ਬੰਦ ਕਰਕੇ ਇਸ ਬਲਾਕ ਅਧੀਨ ਆਉਂਦੇ ਪਿੰਡਾਂ ਨੂੰ ਜੰਡਿਆਲਾ ਗੁਰੂ ਬਲਾਕ ਰਾਹੀਂ ਕੰਮ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ।ਸਾਡੀ ਮੰਗ ਹੈ ਕਿ ਮੰਤਰੀ ਹਰਭਜਨ ਸਿੰਘ ਈਟੀਓ ਨੂੰ ਲੋਕਾਂ ਨੂੰ ਭਰੋਸੇ ਵਿੱਚ ਲੈ ਕੇ ਇਸ ਬਲਾਕ ਦੀ ਮੁੜ ਬਹਾਲੀ ਕਰਨੀ ਚਾਹੀਦੀ ਹੈ।

## ਲੈਕਚਰਾਰ ਉਪਮਾ ਖੁੱਲਰ ਨੇ ਸ ਸ ਸ ਸ ਵਡਾਲਾ ਗ੍ਰੰਥੀਆਂ ਵਿਖੇ ਅਹੁਦਾ ਸੰਭਾਲਿਆ

ਗੁਰਦਾਸਪੁਰ (ਦਿਨੇਸ਼ ਕੁਮਾਰ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਡਾਲਾ ਗ੍ਰੰਥੀਆਂ ਵਿਖੇ ਉਪਮਾ ਨੇ ਲੈਕਚਰਾਰ ਕਾਮਰਸ ਦਾ ਅਹੁਦਾ ਸੰਭਾਲਿਆ।ਇਸ ਤੋਂ ਪਹਿਲਾਂ ਉਹ ਕਰੀਬ 19 ਸਾਲ ਤੋਂ ਸਿੱਖਿਆ ਵਿਭਾਗ ਵਿੱਚ ਬਤੌਰ ਮੈਥ ਮਿਸਟ੍ਰੈਸ ਆਪਣੀਆਂ ਸੇਵਾਵਾਂ ਨਿਭਾ ਰਹੇ ਸਨ।ਉਨ੍ਹਾਂ ਦੇ ਪਤੀ ਮਨਦੀਪ ਸਿੰਘ ਖੇਤੀਬਾੜੀ ਵਿਭਾਗ ਵਿੱਚ ਏਈਓ ਵਜੋਂ ਆਪਣੀਆਂ ਸੇਵਾਵਾਂ ਦੇ ਰਹੇ ਹਨ।ਅਹੁਦਾ ਸੰਭਾਲਣ ਮੌਕੇ ਸਕੂਲ ਪ੍ਰਿੰਸੀਪਲ ਰਾਮ ਲਾਲ ਅਤੇ ਹੋਰ ਸਟਾਫ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਕਿਹਾ ਗਿਆ।ਉਪਮਾ ਖੁੱਲਰ ਨੇ ਕਿਹਾ ਕਿ ਉਹ ਮਿਲੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ ਅਤੇ ਹੋਰ ਵੀ ਸਖ਼ਤ ਮਿਹਨਤ ਨਾਲ ਵਿਦਿਆਰਥੀਆਂ ਦਾ ਭਵਿੱਖ ਬਣਾਉਣ ਲਈ ਕੰਮ ਕਰਦੇ ਰਹਿਣਗੇ।ਇਸ ਮੌਕੇ ਲੈਕਚਰਾਰ ਵਰਿੰਦਰ ਸਿੰਘ ਰੰਧਾਵਾ, ਸੋਮ ਸਿੰਘ, ਮੋਹਿਤ ਗੁਪਤਾ, ਅਮਿਤ ਰਾਮਪਾਲ ਅਤੇ ਮਾਸਟਰ ਰਮਨ ਕੁਮਾਰ, ਮਲਵਿੰਦਰ ਸਿੰਘ ਅਤੇ ਦੀਪਕ ਕੁਮਾਰ ਆਦਿ ਹਾਜ਼ਰ ਸਨ।

## ਚੋਰ ਲੱਖਾਂ ਦੇ ਗਹਿਣੇ ਤੇ ਨਕਦੀ ਚੋਰੀ ਕਰਕੇ ਰਫੂ ਚੱਕਰ

ਗੁਰਦਾਸਪੁਰ, (ਜਨਕ ਮਹਾਜਨ)-ਗੁਰਦਾਸਪੁਰ ਦੇ ਗੀਤਾ ਭਵਨ ਮੁਹੱਲੇ ਵਿਚ ਚੋਰਾਂ ਵੱਲੋਂ ਲੱਖਾਂ ਦੇ ਗਹਿਣੇ ਅਤੇ ਨਕਦੀ ਚੋਰੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਦਿੰਦੇ ਹੋਏ ਪੀੜਤ ਮਹਿਲਾ ਨੇ ਦੱਸਿਆ ਕਿ ਦੁਸਹਿਰੇ ਵਾਲੇ ਦਿਨ ਉਹ ਘਰ ਵਿਚ ਸੁੱਤੀ ਪਈ ਸੀ ਅਤੇ ਉਨ੍ਹਾਂ ਦਾ ਬੱਚਾ ਬਾਹਰ ਕੋਈ ਚੀਜ਼ ਲੈਣ ਗਿਆ ਸੀ ਜੋ ਗੇਟ ਖੁੱਲਾ ਛੱਡ ਗਿਆ ਅਤੇ ਪੌੜੀਆਂ ਚੜ੍ਹ ਕੇ ਚੋਰਾਂ ਨੇ ਘਰ ਅੰਦਰ ਦਾਖ਼ਲ ਹੋ ਕੇ ਇਸ ਘਟਨਾ ਨੂੰ ਅੰਜਾਮ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਚੋਰ 7 ਤੋਲੇ ਸੋਨਾ, 10 ਤੋਲੇ ਚਾਂਦੀ ਅਤੇ 40 ਹਜ਼ਾਰ ਰੁਪਏ ਦੇ



ਕਰੀਬ ਨਕਦੀ ਚੋਰੀ ਕਰਕੇ ਲੈ ਗਏ ਹਨ। ਮੌਕੇ 'ਤੇ ਪਹੁੰਚੀ ਪੁਲਸ ਪਾਰਟੀ ਨੇ ਘਟਨਾ ਸਥਾਨ ਦਾ ਜਾਇਜ਼ਾ ਲੈਣ ਤੋਂ ਬਾਅਦ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਕਰਮਚਾਰੀਆਂ ਨੇ ਦੱਸਿਆ ਕਿ ਉਹ ਚੋਰੀ ਸਬੰਧੀ ਸਾਰੇ ਪੱਖਾਂ ਤੋਂ ਜਾਂਚ ਕਰ ਰਹੇ ਹਨ ਅਤੇ ਜਲਦੀ ਹੀ ਚੋਰਾਂ ਨੂੰ ਫੜ ਕੇ ਪੀੜਤ ਪਰਿਵਾਰ ਨੂੰ ਇਨਸਾਫ਼ ਦਿਵਾਇਆ ਜਾਵੇਗਾ।

## ਐੱਸ ਡੀ ਐੱਮ ਬਟਾਲਾ ਨੇ ਵਿਦਿਆਰਥੀਆਂ ਨੂੰ ਸਟੱਬਲ ਬਰਨਿੰਗ 'ਤੇ ਰੋਕ ਲਾਉਣ ਬਾਰੇ ਕੀਤਾ ਜਾਗਰੂਕ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸ਼ੁੱਕਰਵਾਰ ਨੂੰ ਐੱਸਡੀਐੱਮ ਬਟਾਲਾ ਬਿਕਰਮਜੀਤ ਪੰਥੀ ਨੇ ਸਟੱਬਲ ਬਰਨਿੰਗ ਤੇ ਰੋਕ ਲਗਾਉਣ ਦੇ ਸੰਬੰਧ ਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁਜਾਲਾ ਵਿੱਚ ਬੱਚਿਆਂ ਨੂੰ ਜਾਗਰੂਕ ਕੀਤਾ।ਇਸ ਮੌਕੇ ਸੰਬੋਧਨ ਕਰਦੇ ਹੋਏ ਉਨ੍ਹਾਂ ਬੱਚਿਆਂ ਨੂੰ ਦੱਸਿਆ ਕਿ ਖੇਤਾਂ ਵਿੱਚ ਫਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਨਹੀ ਲਗਾਉਣੀ ਚਾਹੀਦੀ ਕਿਉਂਕਿ ਇਸ ਨਾਲ ਜਿਥੇ ਫਸਲਾਂ ਦੀ ਉਪਜਾਊ ਸ਼ਕਤੀ ਨੂੰ ਢਾਹ ਲਗਦੀ ਹੈ ਉਥੇ ਹੀ ਸਾਡਾ ਵਾਤਾਵਰਣ



ਵੀ ਦੂਸ਼ਿਤ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸਮਾਜ ਦੇ ਆਦਰਸ਼ ਨਾਗਰਿਕ ਹੋਣ ਦੇ ਨਾਤੇ ਇਸ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਆਪਣੇ ਅਧਿਕਾਰਾਂ ਦੇ ਨਾਲ ਨਾਲ ਅਸੀਂ ਆਪਣੀ ਜ਼ਿੰਮੇਦਾਰੀ ਨੂੰ ਪੂਰਾ ਵੀ ਪੂਰਾ ਕਰੀਏ।ਇਸ ਮੌਕੇ ਉਨ੍ਹਾਂ ਕਿਹਾ ਕਿ ਸਬ ਡਵੀਜ਼ਨ ਬਟਾਲਾ ਦੇ ਸਾਰੇ ਬੀਡੀਪੀਓਜ਼ ਨੂੰ ਪੱਤਰ ਜਾਰੀ ਕਰਕੇ ਆਪਣ ਆਪਣੇ ਪਿੰਡਾਂ ਵਿੱਚ ਕਿਸਾਨਾਂ ਦੀ ਫਸਲਾਂ ਦੇ ਮਆਵਜ਼ੇ, ਸਿਹਤ ਸੁਵਿਧਾਵਾਂ ਅਤੇ ਪੁਲਸ ਨਾਲ ਸੰਬੰਧ ਅਧਿਕਾਰੀਆਂ ਦੇ ਫੋਨ ਨੰਬਰ ਨੋਟਿਸ ਬੋਰਡ ਤੇ ਲਿਖਵਾਉਣ ਦੇ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ ਤਾਂ ਕਿ ਪਿੰਡ ਦੇ ਲੋਕਾਂ ਨੂੰ ਆਪਣੀ ਮੁਸ਼ਕਲਾਂ ਦੱਸਣ ਵਿੱਚ ਪਰੇਸ਼ਾਨੀ ਨਾ ਆਵੇ।ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਨੇ ਪਰਾਲੀ ਨਾ ਸਾੜਣ ਅਤੇ ਆਪਣੇ ਮਾਪਿਆਂ ਨੂੰ ਇਸ ਸੰਬੰਧੀ ਪ੍ਰੇਰਿਤ ਕਰਨ ਲਈ ਪ੍ਰਣ ਲਿਆ। ਇਸ ਮੌਕੇ ਐੱਸਡੀਐੱਮ ਬਟਾਲਾ ਬਿਕਰਮਜੀਤ ਪੰਥੀ ਵਲੋਂ ਵੱਖ-ਵੱਖ ਮੁਕਾਬਲਿਆਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ ਭੇਟ ਕਰਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ਼ਸ਼ੀ ਕਿਰਨ ਅਤੇ ਸਟਾਫ ਜਿਸ ਵਿੱਚ ਵਿਪਨ ਪਰਾਸ਼ਰ, ਯੁਨੀਸ਼ ਮਹਾਜਨ ਸ਼ਾਮਲ ਸਨ, ਵਲੋਂ ਹਰਿਮੰਦਰ ਸਾਹਿਬ ਦਾ ਮਾਡਲ ਭੇਟ ਕਰਕੇ ਐੱਸਡੀਐੱਮ ਬਟਾਲਾ ਨੂੰ ਸਨਮਾਨਿਤ ਵੀ ਕੀਤਾ ਗਿਆ। ਸਰਕਾਰੀ ਅਧਿਆਪਕਾਂ ਦੀਆਂ ਸਟੱਬਲ ਬਰਨਿੰਗ 'ਚ ਲਗਾਈਆਂ ਡਿਊਟੀਆਂ ਦੇ ਸੰਬੰਧ ਵਿੱਚ ਪੁੱਛੇ ਗਏ ਸਵਾਲ ਤੇ ਐੱਸਡੀਐੱਮ ਨੇ ਦੱਸਿਆ ਕਿ ਉਚ ਅਧਿਕਾਰੀਆਂ ਦੇ ਨਿਰਦੇਸ਼ਾਂ ਅਨੁਸਾਰ ਛੇਤੀ ਹੈ ਸਰਕਾਰੀ ਅਧਿਆਪਕਾਂ ਦੀਆਂ ਡਿਊਟੀਆਂ ਕੱਟ ਕੇ ਹੋਰ ਸੰਬੰਧਤ ਵਿਭਾਗ ਦੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਜਾਣਗੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਜ਼ਿਲਾ ਸਿੱਖਿਆ ਅਫਸਰ ਗੁਰਦਾਸਪੁਰ ਅਮਰਜੀਤ ਸਿੰਘ ਭਾਟੀਆ, ਅਰਵਿੰਦਰਜੀਤ ਸਿੰਘ ਭਾਟੀਆ, ਅਭਿਨਾਸ਼ ਸਿੰਘ, ਵਿਪਨ ਕੁਮਾਰ, ਯੂਨੀਸ਼ ਮਹਾਜਨ, ਪਰਮਜੀਤ ਕੌਰ, ਪੂਨਮਜੀਤ ਕੌਰ, ਨਰਿੰਦਰ ਕੁਮਾਰ ਅਤੇ ਮੁਕੇਸ਼ ਕੁਮਾਰ ਆਦਿ ਮੌਜੂਦ ਸਨ।

## ਲੱਖਾਂ ਰੁਪਏ ਮੁੱਲ ਦੀ ਹੈਰੋਇਨ ਸਮੇਤ ਸਮੱਗਲਰ ਗ੍ਰਿਫ਼ਤਾਰ

ਬਾਘਾ ਪੁਰਾਣਾ (ਮਨੀ ਸਿੰਗਲਾ)-ਨਸ਼ੀਲੇ ਪਦਾਰਥਾਂ ਵਿਰੁੱਧ ਚੱਲ ਰਹੀ ਮੁਹਿੰਮ ਉਸ ਸਮੇਂ ਸਫਲ ਰਹੀ ਜਦੋਂ ਸਮਾਲਸਰ ਪੁਲਸ ਨੇ ਇਕ ਤਸਕਰ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਸ ਤੋਂ ਲੱਖਾਂ ਰੁਪਏ ਦੀ ਹੈਰੋਇਨ ਬਰਾਮਦ ਕੀਤੀ।ਹੋਰ ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਬਾਘਾ ਪੁਰਾਣਾ ਦਲਵੀਰ ਸਿੰਘ ਸਿੱਧੂ ਨੇ ਦੱਸਿਆ ਕਿ ਜਦੋਂ ਥਾਣਾ ਸਮਾਲਸਰ ਦੇ ਇੰਚਾਰਜ ਕਮਲਜੀਤ ਸਿੰਘ ਪੁਲਸ ਟੀਮ ਨਾਲ ਇਲਾਕੇ ਵਿਚ ਗਸ਼ਤ ਕਰ ਰਹੇ ਸਨ, ਤਾਂ ਉਨ੍ਹਾਂ ਨੂੰ ਇਕ ਸੂਤਰ ਤੋਂ ਸੂਚਨਾ ਮਿਲੀ ਕਿ ਪੱਟੀ ਪਿੰਡ ਦਾ ਰਹਿਣ ਵਾਲਾ ਅਰਸ਼ਦੀਪ ਸਿੰਘ ਉਰਫ਼ ਅਰਸ਼ੀ ਹੈਰੋਇਨ ਦੇ ਕਾਰੋਬਾਰ ਵਿਚ



ਸ਼ਾਮਲ ਹੈ।ਉਹ ਆਪਣੇ ਮੋਟਰਸਾਈਕਲ 'ਤੇ ਇਲਾਕੇ ਵਿਚ ਆਇਆ ਹੋਇਆ ਅਤੇ ਪੁਲਸ ਕੱਸੀ ਸਮਾਲਸਰ ਨੇੜੇ ਪੁਲ 'ਤੇ ਬੈਠਾ ਗਾਹਕਾਂ ਦੀ ਉਡੀਕ ਕਰ ਰਿਹਾ ਸੀ।ਇਸ ਤੋਂ ਬਾਅਦ ਥਾਣਾ ਮੁਖੀ ਕਮਲਜੀਤ ਸਿੰਘ ਨੇ ਸਮਾਲਸਰ ਪੁਲਸ ਸਟੇਸ਼ਨ ਵਿਚ ਐੱਨਡੀਪੀਐੱਸ ਐਕਟ ਤਹਿਤ ਉਸ ਵਿਰੁੱਧ ਮਾਮਲਾ ਦਰਜ ਕੀਤਾ ਅਤੇ ਦੱਸੇ ਗਏ ਸਥਾਨ 'ਤੇ ਛਾਪਾ ਮਾਰਿਆ ਅਤੇ ਉਸਨੂੰ ਗ੍ਰਿਫ਼ਤਾਰ ਕਰ ਲਿਆ।ਤਲਾਸ਼ੀ ਲੈਣ 'ਤੇ ਉਸ ਕੋਲੋਂ 510 ਗ੍ਰਾਮ ਹੈਰੋਇਨ ਬਰਾਮਦ ਹੋਈ।ਥਾਣਾ ਇੰਚਾਰਜ ਨੇ ਦੱਸਿਆ ਕਿ ਕਥਿਤ ਦੋਸ਼ੀ ਨੂੰ ਪੁੱਛਗਿੱਛ ਤੋਂ ਬਾਅਦ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ।ਉਸਨੇ ਅੱਗੇ ਕਿਹਾ ਕਿ ਪੁਲਸ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਉਹ ਕਿੰਨੇ ਸਮੇਂ ਤੋਂ ਇਲਾਕੇ ਵਿਚ ਹੈਰੋਇਨ ਸਪਲਾਈ ਕਰ ਰਿਹਾ ਹੈ ਅਤੇ ਉਹ ਇਸਨੂੰ ਕਿੱਥੋਂ ਪ੍ਰਾਪਤ ਕਰਦਾ ਹੈ।

## ਸੱਚਦੇਵਾ ਸਟਾਕਸ ਫੈਮਿਲੀ ਵਾਕ ਪ੍ਰਤੀ ਵਿਦਿਆਰਥੀ ਤੇ ਮਾਪੇ ਉਤਸ਼ਾਹਿਤ : ਸੱਚਦੇਵਾ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੇਲਵੇ ਮੰਡੀ (ਲੜਕੀਆਂ) ਵਿੱਚ ਫਿੱਟ ਬਾਈਕਰ ਕਲੱਬ ਹੁਸ਼ਿਆਰਪੁਰ ਵੱਲੋਂ 2 ਨਵੰਬਰ ਨੂੰ 5 ਕਿਲੋਮੀਟਰ ਦੀ ਕਰਵਾਈ ਜਾ ਰਹੀ ਸੱਚਦੇਵਾ ਸਟਾਕਸ ਹੁਸ਼ਿਆਰਪੁਰ ਫੈਮਿਲੀ ਵਾਕ ਪ੍ਰਤੀ ਕਲੱਬ ਦੇ ਪ੍ਰਧਾਨ ਪਰਮਜੀਤ ਸੱਚਦੇਵਾ ਵੱਲੋਂ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਇਸ ਮੌਕੇ ਪਰਮਜੀਤ ਸੱਚਦੇਵਾ ਨੇ ਕਿਹਾ ਕਿ ਇਹ ਫੈਮਿਲੀ ਵਾਕ ਸਵ. ਐਥਲੀਟ ਫੌਜਾ ਸਿੰਘ ਨੂੰ ਸਮਰਪਿਤ ਹੈ ਅਤੇ ਇਸ ਵਾਕਥੌਨ ਵਿੱਚ ਹਰ ਇੱਕ ਸ਼ਹਿਰ ਵਾਸੀ ਭਾਗ ਲੈ ਸਕਦਾ ਹੈ।ਉਨ੍ਹਾਂ ਦੱਸਿਆ ਕਿ ਇਸ ਵਿੱਚ ਬੱਚੇ ਆਪਣੇ ਪਰਿਵਾਰਿਕ ਮੈਂਬਰਾਂ ਨਾਲ ਹਿੱਸਾ ਲੈ ਸਕਣਗੇ। ਉਨ੍ਹਾਂ ਅੱਗੇ ਦੱਸਿਆ ਕਿ ਇਸ ਲਈ 50 ਰੁਪਏ ਰਜਿਸਟਰੇਸ਼ਨ ਫੀਸ ਰੱਖੀ ਗਈ ਹੈ ਤੇ ਇਸ ਨਾਲ ਜੋ ਵੀ ਪੈਸਾ ਇਕੱਠਾ ਹੋਵੇਗਾ ਉਹ ਸਾਰਾ ਜੇ.ਐੱਸ.ਐੱਸ.ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾ ਨੂੰ ਦਾਨ ਵਜੋਂ ਦਿੱਤਾ ਜਾਵੇਗਾ।

ਪਰਮਜੀਤ ਸੱਚਦੇਵਾ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਭਾਗ ਲੈਣ ਵਾਲਿਆਂ ਨੂੰ ਮੈਡਲ, ਟੀ-ਸ਼ਰਟ ਅਤੇ ਰਿਫਰੈਸ਼ਮੈਂਟ ਕਲੱਬ ਵੱਲੋਂ ਦਿੱਤੀ ਜਾਵੇਗੀ ਤੇ ਇਹ ਫੈਮਿਲੀ ਵਾਕ ਸਥਾਨਕ ਲਾਜਵੰਤੀ ਸਟੇਡੀਅਮ ਤੋਂ ਸ਼ੁਰੂ ਹੋਵੇਗੀ। ਇਸ ਮੌਕੇ ਪ੍ਰਿੰਸੀਪਲ ਰਾਜਨ ਅਰੋੜਾ, ਉੱਤਮ ਸਿੰਘ ਸਾਬੀ, ਤਰਲੋਚਨ ਸਿੰਘ, ਸੌਰਭ ਸ਼ਰਮਾ, ਦੌਲਤ ਸਿੰਘ, ਉਕਾਰ ਸਿੰਘ ਚੱਬੇਵਾਲ ਵੀ ਹਾਜ਼ਰ ਸਨ।

## ਤਿਉਹਾਰਾਂ ਦੇ ਮੌਸਮ 'ਚ ਗੈਰ-ਮਿਆਰੀ ਮਠਿਆਈਆਂ ਬਣਨੀਆਂ ਸ਼ੁਰੂ; ਸਿਹਤ ਵਿਭਾਗ ਦੇ ਜਾਗਣ ਦਾ ਵੇਲਾ!

ਮਜੀਠਾ (ਸੋਮਿਲ ਆਨੰਦ)-ਦੇਸ਼ ਭਰ ਵਿਚ ਤਿਉਹਾਰਾਂ ਦੇ ਦਿਨ ਸ਼ੁਰੂ ਹੋ ਗਏ ਹਨ। ਦੇਸ਼ ਅਤੇ ਸੂਬਾ ਵਾਸੀ ਵੱਖ-ਵੱਖ ਤਰ੍ਹਾਂ ਦੀਆਂ ਮਨਪਸੰਦ ਮਠਿਆਈਆਂ ਖਾਣਾ ਪਸੰਦ ਕਰਦੇ ਹਨ ਪਰ ਲੋਕਾਂ ਦੀ ਇਸ ਮਨਪਸੰਦ ਦਾ ਨਾਜਾਇਜ਼ ਫਾਇਦਾ ਮਠਿਆਈਆਂ ਬਣਾਉਣ ਵਾਲੇ ਉਠਾਉਂਦੇ ਹਨ।ਇਹ ਮਠਿਆਈਆਂ ਵੇਚਣ ਵਾਲੇ ਜਿੱਥੇ ਆਪਣੀ ਕਮਾਈ ਕਈ ਗੁਣਾ ਵਧੇਰੇ ਕਰਨ ਦੇ ਮੰਤਵ ਨਾਲ ਲੋਕਾਂ ਦੀ ਸਿਹਤ ਨਾਲ ਰੱਜ ਕੇ ਖਿਲਵਾੜ ਕਰਦੇ ਹਨ ਉਥੇ ਨਾਲ ਹੀ ਲੋਕਾਂ ਦੀਆਂ ਕੀਮਤੀ ਜਾਨਾਂ ਨਾਲ ਖੇਡਦੇ ਹਨ।

ਸਿਹਤ ਵਿਭਾਗ ਦੀਆਂ ਕਈ ਟੀਮਾਂ ਵਾਲੇ ਇਨ੍ਹਾਂ 'ਤੇ ਨਕੇਲ ਕੱਸਣ ਦੀ ਬਜਾਏ ਇਨ੍ਹਾਂ ਨਾਲ ਕਥਿਤ ਤੌਰ 'ਤੇ ਮਿਲੀਭੁਗਤ ਕਰਕੇ ਆਪਣੀਆਂ ਜੇਬਾਂ ਭਰਨ ਵਿਚ ਲੱਗ ਰਹਿੰਦੇ ਹਨ।ਹੁਣ ਜਦ ਤਿਉਹਾਰਾਂ ਦੇ ਦਿਨ ਸ਼ੁਰੂ ਹੋ ਗਏ ਹਨ ਤਾਂ ਸੂਤਰਾਂ ਅਨੁਸਾਰ ਮਜੀਠਾ ਅਤੇ ਆਸ ਪਾਸ ਦੇ ਪਿੰਡਾਂ ਵਿਚ ਵੀ ਕਈ ਤਰ੍ਹਾਂ ਦੀਆਂ ਗੈਰ-ਮਿਆਰੀ ਮਠਿਆਈਆਂ ਬਣਾਈਆਂ ਜਾ ਰਹੀਆਂ ਹਨ।ਕੁਝ ਦੁਕਾਨਦਾਰਾਂ ਵੱਲੋਂ ਤਾਂ ਥੋਕ ਵਿਚ ਵਿਕਣ ਵਾਲੀਆਂ ਬਣੀਆਂ ਬਣਾਈਆਂ ਮਠਿਆਈਆਂ ਲਿਆ ਕੇ ਆਪਣੇ ਗੁਦਾਮਾਂ ਵਿਚ ਸਟੋਰ ਕੀਤੀਆਂ ਜਾ ਰਹੀਆਂ ਹਨ।ਇਸਦਾ ਸਿੱਧੇ ਤੌਰ 'ਤੇ ਇਨਸਾਨੀ ਸਿਹਤ 'ਤੇ ਅਸਰ ਪੈਂਦਾ ਹੈ।ਇਹ ਸਮਝੋ ਕਿ ਦੁਕਾਨਦਾਰ ਆਪਣੀ ਕਮਾਈ ਨੂੰ ਵਧਾਉਣ ਲਈ ਹਰ ਤਰ੍ਹਾਂ ਦਾ ਹੱਥਕੰਡਾ ਵਰਤ ਰਹੇ ਹਨ।ਕੁਝ ਦੁਕਾਨਦਾਰਾਂ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ ਤੇ ਦੱਸਿਆ ਕਿ ਭਾਰੀ ਮਾਤਰਾ ਵਿਚ ਥੋਕ ਵਿਚ ਬਣੀਆਂ ਮਠਿਆਈਆਂ ਮਜੀਠਾ ਅਤੇ ਆਸ ਪਾਸ ਦੇ ਪਿੰਡਾਂ ਵਿੱਚ ਆ ਚੁੱਕੀਆਂ ਹਨ ਅਤੇ ਆਉਂਦੇ ਦਿਨਾਂ ਵਿਚ ਸਾਰੀਆਂ ਹੀ ਮਠਿਆਈਆਂ ਧੜੱਲੇ ਨਾਲ ਸ਼ਰੇਆਮ ਦੁਕਾਨਾਂ ਦੇ ਬਾਹਰ ਥੜ੍ਹਿਆਂ ਤੇ ਸਜਾ ਕੇ ਵਿਕਣਗੀਆਂ ਪਰ ਪੰਜਾਬ ਦਾ ਸਿਹਤ ਵਿਭਾਗ ਅਜੇ ਤੱਕ ਗੂੜ੍ਹੀ ਨੀਂਦ ਸੁੱਤਾ ਪਿਆ ਹੈ। ਕੁੱਲ ਮਿਲਾ ਕੇ ਸਰਕਾਰ ਅਤੇ ਸਬੰਧਤ ਵਿਭਾਗ ਤਾਂ ਜਦ ਕੋਈ ਵੱਡੀ ਅਣਹੋਣੀ ਵਾਪਰਦੀ ਹੈ ਉਦੋਂ ਹੀ ਹਰਕਤ ਵਿਚ ਆਉਂਦਾ ਹੈ ਪਰ ਉਦੋਂ ਤੱਕ ਕਾਫੀ ਦੇਰ ਹੋ ਚੁੱਕੀ ਹੁੰਦੀ ਹੈ।ਇਸ ਸਬੰਧੀ ਸਮਾਜ ਸੁਧਾਰ ਸੰਸਥਾ ਪੰਜਾਬ ਦੇ ਪ੍ਰਧਾਨ ਰਣਜੀਤ ਸਿੰਘ ਰਾਣਾ ਭੋਮਾ ਅਤੇ ਸੋਸ਼ਲ ਵੈੱਲਫੇਅਰ ਸੁਸਾਇਟੀ ਮਜੀਠਾ ਦੇ ਜਨਰਲ ਸਕੱਤਰ ਪ੍ਰਿੰ. ਜੋਗਾ ਸਿੰਘ ਅਠਵਾਲ ਆਦਿ ਨੇ ਪੰਜਾਬ ਸਰਕਾਰ ਅਤੇ ਸਬੰਧਿਤ ਵਿਭਾਗ ਪਾਸੋਂ ਮੰਗ ਕੀਤੀ ਕਿ ਬਿਮਾਰੀ ਰਹਿਤ ਇਨ੍ਹਾਂ ਮਠਿਆਈਆਂ ਵੇਚਣ ਵਾਲਿਆਂ 'ਤੇ ਨਕੇਲ ਕੱਸੀ ਜਾਵੇ ਅਤੇ ਇਨ੍ਹਾਂ ਗੈਰ-ਮਿਆਰੀ ਅਤੇ ਕੈਮੀਕਲ 'ਚ ਰੰਗੀਆਂ ਰੰਗ-ਬਿਰੰਗੀਆਂ ਮਠਿਆਈਆਂ ਨੂੰ ਮੌਕੇ 'ਤੇ ਨਸ਼ਟ ਕੀਤਾ ਜਾਵੇ ਤਾਂ ਕਿ ਕਿਸੇ ਕੀਮਤੀ ਜਾਨ ਦਾ ਨੁਕਸਾਨ ਨਾ ਹੋਵੇ।



## ਨਾਨਕ ਚੱਕ 'ਚ ਅੱਖਾਂ ਦਾ ਮੁਫਤ ਚੈਕਅਪ ਕੈਂਪ 7 ਨੂੰ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਨਿਊ ਅਕਾਲ ਹਸਪਤਾਲ ਬਟਾਲਾ ਅਤੇ ਮਹੰਤ ਹਰੀ ਕੁੰਭ ਦਾਸ ਵੱਲੋਂ ਅੱਖਾਂ ਦਾ ਫਰੀ ਚੈਕਅੱਪ ਕੈਂਪ ਮੰਦਰ ਭਗਵਾਨ ਸ਼੍ਰੀ ਚੰਦਰ ਜੀ ਦੇ ਅਸਥਾਨ ਪਿੰਡ ਨਾਨਕ ਚੱਕ ਵਿਖੇ 7 ਅਕਤੂਬਰ ਦਿਨ ਮੰਗਲਵਾਰ ਨੂੰ ਲਗਾਇਆ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਨਿਊ ਅਕਾਲ ਹਸਪਤਾਲ ਦੇ ਮਾਹਿਰ ਡਾ. ਗੁਰਬਾਜ ਸਿੰਘ ਨੇ ਦੱਸਿਆ ਕਿ ਰੂਬੀ ਨੈਲਸਨ ਹਸਪਤਾਲ ਜਲੰਧਰ ਦੇ ਮਾਹਿਰ ਡਾਕਟਰਾਂ ਦੀਆਂ ਟੀਮਾਂ ਵੱਲੋਂ ਪਹੁੰਚ ਕੇ ਮਰੀਜ਼ਾਂ ਦੇ ਫਰੀ ਅਪਰੇਸ਼ਨ ਕੀਤੇ ਜਾਣਗੇ ਜਿਸ ਵਿੱਚ ਅੱਖਾਂ ਦਾ ਮੁਫਤ ਚੈਕਅਪ ਤੇ ਦਵਾਈਆਂ ਅਤੇ ਮੁਫਤ ਚਿੱਟੇ ਮੋਤੀਏ ਦੇ ਆਪਰੇਸ਼ਨ ਲੈਂਜ਼ ਦੇ ਨਾਲ ਫਰੀ ਕੀਤੇ ਜਾਣਗੇ। ਸੰਬੰਧਿਤ ਬਿਮਾਰੀਆਂ ਨਾਲ ਮਰੀਜ਼ਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ।ਪੀੜਤ ਮਰੀਜ਼ ਇਸ ਲੱਗ ਰਹੇ ਮੈਡੀਕਲ ਕੈਂਪ ਲਾਭ ਉਠਾਉਣ ਲਈ ਮੰਦਰ ਭਗਵਾਨ ਸ਼੍ਰੀ ਚੰਦਰ ਜੀ ਪਿੰਡ ਨਾਨਕ ਚੱਕ ਵਿਖੇ ਇਲਾਕਾ ਨਿਵਾਸੀ ਵੱਧ ਤੋਂ ਵੱਧ ਪਹੁੰਚ ਕੇ ਆਪਣਾ ਫਰੀ ਚੈਕਅੱਪ ਕਰਵਾ ਸਕਦੇ ਹਨ।

# ਜ਼ਿਲ੍ਹਾ ਪੱਧਰੀ ਐਥਲੈਟਿਕਸ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ ਆਫ ਕੈਂਡਿਡ ਸਟੱਡੀਜ਼ ਫਤਿਹਾਬਾਦ ਦੇ ਵਿਦਿਆਰਥੀਆਂ ਜ਼ਿਲ੍ਹਾ ਤਰਨ ਤਾਰਨ ਦੇ ਹੋਏ ਐਥਲੈਟਿਕਸ ਮੁਕਾਬਲਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਵੱਖ-ਵੱਖ ਸਖ਼ਤ ਮੁਕਾਬਲਿਆਂ ਵਿਚ ਜੇਤੂ ਰਹਿੰਦੇ ਹੋਏ ਸਕੂਲ ਦਾ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ।



ਇਸ ਮੌਕੇ ਸਕੂਲ ਪ੍ਰਿੰਸੀਪਲ ਅਨੀਤਾ ਚਤਰਥ ਨੇ ਦੱਸਿਆ ਕਿ ਵਰਤਮਾਨ ਸਮੇਂ ਵਿਦਿਆਰਥੀ ਜੀਵਨ ਵਿਚ ਖੇਡਾਂ ਦਾ ਬਹੁਤ ਵਿਸ਼ੇਸ਼ ਸਥਾਨ ਬਣ ਚੁੱਕਾ ਹੈ। ਇਸ ਲਈ ਸਾਡੇ ਵੱਲੋਂ ਵਿਦਿਆਰਥੀਆਂ ਦੀ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ ਅਤੇ ਵਿਦਿਆਰਥੀਆ ਨੂੰ ਖੇਡਾਂ ਵਿੱਚ ਭਾਗ ਲੈਣ ਅਤੇ ਸਫ਼ਲਤਾ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਜ਼ਿਲ੍ਹਾ ਪੱਧਰੀ ਐਥਲੈਟਿਕਸ ਮੁਕਾਬਲਿਆ ਵਿਚ ਮਨਿੰਦਰਦੀਪ ਸਿੰਘ ਨੇ 100 ਮੀ. ਦੌੜ ਵਿਚ ਦੂਸਰਾ ਸਥਾਨ, ਸੁਖਮਨਪ੍ਰੀਤ ਸਿੰਘ ਨੇ ਡਿਸਕਸ ਥਰੋਅ ਵਿਚ ਤੀਸਰਾ ਸਥਾਨ, ਬਾਵਨਦੀਪ ਸਿੰਘ ਨੇ 200 ਮੀ. 'ਚ ਤੀਸਰਾ ਸਥਾਨ, ਮਨਿੰਦਰਦੀਪ ਸਿੰਘ ਅਤੇ ਸਾਗਰ ਸ਼ਰਮਾ ਨੇ 4 ਗੁਣਾ 100 ਰਿਲੇਅ ਦੌੜ ਵਿੱਚ ਤੀਸਰਾ ਸਥਾਨ ਭਵਨਦੀਪ ਸਿੰਘ ਨੇ 4 ਗੁਣਾ 100 ਰਿਲੇਅ ਦੌੜ ਵਿਚ ਪਹਿਲਾ ਸਥਾਨ, ਲੜਕੀਆਂ ਵਿਚ ਬਾਨੀ ਨੇ 200 ਮੀ. ਦੌੜ ਵਿੱਚ ਤੀਸਰਾ ਅਤੇ 4 ਗੁਣਾ 400 ਮੀ. ਰਿਲੇਅ ਦੌੜ ਵਿੱਚ ਦੂਸਰਾ ਸਥਾਨ ਹਾਸਲ ਕੀਤਾ।ਅਨੀਤਾ ਚਤਰਥ ਨੇ ਦੱਸਿਆ ਕਿ ਸਕੂਲ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਸਕੂਲ ਦੇ ਇਹ ਵਿਦਿਆਰਥੀ ਹੁਣ ਰਾਜ ਪੱਧਰੀ ਮੁਕਾਬਲਿਆ ਵਿਚ ਹਿੱਸਾ ਲੈਣਗੇ। ਇਸ ਮੌਕੇ ਸਕੂਲ ਦੇ ਐੱਮ ਡੀ ਰਵਿੰਦਰ ਕੁਮਾਰ, ਮਾਸਟਰ ਮੰਗਤ ਰਾਮ ਅਤੇ ਪ੍ਰਿੰ. ਅਨੀਤਾ ਚਤਰਥ ਨੇ ਵਿਦਿਆਰਥੀਆ ਦੀ ਇਸ ਕਾਮਯਾਬੀ ਦਾ ਸਿਹਰਾ ਕੋਚ ਤੇਜਿੰਦਰ ਸਿੰਘ, ਜਸਬੀਰ ਸਿੰਘ ਅਤੇ ਸਮੂਹ ਅਧਿਆਪਕਾਂ ਨੂੰ ਦਿੰਦੇ ਹੋਏ ਵਿਦਿਆਰਥੀਆ ਅਤੇ ਕੋਚਾਂ ਨੂੰ ਜ਼ਿਲਾ ਪੱਧਰੀ ਮੁਕਾਬਲਿਆ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ।

## ਮੁਥੂਟ ਮਾਈਕਰੋਫਿਨ ਕੰਪਨੀ ਨੇ ਹੜ੍ਹ ਪੀੜਤਾਂ ਨੂੰ ਵੰਡੀ ਰਾਹਤ ਸਮੱਗਰੀ



ਫਤਿਹਗੜ੍ਹ ਚੂੜੀਆਂ (ਜਸਦੇਵ ਮਾਨ)-ਬੀਤੇ ਦਿਨੀਂ ਡੇਰਾ ਬਾਬਾ ਨਾਨਕ ਇਲਾਕੇ 'ਚ ਆਏ ਹੜ੍ਹਾਂ ਕਾਰਨ ਲੋਕਾਂ ਦਾ ਭਾਰੀ ਨੁਕਸਾਨ ਹੋਇਆ ਸੀ ਅਤੇ ਹੜ੍ਹ ਪੀੜਤਾਂ ਦੀ ਮਦਦ ਲਈ ਵੱਡੀ ਗਿੱਣਤੀ 'ਚ ਦਾਨੀ ਸੱਜਣਾਂ ਤੋਂ ਇਲਾਵਾ ਬਹੁਤ ਸਾਰੀਆਂ ਸੰਸਥਾਵਾਂ, ਐੱਨਜੀਓ ਅਤੇ ਬਹੁਤ ਸਾਰੀਆਂ ਪ੍ਰਮੁੱਖ ਹਸਤੀਆਂ ਮਦਦ ਲਈ ਅੱਗੇ ਆਈਆਂ ਸਨ ਅਤੇ ਇਸੇ ਲੜੀ ਦੇ ਤਹਿਤ ਮੁਥੂਟ ਮਾਈਕਰੋਫਿਨ ਕੰਪਨੀ ਵੱਲੋਂ ਦਵਿੰਦਰ ਕੁਮਾਰ, ਜਸਵੀਰ ਸਿੰਘ, ਸ਼ਿਵਮ ਕਸ਼ਿਪ, ਗਗਨਦੀਪ ਸ਼ਰਮਾ ਅਤੇ ਗੁਰਪ੍ਰੀਤ ਸਿੰਘ ਦੀ ਅਗਵਾਈ 'ਚ ਡੇਰਾ ਬਾਬਾ ਨਾਨਕ ਦੇ ਦਰਜਨ ਦੇ ਕਰੀਬ ਹੜ੍ਹ ਪ੍ਰਭਾਵਿਤ ਪਿੰਡ ਰੁੜੇਵਾਲ, ਪੰਜਗਰਾਈਂ, ਕੋਟਲੀ ਜਾਇਮਤ, ਖਾਸਾ, ਰੱਤਾ, ਕਠਿਆਲਾ, ਸ਼ਾਹਪੁਰ, ਖੰਨਾ ਚਮਾਰਾ, ਅਤੇ ਪੰਡੋਰੀ ਪਿੰਡਾਂ ਦਾ ਦੌਰਾ ਕੀਤਾ ਗਿਆ ਅਤੇ ਇਸ ਮੌਕੇ ਕੰਪਨੀ ਵੱਲੋਂ ਹੜ੍ਹ ਪੀੜਤ ਕੰਪਨੀ ਦੇ ਗਾਹਕਾਂ ਦੀ ਮਦਦ ਕਰਦਿਆਂ ਉਨ੍ਹਾਂ ਨੂੰ ਜ਼ਰੂਰੀ ਸਾਮਾਨ ਵੰਡਿਆ ਗਿਆ।

ਇਸ ਮੌਕੇ ਕੰਪਨੀ ਦੇ ਨੁਮਾਇੰਦਿਆਂ ਨੇ ਕਿਹਾ ਕਿ ਪਿਛਲੇ ਦਿਨੀਂ ਆਏ ਹੜ੍ਹਾਂ ਦੌਰਾਨ ਕੰਪਨੀ ਨਾਲ ਜੁੜੇ ਕਈ ਗਾਹਕਾਂ ਦਾ ਭਾਰੀ ਨੁਕਸਾਨ ਹੋਇਆ ਸੀ ਜਿਨ੍ਹਾਂ ਨੂੰ ਮੁਥੂਟ ਕੰਪਨੀ ਵੱਲੋਂ ਜ਼ਰੂਰੀ ਸਾਮਾਨ ਦੇ ਕੇ ਉਨ੍ਹਾਂ ਦੀ ਮਦਦ ਕੀਤੀ ਜਾ ਰਹੀ ਹੈ।

## ਅੱਬਲਖੈਰ ਦੇ ਤਿੰਨ ਮੈਂਬਰ ਪੰਚਾਇਤ ਸਾਥੀਆਂ ਸਣੇ ਆਮ ਆਦਮੀ ਪਾਰਟੀ 'ਚ ਸ਼ਾਮਲ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- ਵਿਧਾਨਸਭਾ ਹਲਕਾ ਦੀਨਾਨਗਰ ਅੰਦਰ ਕਾਂਗਰਸ ਪਾਰਟੀ ਨੂੰ ਇਸ ਵੇਲੇ ਝਟਕਾ ਲੱਗਾ ਜਦੋਂ ਪਿੰਡ ਅੱਬਲਖੈਰ ਤੋਂ ਕਾਂਗਰਸ ਪਾਰਟੀ ਨਾਲ ਸਬੰਧਤ ਤਿੰਨ ਮੈਂਬਰ ਪੰਚਾਇਤ ਆਪਣੇ ਸਾਥੀਆਂ ਸਮੇਤ ਕਾਂਗਰਸ ਪਾਰਟੀ ਛੱਡ ਕੇ ਆਮ ਆਦਮੀ



ਪਾਰਟੀ ਵਿੱਚ ਸ਼ਾਮਲ ਹੋ ਗਏ।ਸ਼ਾਮਲ ਹੋਣ ਵਾਲਿਆਂ ਵਿੱਚ ਮੁੱਖ ਤੌਰ 'ਤੇ ਮੈਂਬਰ ਪੰਚਾਇਤ ਪੰਮਾ, ਮੈਂਬਰ ਪੰਚਾਇਤ ਵਿਕਟੋਰੀਆ ਅਤੇ ਮੈਂਬਰ ਪੰਚਾਇਤ ਅਜੈਬ ਸਿੰਘ ਦੇ ਇਲਾਵਾ ਸੰਦੀਪ ਗਿੱਲ, ਦੌਲਤ ਗਿੱਲ, ਸੈਮੂਅਲ ਭੱਟੀ, ਨਿਸ਼ਾ, ਜੋਤੀ, ਦਲਬੀਰ ਮਸੀਹ ਅਤੇ ਰਾਹੁਲ ਦੇ ਨਾਂ ਮੁੱਖ ਤੌਰ ਤੇ ਸ਼ਾਮਲ ਹਨ, ਜਿਨ੍ਹਾਂ ਨੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ।

ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਸਨਮਾਨਿਤ ਕਰਨ ਮੌਕੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਪਾਰਟੀ ਅੰਦਰ ਪੂਰੇ ਮਾਨ ਸਨਮਾਨ ਦਾ ਭਰੋਸਾ ਦਿੱਤਾ ਗਿਆ। ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਲੋਕ ਹਿਤੈਸ਼ੀ ਨੀਤੀਆਂ ਅਤੇ ਹਲਕੇ ਅੰਦਰ ਹੋ ਰਹੇ ਚੰਗੇ ਕੰਮਾਂ ਤੋਂ ਲੋਕ ਪ੍ਰਭਾਵਿਤ ਹੋ ਕੇ ਪਾਰਟੀ ਨਾਲ ਜੁੜ ਰਹੇ ਹਨ ਅਤੇ ਆਮ ਆਦਮੀ ਪਾਰਟੀ ਦਾ ਕਾਫਲਾ ਲਗਾਤਾਰ ਲੰਮਾ ਹੁੰਦਾ ਜਾ ਰਿਹਾ ਹੈ।ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਪੰਚਾਇਤ ਮੈਂਬਰਾਂ ਪੰਮਾ, ਵਿਕਟੋਰੀਆ ਅਤੇ ਅਜੈਬ ਸਿੰਘ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪੂਰੀ ਤਰ੍ਹਾਂ ਖੁਸ਼ ਅਤੇ ਸੰਤੁਸ਼ਟ ਹਨ ਅਤੇ ਇਨ੍ਹਾਂ ਨੀਤੀਆਂ ਸਦਕਾ ਹੀ ਉਨ੍ਹਾਂ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਲਿਆ ਹੈ।

## ਕੰਬਾਈਨ ਨਾਲ ਟਕਰਾਉਣ 'ਤੇ ਮੋਟਰਸਾਈਕਲ ਸਵਾਰ ਦੀ ਮੌਤ, 2 ਗੰਭੀਰ ਜ਼ਖਮੀ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਕਸਬਾ ਕਾਹਨੂੰਵਾਨ ਤੋਂ ਦੁਸਹਿਰਾ ਦੇਖ ਕੇ ਆਪਣੇ ਪਰਿਵਾਰ ਸਮੇਤ ਪਰਤ ਰਹੇ ਵਿਅਕਤੀ ਦੀ ਮੋਟਰਸਾਈਕਲ ਦੇ ਕੰਬਾਈਨ ਨਾਲ ਟਕਰਾਉਣ ਕਾਰਨ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਉਸ ਦੀ ਪਤਨੀ ਅਤੇ ਬੇਟੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਈਆਂ। ਮ੍ਰਿਤਕ ਵਿਅਕਤੀ ਦੀ ਪਹਿਚਾਣ ਬਿਪਨ ਕੁਮਾਰ ਪੁੱਤਰ ਗਿਰਧਾਰੀ ਲਾਲ ਵਾਸੀ ਪਿੰਡ ਬੰਗੋਲ ਵਜੋਂ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਕੰਬਾਈਨ ਦੇ ਡਰਾਈਵਰ ਨੇ ਸ਼ਰਾਬ ਪੀਤੀ ਹੋਈ ਸੀ ਅਤੇ ਉਸਨੇ ਝੋਨੇ ਦੀ ਫਸਲ ਕੱਟਣ ਲਈ ਕੰਬਾਈਨ ਦੇ ਅੱਗੇ ਬਲੇਡ ਲਾਇਆ ਹੋਇਆ ਸੀ ਜਦਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਵੱਲੋਂ ਸੜਕ



ਉੱਪਰ ਲੰਘਣ ਸਮੇਂ ਕੰਬਾਈਨਾਂ 'ਤੇ ਬਲੇਡ ਨਾ ਲਗਾਉਣ ਦੀਆਂ ਸਖਤ ਹਦਾਇਤਾਂ ਕੀਤੀਆਂ ਹੋਈਆਂ ਹਨ। ਵਿਪਨ ਕੁਮਾਰ ਦਾ ਮੋਟਰਸਾਈਕਲ ਕੰਬਾਈਨ ਦੇ ਅੱਗੇ ਲੱਗੇ ਬਲੇਡ ਵਿੱਚ ਆ ਗਿਆ ਜਿਸ ਕਾਰਨ ਵਿਪਨ ਕੁਮਾਰ ਦੇ ਸਰੀਰ ਦਾ ਕਾਫੀ ਹਿੱਸਾ ਬਲੇਡ ਨਾਲ ਕੱਟਿਆ ਗਿਆ ਜਿਸ ਕਾਰਨ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਥਾਣਾ ਕਾਹਨੂੰਵਾਨ ਦੀ ਪੁਲਸ ਵੱਲੋਂ ਮ੍ਰਿਤਕ ਵਿਪਨ ਕੁਮਾਰ ਦੀ ਲਾਸ਼ ਨੂੰ ਆਪਣੇ ਕਬਜ਼ੇ 'ਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕੇ ਝੋਨੇ ਅਤੇ ਕਣਕ ਦੇ ਸੀਜ਼ਨ ਦੇ ਦੌਰਾਨ ਕੰਬਾਈਨ ਦੇ ਡਰਾਈਵਰ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਹੁਕਮਾਂ ਦੀਆਂ ਧੱਜੀਆਂ ਉਡਾਉਂਦਿਆਂ ਅਕਸਰ ਹੀ ਕੰਬਾਈਨਾਂ ਦੇ ਅੱਗੇ ਬਲੇਡ ਲਗਾ ਕੇ ਸੜਕਾਂ ਉਪਰ ਗੁਜ਼ਰਦੇ ਹੋਏ ਲੋਕਾਂ ਦੀ ਜਾਨ ਦਾ ਖੌਅ ਬਣਦੇ ਹਨ ਪਰ ਕਦੀ ਵੀ ਕਿਸੇ ਪੁਲਸ ਮੁਲਾਜ਼ਮ ਜਾਂ ਟਰੈਫਿਕ ਵਿਭਾਗ ਨੇ ਇਨ੍ਹਾਂ ਕੰਬਾਈਨ ਡਰਾਈਵਰਾਂ 'ਤੇ ਕਾਰਵਾਈ ਨਹੀਂ ਕੀਤੀ।

## ਮੱਲੂ ਨੰਗਲ 'ਚ ਸਪੈਸ਼ਲ ਟਰਾਂਸਫਾਰਮਰ ਲਾਉਣ 'ਤੇ ਸਥਿਤੀ ਬਣੀ ਤਣਾਅਪੂਰਨ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਪਿੰਡ ਮੱਲੂ ਨੰਗਲ ਵਿਖੇ ਸਥਿਤੀ ਉਸ ਵੇਲੇ ਤਣਾਅਪੂਰਨ ਹੋ ਗਈ ਜਦੋਂ ਮਜ਼ਦੂਰਾਂ ਦੀ ਗਲੀ ਵਿੱਚੋਂ 11 ਕੇ.ਵੀ. ਤਾਰਾਂ ਪਾ ਕੇ ਦੋ ਘਰਾਂ ਨੂੰ ਟ੍ਰਾਂਸਫਾਰਮਰ ਲਾ ਕੇ ਦਿੱਤਾ ਗਿਆ।ਮਜ਼ਦੂਰ ਔਰਤਾਂ ਅਤੇ ਮਰਦ ਇਕੱਠੇ ਹੋ ਕੇ ਬਿਜਲੀ ਮਹਿਕਮੇ ਦੇ ਖਿਲਾਫ ਨਾਅਰੇਬਾਜ਼ੀ ਕਰਨ ਲੱਗੇ।ਮਾਮਲਾ ਪਿੰਡ ਦੀ ਫਿਰਨੀ ਤੋਂ ਪਿੰਡ ਨੂੰ ਮਜ਼ਦੂਰਾਂ ਦੇ 40-50 ਘਰਾਂ ਦੇ ਦੋਵਾਂ ਪਾਸੇ ਦੇ ਵਸਨੀਕਾਂ ਨੇ ਗਲੀ ਛੋਟੀ ਹੋਣ ਕਾਰਨ ਹਾਈ ਵੋਲਟੇਜ ਤਾਰਾਂ ਪੈਣ ਕਾਰਨ ਹਾਦਸਾ ਵਾਪਰਨ ਦਾ ਖਦਸ਼ਾ ਜ਼ਾਹਿਰ ਕੀਤਾ।



ਲੋਕਾਂ ਨੇ ਕਿਹਾ ਕਿ ਉਨ੍ਹਾਂ ਦੇ ਕੋਠੇ ਕੱਚੇ ਹਨ ਅਤੇ ਹਾਈ ਵੋਲਟੇਜ ਤਾਰਾਂ ਪੈ ਰਹੀਆਂ ਹਨ, ਜੋ ਸਾਡੇ ਕੋਠਿਆਂ 'ਤੇ ਖਲੋਤੇ ਬੱਚਿਆਂ ਜਾਂ ਹੋਰ ਕਿਸੇ ਆਮ ਵਿਅਕਤੀ ਦਾ ਜਾਨੀ ਨੁਕਸਾਨ ਵੀ ਹੋ ਸਕਦਾ ਹੈ।ਮੁਜ਼ਾਹਰਾਕਾਰੀਆਂ ਨੇ ਦੋਸ਼ ਲਗਾਇਆ ਕਿ ਬਿਜਲੀ ਮਹਿਕਮੇ ਦੀ ਮਿਲੀਭੁਗਤ ਨਾਲ ਪਿੰਡ ਵਿੱਚ 24 ਘੰਟੇ ਦਾ ਟ੍ਰਾਂਸਫਾਰਮਰ ਲੱਗ ਰਿਹਾ ਹੈ ਜੋ ਕਿ ਕਾਨੂੰਨ ਤੋਂ ਬਿਲਕੁਲ ਉਲਟ ਹੈ ਜਦੋਂ ਕਿ ਇਸੇ ਗਲੀ ਨੂੰ ਬਿਜਲੀ ਦੇਣ ਵਾਲਾ ਟ੍ਰਾਂਸਫਾਰਮਰ ਬਾਹਰ ਫਿਰਨੀ 'ਤੇ ਲੱਗਾ ਹੈ ਤੇ ਘਰਾਂ ਨੂੰ ਕੇਬਲ ਪਾ ਕੇ ਬਿਜਲੀ ਸਪਲਾਈ ਦਿੱਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਦੋ ਤਿੰਨ ਜ਼ਿੰਮੀਦਾਰ ਘਰਾਂ ਨੂੰ ਇੱਕ ਵੱਖਰਾ ਟ੍ਰਾਂਸਫਾਰਮਰ ਲੱਗ ਰਿਹਾ ਹੈ ਜਿਸ ਦਾ ਪਿੰਡ ਦੀ ਦਿਹਾਤੀ ਮਜ਼ਦੂਰ ਸਭਾ ਅਤੇ ਨਿਰਮਾਣ ਮਜ਼ਦੂਰ ਯੂਨੀਅਨ ਨੇ ਡਟ ਕੇ ਵਿਰੋਧ ਕੀਤਾ ਹੈ।ਮਜ਼ਦੂਰ ਯੂਨੀਅਨ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਟ੍ਰਾਂਸਫਾਰਮਰ ਬਾਹਰ ਨਾ ਕੱਢਿਆ ਗਿਆ, ਤਾਂ ਐੱਸਡੀਓ ਹਰਸ਼ਾ ਛੀਨਾ ਵਿਖੇ ਧਰਨਾ ਲਾਇਆ ਜਾਵੇਗਾ।ਧਰਨੇ ਸਮੇਂ ਵਾਰਡ ਦੇ ਮੌਜੂਦਾ ਮੈਂਬਰ ਜਸਪਾਲ ਸਿੰਘ, ਧੀਰ ਸਿੰਘ, ਮਾਣਕ ਸਿੰਘ, ਹਰਪਾਲ ਸਿੰਘ, ਕਸ਼ਮੀਰ ਸਿੰਘ, ਬਿਕਰਮਜੀਤ ਸਿੰਘ, ਤਰਲੋਚਨ ਸਿੰਘ, ਗੁਰਨਾਮ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਸਮੇਤ ਔਰਤਾਂ, ਬੱਚੇ ਅਤੇ ਬਜ਼ੁਰਗ ਹਾਜ਼ਰ ਸਨ।

## ਡਬਲਿਊ ਐੱਫ ਟੀ ਯੂ ਦਾ 80ਵਾਂ ਸਥਾਪਨਾ ਦਿਵਸ ਮਨਾਇਆ

ਛੇਹਰਟਾ (ਮਨੋਜ ਕੁਮਾਰ)-ਸੀਟੂ ਅੰਮ੍ਰਿਤਸਰ ਦੇ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਸੀਟੂ ਦੇ ਪੁਤਲੀਘਰ ਸਥਿਤ ਦਫ਼ਤਰ ਵਿਚ ਮੀਟਿੰਗ ਦੌਰਾਨ ਕਿਹਾ ਕਿ 3 ਅਕਤੂਬਰ 1945 ਨੂੰ ਪੈਰਿਸ ਕਾਂਗਰਸ ਵਿਚ ਸਥਾਪਿਤ ਵਰਲਡ ਫੈਡਰੇਸ਼ਨ ਟਰੇਡ ਯੂਨੀਅਨ (ਡਬਲਿਊ. ਐੱਫ. ਟੀ. ਯੂ.) ਸੱਚਮੁੱਚ ਪਹਿਲੀ ਏਕੀਕ੍ਰਿਤ ਇੰਟਰਨੈਸ਼ਨਲ ਫੈਡਰੈਸ਼ਨ ਆਫ ਟਰੇਡ ਯੂਨੀਅਨ ਆਪਣੀ ਸਥਾਪਨਾ ਦੇ ਸ਼ਾਨਦਾਰ 80 ਸਾਲ ਦਾ ਜਸ਼ਨ ਮਨਾ ਰਹੀ ਹੈ। ਦੁਨੀਆ ਵਿਚ ਲੱਖਾਂ ਮਜ਼ਦੂਰ ਤਿੰਨ ਅਕਤੂਬਰ 1945 ਦਾ ਸਥਾਪਨਾ ਦਿਵਸ 80 ਸਾਲ ਪੂਰੇ ਹੋਣ 'ਤੇ ਜਸ਼ਨ ਮਨਾ ਰਹੇ ਹਨ। ਉਨ੍ਹਾਂ ਕਿਹਾ ਕਿ ਡਬਲਿਊ. ਐੱਫ. ਟੀ. ਯੂ. ਦੀ ਨੀਂਹ ਵਿਸ਼ਵ ਮਜ਼ਦੂਰ ਜਮਾਤ ਦੀ ਲਹਿਰ ਲਈ ਇਕ



ਮੀਲ ਪੱਥਰ ਹੈ। ਇਸ ਉਪਰੰਤ ਜਥੇਬੰਦੀ ਨੇ ਬਹੁਤ ਸਾਰੇ ਮਜ਼ਦੂਰਾਂ ਦੇ ਹੱਕ ਵਿਚ ਸੰਘਰਸ਼ ਕੀਤੇ ਤੇ ਪ੍ਰਾਪਤੀਆਂ ਕੀਤੀਆਂ। ਅਫਰੀਕਾ, ਏਸ਼ੀਆ, ਅਮਰੀਕਾ ਦੇ ਮੁਕਤੀ ਸੰਘਰਸ਼ ਨਾਲ ਏਕਤਾ ਰੱਖੀ ਹੈ। ਕਾਮਰੇਡ ਸੁੱਚਾ ਸਿੰਘ ਨੇ ਕਿਹਾ ਕਿ ਇਸ ਨਾਲ ਦੁਨੀਆਂ ਦੇ ਮਜ਼ਦੂਰ ਦੇ ਸੰਘਰਸ਼ ਦੀ ਡਬਲਿਊ. ਐੱਫ. ਟੀ. ਯੂ. ਮਦਦ ਕਰਦੀ ਹੈ। ਲਗਾਤਾਰ ਅੰਤਰਰਾਸ਼ਟਰੀ ਟਰੇਡ ਯੂਨੀਅਨਾਂ ਦੀਆਂ ਕਾਨਫਰੰਸਾਂ ਹੁੰਦੀਆਂ ਹਨ। ਜਿਸ ਵੀ ਦੇਸ਼ ਦੇ ਮਜ਼ਦੂਰ ਸੰਘਰਸ਼ ਕਰਦੇ ਹਨ, ਜਥੇਬੰਦੀ ਉਸ ਦੀ ਮਦਦ ਕਰਦੀ ਹੈ। ਉਨ੍ਹਾਂ ਦੱਸਿਆ ਕਿ ਸ਼ੁੱਕਰਵਾਰ ਨੂੰ ਕਾਮਰੇਡ ਜੀਤ ਰਾਜ ਪ੍ਰਧਾਨ ਦੀ ਪ੍ਰਧਾਨਗੀ ਹੇਠ ਸੀਟੂ ਦਫ਼ਤਰ ਵਿਚ ਡਬਲਿਊ. ਐੱਫ. ਟੀ. ਯੂ. ਦਾ 80ਵਾਂ ਸਥਾਪਨਾ ਦਿਵਸ ਮਨਾਇਆ ਗਿਆ। ਇਸ ਮੌਕੇ ਕਾਮਰੇਡ ਚਰਨਜੀਤ ਮਜੀਠਾ, ਤਰਸੇਮ ਟਪਿਆਲਾ, ਆਂਗਣਵੜੀ ਮੁਲਾਜ਼ਮ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਕੌਰ, ਆਸ਼ਾ ਵਰਕਰ ਯੂਨੀਅਨ ਅਜਨਾਲਾ ਦੀ ਪ੍ਰਧਾਨ ਜਸਵੰਤ ਕੌਰ, ਤਰਸੇਮ ਸਿੰਘ, ਦਿ ਸਟਰੀਟ ਲਾਈਟ ਵਰਕਰ ਯੂਨੀਅਨ ਵੱਲੋਂ ਵਾਸੂਦੇਵ, ਭਗਵੰਤ ਸਿੰਘ, ਪੂਜਾ ਸੁਵਿੰਦਰ ਕੌਰ, ਸਤਿੰਦਰ ਕੌਰ, ਕੁਲਵੰਤ ਸਿੰਘ, ਕਿਰਪਾ ਰਾਮ, ਧਰਮਪਾਲ, ਵਿਜੇ ਕੁਮਾਰ ਆਦਿ ਹਾਜ਼ਰ ਸਨ।

## ਡਿਪਟੀ ਕਮਿਸ਼ਨਰ ਤੇ ਐਸ ਐਸ ਪੀ ਨੇ ਲਿਆ ਪ੍ਰਬੰਧਾਂ ਦਾ ਜਾਇਜ਼ਾ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ) ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਤੇ ਐਸ.ਐਸ.ਪੀ ਗੁਲਨੀਤ ਸਿੰਘ ਖੁਰਾਨਾ ਨੇ ਵਿਰਾਸਤ ਏ ਖਾਲਸਾ, ਭਾਈ ਜੈਤਾ ਯਾਦਗਾਰ ਅਤੇ ਵਿਰਾਸਤੀ ਮਾਰਗ ਵਾਲੇ ਸਥਾਨ ਦਾ ਦੌਰਾ ਕੀਤਾ ਜਿੱਥੇ 5 ਅਕਤੂਬਰ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਖ ਵੱਖ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਪਹੁੰਚ ਰਹੇ ਹਨ।ਜਿਲ੍ਹੇ ਦੇ ਅਧਿਕਾਰੀਆਂ ਨਾਲ ਵਿਰਾਸਤ ਏ ਖਾਲਸਾ ਵਿਚ ਹੋਈ ਇੱਕ ਵਿਸੇਸ਼ ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਸ੍ਰੀ ਵਰਜੀਤ ਵਾਲੀਆ ਨੇ ਵਿਰਾਸਤ ਏ ਖਾਲਸਾ ਆਡੋਟੋਰੀਅਮ ਵਿਚ ਹੋਣ ਵਾਲੇ ਸਿੱਖਿਆ ਵਿਭਾਗ ਦੇ ਰਾਜ ਪੱਧਰੀ ਸਮਾਗਮ ਵਾਲੇ ਸਥਾਨ ਤੇ ਤਿਆਰੀਆਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਭਾਈ ਜੈਤਾ ਯਾਦਗਾਰ ਵਿਖੇ ਪ੍ਰਬੰਧਾਂ ਦੀ ਸਮੀਖਿਆ ਕੀਤੀ, ਜਿਸ ਨੂੰ 5 ਅਕਤੂਬਰ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੁੱਚੀ ਲੋਕਾਈ ਨੂੰ ਸਮਰਪਿਤ ਕਰਨਗੇ।ਡਿਪਟੀ ਕਮਿਸ਼ਨਰ ਨੇ ਸਥਾਨਕ ਵੇਰਕਾ ਚੌਕ ਪਹੁੰਚ ਕੇ ਉਸ ਸਥਾਨ ਦਾ ਜਾਇਜ਼ਾ ਲਿਆ ਜਿੱਥੇ ਮੁੱਖ ਮੰਤਰੀ ਉਸ ਦਿਨ ਵਿਰਾਸਤੀ ਮਾਰਗ ਦਾ ਨੀਂਹ ਪੱਥਰ ਰੱਖਣਗੇ।ਇਸ ਮੌਕੇ ਚੰਦਰਜਯੋਤੀ ਸਿੰਘ ਆਈ.ਏ.ਐਸ ਵਧੀਕ ਡਿਪਟੀ ਕਮਿਸ਼ਨਰ ਵਿਕਾਸ, ਪੁਲਿਸ ਕਪਤਾਨ ਸ੍ਰੀ ਅਰਵਿੰਦ ਮੀਨਾ ਆਈ.ਪੀ.ਐਸ, ਜਸਪ੍ਰੀਤ ਸਿੰਘ ਐਸ.ਡੀ.ਐਮ, ਗੁਰਵਿੰਦਰ ਸਿੰਘ ਜੋਹਲ ਆਰਟੀਏ, ਅਜੇ ਸਿੰਘ ਡੀ.ਐਸ.ਪੀ, ਦਾਨਿਸ਼ਵੀਰ ਸਿੰਘ ਥਾਨਾ ਮੁਖੀ ਸਮੇਤ ਵੱਖ ਵੱਖ ਵਿਭਾਗਾ ਦੇ ਅਧਿਕਾਰੀ ਹਾਜ਼ਰ ਸਨ।


**Chola** Enter a better life

**CHOLAMANDALAM INVESTMENT AND FINANCE COMPANY LIMITED**
Corporate Office Address : Chola Crest, Super B, C54 & C55, 4, Thiru Vi Ka, Industrial Estate, Guindy, Chennai-600 032

**ਈ-ਨਿਲਾਮੀ ਵਿਕਰੀ ਨੋਟਿਸ (ਵਿਕਰੀ ਕੇਵਲ ਈ-ਬਿਡਿੰਗ ਰਾਹੀਂ)**

ਈ-ਨਿਲਾਮੀ ਸੇਲ ਨੋਟਿਸ ਅਚੱਲ ਐਸੇਟਸ ਦੀ ਵਿਕਰੀ ਲਈ ਅੰਡਰ ਸਿਕਿਉਰਿਟੀਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਿਕਿਉਰਿਟੀ ਇੰਟਰਸਟ ਐਕ, 2002 ਨਾਲ ਪੜ੍ਹਿਆ ਜਾਏ ਪ੍ਰੋਵੀਜ਼ਨ ਟੂ ਰੂਲ 8 (6) ਆਫ ਦਾ ਸਿਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002। ਨੋਟਿਸ ਗਿਵਨ ਟੂ ਜਨਰਲ ਪਬਲਿਕ ਅਤੇ ਪਰਟੀਕੁਲਰ ਟੂ ਬਾਰੋਅਰਜ਼ ਐਂਡ ਗਰੰਟਰਜ਼ ਇੰਡੀਕੇਟਿਡ ਇਨ ਕਾਲਮ ਏ ਦੈਟ ਦਾ ਬਿਲੋਅ ਡਿਸਕਰਾਈਬਡ ਇਮੂਵੇਬਲ ਪਰਾਪਰਟੀ/ਪਰਾਪਰਟੀਜ਼ ਡਿਸਕਰਾਈਬਨ ਇਨ ਕਾਲਮ (ਸੀ) ਮਾਰਟਗੇਜ/ਚਾਰਜ ਟੂ ਦਾ ਸਿਕਿਓਰਡ ਕਰੈਡੀਟਰ ਦਾ ਕੰਸਟਰਕਟਿਵ ਪੁਜੈਸ਼ਨ ਆਫ ਵਿਚ ਹੈਜ਼ ਬੀਨ ਟੇਕਨ ਐਜ਼ ਡਿਸਕਰਾਈਬਡ ਇਨ ਕਾਲਮ (ਡੀ) ਬਾਈ ਦਾ ਆਥੋਰਾਈਜ਼ਡ ਆਫਿਸਰ ਆਫ ਹਾਊਸਿੰਗ ਕੋਲਾਮੰਡਲਮ ਇਨਵੈਸਟਮੈਂਟ ਐਂਡ ਫਾਇਨਾਂਸ ਕੰਪਨੀ ਲਿਮਟਿਡ ਸਿਕਿਓਰਡ ਕਰੈਟੀਡਰ ਵਿਲ ਬੀ ਸੋਲਡ ਓਨ "ਐਜ਼ ਵਿਅਰ ਇਜ਼" "ਐਜ਼ ਇਜ਼ ਵਾਟ ਇਜ਼ ਐਂਡ" ਵਾਟਐਵਰ ਦਿਅਰ ਇਜ਼ ਐਜ਼ ਪਰ ਡਿਟੇਲਡ ਮੈਨਸ਼ਨਡ ਬਿਲੋਅ। ਨੋਟਿਸ ਇਜ਼ ਹਿਅਰਬਾਈ ਗਿਵਨ ਟੂ ਦਾ ਬਾਰੋਅਰ/ਮਾਰਟਗੇਜਰ/ਲੀਗਲ ਹੀਅਰ, ਲੀਗਲ ਮਾਰਟਗੇਜ਼ਰ (ਸਿਨਸ ਡਿਸੀਜ਼ਡ), ਐਜ਼ ਦਾ ਕੇਸ ਮੇ ਬੀ ਇੰਡੀਕੇਡਿਟ ਇਨ ਕਾਲਮ ਏ ਅੰਡਰ ਰੂਲ 8 (6) ਆਫ ਦਾ ਸਿਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002। ਫਾਰ ਡਿਟੇਲਡ ਟਰਮਜ਼ ਐਂਡ ਕੰਡੀਸ਼ਨਜ਼ ਆਫ ਦਾ ਸੇਲ ਪਲੀਜ਼ ਰੈਫਰ ਟੂ ਦਾ ਲਿੰਕ ਪ੍ਰੋਵਾਈਡਿਡ ਇਨ ਚੋਲਾਮੰਡਲਮ ਇਨਵੈਸਟਮੈਂਟ ਐਂਡ ਫਾਇਨਾਂਸ ਕੰਪਨੀ ਲਿਮਟਿਡ ਸਿਕਿਓਰਡ ਕਰੈਡੀਟਰਜ਼ ਵੈਬਸਾਈਟ http://www.cholamandalam.com & www.auctionfocus.in

| | (ਏ) | (ਬੀ) | (ਸੀ) | (ਡੀ) | (ਈ ਅਤੇ ਐੱਫ) | (ਡੀ) |
|---|---|---|---|---|---|---|
| ਲੜੀ ਨੰ. | ਅਕਾਊਂਟ ਨੰਬਰ ਕਰਜ਼ਦਾਰਾਂ/ ਰਹਿਣਕਾਰਾਂ/ ਗਰੰਟਰਾਂ ਦੇ ਨਾਂਅ | ਓ/ਐੱਸ ਡਿਊਜ਼ ਟੂ ਬੀ ਰਿਕਵਰਡ (ਸਿਕਿਓਰਡ ਡੈੱਬਟਸ) | ਅਚੱਲ ਜਾਇਦਾਦ/ਸਿਕਿਓਰਡ ਐਸੇਟ ਦਾ ਵੇਰਵਾ | ਕਬਜ਼ੇ ਦੀ ਮਿਤੀ | ਰਾਖਵੀਂ ਕੀਮਤ ਰੁਪਏ 'ਚ / ਬਿਆਨਾ ਰਕਮ ਜਮਾਂ ਰੁਪਏ 'ਚ | ਨਿਲਾਮੀ ਦੀ ਤਾਰੀਖ ਤੇ ਸਮਾਂ |
| 1. | ਕਰਜ਼ਾ ਖਾਤਾ ਨੰਬਰ ਐਚ ਐਲ 21 ਸੀ ਐਚ ਏ 000093525 1. ਸ੍ਰੀਮਤੀ ਅਮਰਜੀਤ ਕੌਰ 2. ਸ੍ਰੀ ਅਜੇ ਕੁਮਾਰ ਦੋਵੇਂ ਵਾਸੀ ਫਲੈਟ ਨੰਬਰ 141 ਗਰਾਊਂਡ ਫਲੋਰ ਨੇੜੇ ਜੇ ਟੀ ਪੀ ਐੱਲ ਗੇਟਨੂਰ ਹੋਮਜ਼, ਸੰਤੇ ਮਾਜਰਾ, ਖਰੜ, ਐੱਸ ਏ ਐੱਸ ਨਗਰ, ਨੇੜੇ ਮਾਲਾ ਫਰਨੀਚਰ ਮੋਹਾਲੀ ਪੰਜਾਬ-140301 ਇਹ ਵੀ-ਐੱਫ ਐੱਫ ਪਰੋਪ ਲੋਕੇਟਿਡ ਐਟ ਫਲੈਟ, ਪੈਰਾਡਾਈਜ਼ ਹੋਮ, ਗੁਰੂ ਨਾਨਕ ਏਨਕਲੇਵ, ਬਡਾਲਾ ਰੋਡ, ਤਹਿਸੀਲ ਖਰੜ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪੰਜਾਬ-140301 | ਰੁ. 20,99,315 (ਵੀਹ ਲੱਖ ਨੜਿਨਵੇਂ ਹਜ਼ਾਰ ਤਿੰਨ ਸੌ ਪੰਦਰਾਂ ਕੇਵਲ) 29.07.2025 ਤੱਕ | ਮਕਾਨ ਨੰਬਰ 63 , ਫਰਸਟ ਫਲੋਰ, 2 ਬੀ ਐੱਚ ਕੇ, ਰਕਬਾ 1/3 ਹਿੱਸਾ ਆਫ 117.55 ਵਰਗ ਗਜ਼, ਖੇਵਟ/ਖਤੌਨੀ ਨੰਬਰ 223/227 ਅੰਡਰ ਖਸਰਾ ਨੰਬਰ 1066/393 (2-7), 1054/388 (1-1), 1058/1004/390 (0-9), 1060/1005/391(3-7),1062/391(5-6),1064/1007/392 (1-16), 1056/389(3-16), 1061/1005/390 (0-5), ਕਿੱਤੇ 08, ਜ਼ਮੀਨ ਰਕਬਾ 18 ਬਿੱਘਾ 07 ਬਿਸਵਾ, ਸਥਿਤ ਪੈਰਾਡਾਈਜ਼ ਹੋਮਜ਼, ਗੁਰੂ ਨਾਨਕ ਇਨਕਲੇਵ, ਪਿੰਡ ਬਡਾਲਾ ਨਯਾਸ਼ਹਿਰ, ਹਦਬਸਤ ਨੰਬਰ 188, ਤਹਿਸੀਲ ਖਰੜ ਜ਼ਿਲ੍ਹਾ ਐਸ ਏ ਐਸ ਨਗਰ, ਮੋਹਾਲੀ, ਪੰਜਾਬ। | ਕੰਸਟਰਕਟਿਵ | ਰੁ. 2255832/- (ਬਾਈ ਲੱਖ ਪਚਵਿੰਜਾ ਹਜ਼ਾਰ ਅੱਠ ਸੌ ਬੱਤੀ ਰੁਪਏ ਕੇਵਲ) ਰੁਪਏ 225583/- ਦੋ ਲੱਖ ਪੱਚੀ ਹਜ਼ਾਰ ਪੰਜ ਸੌ ਤਿਰਆਸੀ ਕੇਵਲ | 27-10-2025, 2.00 ਪੀ ਐੱਮ ਤੋਂ 4 ਪੀ ਐਮ ਤੱਕ (ਵਿਦ ਆਟੋਮੇਟਿਡ ਐਸਟੈਨਸ਼ਨਜ਼ ਆਫ 5 ਮਿਨਟਸ ਈਚ ਇਨ ਟਰਮਜ਼ ਆਫ ਦਾ ਟੈਂਡਰ ਡਾਕੂਮੈਂਟ |

1. ਬੋਲੀ ਦੇਣ ਦੀ ਆਖਰੀ ਤਾਰੀਖ 24-10-2025 ਸ਼ਾਮ 5 ਵਜੇ ਤੱਕ
2. ਬੋਲੀ ਇਨਕਰੀਮੈਂਟ ਅਮਾਊਂਟ ਇਜ਼ ਅਲਾਊਡ ਇਨ ਮਲਟੀਪਲਜ਼ ਰੁ. 10,000/-
3. ਜਾਇਦਾਦ ਦੀ ਨਿਰੀਖਣ ਦੀ ਤਾਰੀਖ-24.10.2025

ਕਰਜ਼ੇ ਦੇ ਸਮਝੌਤੇ ਦੇ ਅਨੁਸਾਰ ਲਾਗੂ ਹੋਣ ਵਾਲੇ ਹੋਰ ਵਿਆਜ ਦੇ ਨਾਲ ਇਤਫਾਕੀਆ ਖਰਚੇ, ਲਾਗਤਾਂ ਖਰਚਿਆਂ ਆਦਿ ਜੋ ਭੁਗਤਾਨ ਦੀ ਤਰੀਕ ਤੱਕ ਹੋਣ/ਜਾਂ ਰਿਲਾਈਜ਼ੇਸ਼ਨ ਦੇਅਰ ਆਫ
ਫਾਰ ਡਿਟੇਲਡ ਟਰਮਜ਼ ਐਂਡ ਕੰਡੀਸ਼ਨਜ਼ ਆਫ ਦੀ ਸੇਲ, ਪਲੀਜ਼ ਰੈਫਰ ਟੂ ਦੀ ਲਿੰਕ ਪ੍ਰੋਵਾਈਡਿਡ ਓਨ ਦੀ ਵੈਬਸਾਈਟ ਆਫ ਦੀ ਸਿਕਿਓਰਡ ਕਰੈਡੀਟਰ ਦੈਟ ਇਜ਼ https://www.cholamandalam.com and www.auctionfocus.in
ਚਾਹਵਾਨ ਬੋਲੀਕਾਰ ਇਸ ਨਾਲ ਵੀ ਸੰਪਰਕ ਕਰ ਸਕਦੇ ਹਨ ਮਿਸਟਰ ਗੌਤਮ ਪਠਾਨੀਆ 8146799601 gautamps@chola.murugappa.com/Mrs. Komal Sharma on8870464652. ਆਫਿਸ਼ਲ ਆਫ ਕੋਲਾਮੰਡਲਮ ਇਨਵੈਸਟਮੈਂਟ ਐਂਡ ਫਾਇਨਾਂਸ ਕੰਪਨੀ ਲਿਮਟਿਡ ਥਰੂ ਟੂ ਦਾ ਬੈਸਟ ਆਫ ਨੋਲੈਜ ਐਂਡ ਇਨਫਰਮੇਸ਼ਨ ਆਫ ਦਾ ਆਥੋਰਾਈਜ਼ਡ ਆਫਿਸਰ ਆਫ ਕੋਲਾਮੰਡਲਮ ਇਨਵੈਸਟਮੈਂਟਸ ਐਂਡ ਫਾਇਨਾਂਸ ਕੰਪਨੀ ਲਿਮਟਿਡ, ਨੋ ਇਨਕਬਰਾਂਸਿਜ਼ ਇਨ ਰਿਸਪੈਕਟ ਆਫ ਅਬਵ ਇਮਮੂਵੇਬਲ ਪ੍ਰਾਪਰਟੀਜ਼ /ਸਿਕਿਓਰਡ ਐਸੇਟਸ

ਮਿਤੀ 04.10.2025
ਸਥਾਨ : ਪੰਜਾਬ
ਅਧਿਕਾਰਤ ਅਫਸਰ
ਚੋਲਾਮੰਡਲਮ ਇਨਵੈਸਟਮੈਂਟਸ ਐਂਡ ਫਾਇਨਾਂਸ ਕੰਪਨੀ ਲਿਮਟਿਡ

## ਸ੍ਰੀ ਦਸਮੇਸ਼ ਅਕੈਡਮੀ ਨੂੰ ਤਾਲਾ ਲਗਾ ਕੇ ਮੁਲਾਜ਼ਮਾਂ ਨੇ ਦਿੱਤਾ ਰੋਸ ਧਰਨਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਇਲਾਕੇ ਦੀ ਪ੍ਰਸਿੱਧ ਸਿੱਖਿਆ ਸੰਸਥਾ ਸ੍ਰੀ ਦਸਮੇਸ਼ ਅਕੈਡਮੀ ਨੂੰ ਮੁਲਾਜ਼ਮਾਂ ਵੱਲੋਂ ਤਾਲਾ ਲਗਾ ਦਿੱਤਾ ਗਿਆ। ਗੇਟ ਬੰਦ ਕਰਕੇ ਮੁਲਾਜ਼ਮ ਦਰੀਆਂ ਵਿਛਾ ਕੇ ਬਾਹਰ ਰੋਸ ਧਰਨੇ 'ਤੇ ਬੈਠ ਗਏ ਅਤੇ ਨਾਅਰੇਬਾਜ਼ੀ ਕੀਤੀ। ਇਸ ਨਾਲ ਸਕੂਲ ਦੀਆਂ ਕਲਾਸਾਂ ਰੁਕ



ਗਈਆਂ ਤੇ ਬੱਸਾਂ ਅਤੇ ਵਿਦਿਆਰਥੀਆਂ ਨੂੰ ਵੀ ਅੰਦਰ ਨਹੀਂ ਜਾਣ ਦਿੱਤਾ ਗਿਆ।ਧਰਨੇ ਦੌਰਾਨ ਅਕੈਡਮੀ ਦੇ ਚੇਅਰਮੈਨ ਸੁਰਜੀਤ ਸਿੰਘ ਰੱਖੜਾ ਨਾਲ ਫੋਨ ਤੇ ਗੱਲਬਾਤ ਹੋਈ, ਜਿਨ੍ਹਾਂ ਨੇ ਮੁਲਾਜ਼ਮਾਂ ਨੂੰ ਧਰਨਾ ਚੁੱਕਣ ਲਈ ਅਪੀਲ ਕੀਤੀ। ਇਸ ਤੋਂ ਬਾਅਦ ਮੁਲਾਜ਼ਮਾਂ ਨੇ ਮੰਗਲਵਾਰ ਤੱਕ ਸਮਾਂ ਦਿੱਤਾ ਹੈ, ਜੇਕਰ ਤਦ ਤੱਕ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਵੱਡੇ ਪੱਧਰ 'ਤੇ ਦੁਬਾਰਾ ਧਰਨਾ ਦੇਣ ਦਾ ਐਲਾਨ ਕੀਤਾ। ਇਸ ਸਬੰਧੀ ਗੱਲ ਕਰਦਿਆਂ ਪਿਛਲੇ 10 ਸਾਲ ਤੋਂ ਅਕੈਡਮੀ ਨਾਲ ਜੁੜੇ ਮੁਲਾਜ਼ਮ ਨਰਿੰਦਰ ਦੀਪ ਸਿੰਘ ਨੇ ਦੱਸਿਆ ਕਿ, ਸਾਨੂੰ ਬਿਨਾਂ ਕਿਸੇ ਨੋਟਿਸ ਦੇ ਕੰਮ ਤੋਂ ਹਟਾ ਦਿੱਤਾ ਗਿਆ ਹੈ। ਸਾਡੇ 9 ਮੁਲਾਜ਼ਮਾਂ ਨੂੰ ਤੁਰੰਤ ਮੁੜ ਕੰਮ 'ਤੇ ਲਿਆ ਜਾਵੇ ਅਤੇ ਸਾਨੂੰ ਹੱਕ ਦਿੱਤਾ ਜਾਵੇ। ਜਦੋਂ ਤੱਕ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਅਸੀਂ ਧਰਨਾ ਜਾਰੀ ਰੱਖਾਂਗੇ। ਹਾਲਾਤ ਵਿਗੜਨ ਤੋਂ ਬਚਾਉਣ ਲਈ ਪੁਲਿਸ ਵੀ ਮੌਕੇ ਤੇ ਮੌਜੂਦ ਰਹੀ।ਇਸ ਦੌਰਾਨ ਸਰਪੰਚ ਬਲਵਿੰਦਰ ਸਿੰਘ ਢੰਗੀ ਨੇ ਖੁਦ ਚੇਅਰਮੈਨ ਸੁਰਜੀਤ ਸਿੰਘ ਰੱਖੜਾ ਨਾਲ ਗੱਲ ਕਰਕੇ ਮੁਲਾਜ਼ਮਾਂ ਨੂੰ ਅਪੀਲ ਕੀਤੀ ਕਿ ਧਰਨਾ ਫਿਲਹਾਲ ਚੁੱਕ ਲਿਆ ਜਾਵੇ ਅਤੇ ਵਿਦਿਆਰਥੀਆਂ ਦੀਆਂ ਕਲਾਸਾਂ ਸ਼ੁਰੂ ਹੋਣ ਦਿੱਤੀਆਂ ਜਾਣ। ਇਸ ਸਬੰਧੀ ਜਦੋਂ ਅਕੈਡਮੀ ਦੀ ਪ੍ਰਿੰਸੀਪਲ ਮੈਡਮ ਸੋਨੂ ਵਾਲੀਆ ਨਾਲ ਗੱਲ ਕਰਨ ਲਈ ਉਹਨਾਂ ਦੇ ਫੋਨ ਤੇ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਤਾਂ ਬਾਰ ਬਾਰ ਰਿੰਗ ਜਾਂਦੇ ਬਾਵਜੂਦ ਉਹਨਾਂ ਫੋਨ ਨਹੀਂ ਚੁੱਕਿਆ।

## ਜਲੰਧਰ ਹਾਈਟਸ-1 'ਚ ਸ਼ਰਧਾ ਤੇ ਉਤਸ਼ਾਹ ਨਾਲ ਦੁਸਹਿਰਾ ਮਨਾਇਆ

**ਜਲੰਧਰ (ਰਾਜੇਸ਼ ਥਾਪਾ)**- ਜਲੰਧਰ ਹਾਈਟਸ-1, 66 ਫੁੱਟ ਰੋਡ 'ਤੇ ਸਥਿਤ ਟੀ ਬਲਾਕ ਗਰਾਊਂਡ ਵਿੱਚ ਹਰ ਸਾਲ ਦੀ ਤਰ੍ਹਾਂ ਦੁਸਹਿਰਾ ਉਤਸਵ ਵੱਡੀ ਧੂਮਧਾਮ, ਧਾਰਮਿਕ ਸ਼ਰਧਾ ਅਤੇ ਰਵਾਇਤੀ ਮਾਹੌਲ ਵਿੱਚ ਮਨਾਇਆ ਗਿਆ। ਸਵੇਰੇ ਤੋਂ ਹੀ ਮੈਦਾਨ ਵਿੱਚ ਰੰਗ-ਬਿਰੰਗੀ ਸਜਾਵਟ ਤੇ ਰੌਸ਼ਨੀ ਨਾਲ ਤਿਉਹਾਰੀ ਚਮਕ ਨਜ਼ਰ ਆਉਣ ਲੱਗੀ ਸੀ।ਕਾਰਜਕ੍ਰਮ ਦੀ ਸ਼ੁਰੂਆਤ ਵਿੱਚ ਹਨੂਮਾਨ ਜੀ ਦੇ ਭਗਤਾਂ ਦੀ ਇੱਕ ਖਾਸ ਟੋਲੀ ਨੇ ਵਾਨਰ ਸੈਨਾ ਦਾ ਰੂਪ ਧਾਰ ਕੇ ਸ਼ਾਨਦਾਰ ਸ਼ੋਭਾ ਯਾਤਰਾ ਕੱਢੀ। ਜੈ ਸ੍ਰੀ ਰਾਮ ਦੇ ਜੈਕਾਰੇ ਨਾਅਰਿਆਂ ਨਾਲ ਪੂਰਾ ਮਾਹੌਲ ਗੂੰਜ ਉਠਿਆ ਅਤੇ ਭਗਤੀ ਤੇ ਉਤਸ਼ਾਹ ਦੀ ਲਹਿਰ ਦੌੜ ਪਈ। ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗਾਂ ਨੇ ਇਸ ਸ਼ੋਭਾ ਯਾਤਰਾ ਦਾ ਪੂਰਾ ਆਨੰਦ ਲਿਆ।ਇਸ ਧਾਰਮਿਕ ਸਮਾਗਮ ਵਿੱਚ ਏ ਜੀ ਆਈ ਇੰਫਰਾ ਲਿਮਿਟੇਡ ਦੇ ਮੈਨੇਜਿੰਗ ਡਾਇਰੈਕਟਰ ਸ. ਸੁਖਦੇਵ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਦੇ ਨਾਲ ਪ੍ਰੋਜੈਕਟ ਡਾਇਰੈਕਟਰ ਵਰਿੰਦਰ ਸਿੰਘ, ਜਨਰਲ ਅਰੁਣ ਖੰਨਾ ਅਤੇ ਸਲਵਿੰਦਰਜੀਤ ਕੌਰ ਵੀ ਹਾਜ਼ਰ ਸਨ। ਸ਼ਿਵ ਸ਼ਕਤੀ ਮੰਦਰ ਦੇ ਮੁੱਖ ਪੰਡਤ ਨਰਿੰਦਰ ਵਸ਼ਿਸ਼ਟ ਨੇ ਰਵਾਇਤੀ ਢੰਗ ਨਾਲ ਪੂਜਾ ਅਤੇ ਧਾਰਮਿਕ ਕਰਮਕਾਂਡ ਕਰਵਾਏ। ਮੁੱਖ ਮਹਿਮਾਨ ਸ. ਸੁਖਦੇਵ ਸਿੰਘ ਨੇ ਵੀ ਪੂਰੇ ਵਿਧੀ-ਵਿਧਾਨ ਨਾਲ ਪੂਜਾ ਕਰਕੇ ਸਭ ਲਈ ਸੁੱਖ-ਸ਼ਾਂਤੀ ਅਤੇ ਖੁਸ਼ਹਾਲੀ ਦੀ ਅਰਦਾਸ ਕੀਤੀ। ਸ਼ਾਮ ਦੇ ਸਮੇਂ ਪ੍ਰੋਗਰਾਮ ਦਾ ਮੁੱਖ ਆਕਰਸ਼ਣ ਰਾਵਣ, ਮੇਘਨਾਥ ਅਤੇ ਕੁੰਭਕਰਨ ਦੇ ਪੁਤਲਿਆਂ ਦਾ ਦਹਨ ਸੀ। ਜਿਵੇਂ ਹੀ ਜੈ ਸ਼੍ਰੀ ਰਾਮ ਦੇ ਨਾਅਰੇ ਗੂੰਜੇ, ਪੁਤਲਿਆਂ ਨੂੰ ਅੱਗ ਲਗਾਈ ਗਈ ਅਤੇ ਰੰਗ-ਬਿਰੰਗੀ ਆਤਸ਼ਬਾਜ਼ੀ ਨਾਲ ਪੂਰਾ ਆਸਮਾਨ ਚਮਕ ਉਠਿਆ।



## ਮੇਹਰ ਚੰਦ ਪਾਲੀਟੈਕਨਿਕ ਕਾਲਜ 'ਚ ਵਿਸ਼ੇਸ਼ ਗਿਆਨ ਲੈਕਚਰ ਦਾ ਆਯੋਜਨ

**ਜਲੰਧਰ (ਸ਼ੈਲੀ ਐਲਬਰਟ)**- ਵਿਦਿਆਰਥੀਆਂ ਦੇ ਤਕਨੀਕੀ ਗਿਆਨ ਨੂੰ ਸਮ੍ਰਿੱਧ ਕਰਨ ਦੀ ਪਹਿਲ ਦੇ ਤਹਿਤ ਮੇਹਰ ਚੰਦ ਪਾਲੀਟੈਕਨਿਕ ਕਾਲਜ, ਜਲੰਧਰ ਵਿੱਚ ਐਡੀਟਿਵ ਅਤੇ ਹਾਈਬ੍ਰਿਡ ਮੈਨੂਫੈਕਚਰਿੰਗ ਵਿੱਚ ਸੀ ਐੱਨ ਸੀ ਦੀ ਭੂਮਿਕਾ ਵਿਸ਼ੇ 'ਤੇ ਇੱਕ ਵਿਸ਼ੇਸ਼ ਗਿਆਨ ਲੈਕਚਰ ਦਾ ਸਫਲ ਆਯੋਜਨ ਕੀਤਾ ਗਿਆ। ਇਹ ਸੈਸ਼ਨ ਉੱਨਤ ਨਿਰਮਾਣ ਤਕਨੀਕਾਂ ਦੇ ਖੇਤਰ ਵਿੱਚ ਜੀ ਐੱਨ ਏ ਯੂਨੀਵਰਸਿਟੀ ਤੋਂ ਪ੍ਰਸਿੱਧ ਪੇਸ਼ੇਵਰ ਨੀਰਜ ਕੁਮਾਰ ਵੱਲੋਂ ਦਿੱਤਾ ਗਿਆ। ਆਪਣੇ ਲੈਕਚਰ ਦੌਰਾਨ, ਨੀਰਜ ਕੁਮਾਰ ਨੇ ਐਡੀਟਿਵ ਮੈਨੂਫੈਕਚਰਿੰਗ (3ਡੀ ਪ੍ਰਿੰਟਿੰਗ) ਅਤੇ ਹਾਈਬ੍ਰਿਡ ਮੈਨੂਫੈਕਚਰਿੰਗ ਸਿਸਟਮ ਦੇ ਉਭਰਦੇ ਖੇਤਰਾਂ ਵਿੱਚ ਕੰਪਿਊਟਰ ਨਿਊਮੇਰਿਕਲ ਕੰਟਰੋਲ ਸੀ ਐੱਨ ਸੀ ਦੀ ਵਧਦੀ ਮਹੱਤਤਾ 'ਤੇ ਰੋਸ਼ਨੀ ਪਾਈ। ਉਨ੍ਹਾਂ ਨੇ ਦਰਸਾਇਆ ਕਿ ਉਤਪਾਦ ਵਿਕਾਸ ਵਿੱਚ ਵੱਧ ਸੁਚੇਕਤਾ, ਕੁਸ਼ਲਤਾ ਅਤੇ ਨਵੀਨਤਾ ਹਾਸਲ ਕਰਨ ਲਈ ਸੀ ਐੱਨ ਸੀ ਤਕਨੀਕਾਂ ਨੂੰ ਆਧੁਨਿਕ ਐਡੀਟਿਵ ਪ੍ਰਕਿਰਿਆਵਾਂ ਨਾਲ ਕਿਵੇਂ ਜੋੜਿਆ ਜਾ ਰਿਹਾ ਹੈ। ਵਿਸ਼ੇਸ਼ ਗਿਆਨ ਨੇ ਇਨ੍ਹਾਂ ਤਕਨੀਕਾਂ ਦੇ ਉਦਯੋਗਿਕ ਐਪਲੀਕੇਸ਼ਨਾਂ, ਚੁਣੌਤੀਆਂ ਅਤੇ ਭਵਿੱਖੀ ਸੰਭਾਵਨਾਵਾਂ 'ਤੇ ਜ਼ੋਰ ਦਿੱਤਾ ਅਤੇ ਵਿਦਿਆਰਥੀਆਂ ਤੇ ਫੈਕਲਟੀ ਮੈਂਬਰਾਂ ਦੋਵਾਂ ਨੂੰ ਕੀਮਤੀ ਜਾਣਕਾਰੀ ਪ੍ਰਦਾਨ ਕੀਤੀ। ਇਸ ਇੰਟਰੈਕਟਿਵ ਸੈਸ਼ਨ ਨੇ ਭਾਗੀਦਾਰਾਂ ਨੂੰ ਅਸਲ ਦੁਨੀਆ ਦੇ ਕੇਸ ਸਟੱਡੀਜ਼ 'ਤੇ ਵਿਚਾਰ-ਚਰਚਾ ਕਰਨ ਦਾ ਮੌਕਾ ਦਿੱਤਾ ਅਤੇ ਇਹ ਸਮਝਣ ਵਿੱਚ ਮਦਦ ਕੀਤੀ ਕਿ ਹਾਈਬ੍ਰਿਡ ਮੈਨੂਫੈਕਚਰਿੰਗ ਨਾਲ ਸੀ ਐੱਨ ਸੀ ਦਾ ਸੰਯੋਗ ਵਿਸ਼ਵ ਨਿਰਮਾਣ ਖੇਤਰ ਵਿੱਚ ਕਿਵੇਂ ਕ੍ਰਾਂਤੀ ਲਿਆ ਰਿਹਾ ਹੈ। ਇਸ ਪ੍ਰੋਗਰਾਮ ਦਾ ਮੈਕੈਨਿਕਲ ਇੰਜੀਨੀਅਰਿੰਗ ਦੇ ਵਿਦਿਆਰਥੀਆਂ ਨੇ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਪਾਠਕ੍ਰਮ ਤੋਂ ਪਰੇ ਆਧੁਨਿਕ ਧਾਰਨਾਵਾਂ ਨਾਲ ਜਾਣੂ ਕਰਵਾਇਆ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਇਸ ਗਿਆਨਵਰਧਕ ਸੈਸ਼ਨ ਦੇ ਆਯੋਜਨ ਲਈ ਮੈਕੈਨਿਕਲ ਇੰਜੀਨੀਅਰਿੰਗ ਵਿਭਾਗ ਦੇ ਯਤਨਾਂ ਦੀ ਸਰਾਹਨਾ ਕੀਤੀ ਅਤੇ ਸ਼੍ਰੀ ਨੀਰਜ ਕੁਮਾਰ ਦਾ ਆਪਣੀ ਵਿਦਵਤਾ ਸਾਂਝੀ ਕਰਨ ਲਈ ਧੰਨਵਾਦ ਕੀਤਾ।



## ਸਕੂਲਾਂ ਵਿੱਚ ਸਾਫ਼ ਪੀਣ ਵਾਲੇ ਪਾਣੀ ਦੀ ਸੁਵਿਧਾ ਯਕੀਨੀ ਬਣਾਉਣ ਦੇ ਦਿੱਤੇ ਨਿਰਦੇਸ਼



**ਹੁਸ਼ਿਆਰਪੁਰ (ਓ ਪੀ ਰਾਣਾ)**- ਸਿੱਖਿਆ ਵਿਭਾਗ ਦੀ ਮਾਸਿਕ ਮੀਟਿੰਗ ਦਾ ਆਯੋਜਨ ਐਡਿਸ਼ਨਲ ਡਿਪਟੀ ਕਮਿਸ਼ਨਰ (ਡਿਵੈਲਪਮੈਂਟ) ਨਿਕਾਸ ਕੁਮਾਰ ਦੀ ਅਗਵਾਈ ਵਿੱਚ ਕੀਤਾ ਗਿਆ। ਮੀਟਿੰਗ ਦੇ ਕਨਵੀਨਰ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਸਿੱਖਿਆ) ਅਮਨਦੀਪ ਸ਼ਰਮਾ ਰਹੇ। ਮੀਟਿੰਗ ਵਿੱਚ ਵਿਭਾਗੀ ਕੰਮਾਂ ਦੀ ਸਮੀਖਿਆ ਕਰਦਿਆਂ ਖ਼ਾਸ ਤੌਰ 'ਤੇ ਸਮਾਰਟ ਕਲਾਸ ਰੂਮ, ਮਿਡ-ਡੇ ਮੀਲ, ਸਪੈਸ਼ਲ ਸਕੂਲਾਂ ਅਤੇ ਸਿਵਲ ਵਰਕ ਨਾਲ ਸਬੰਧਤ ਕਾਰਜਾਂ 'ਤੇ ਗੰਭੀਰ ਚਰਚਾ ਕੀਤੀ ਗਈ। ਐਡਿਸ਼ਨਲ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ ਨੇ ਮੀਟਿੰਗ ਵਿੱਚ ਸਪਸ਼ਟ ਨਿਰਦੇਸ਼ ਦਿੱਤੇ ਕਿ ਜ਼ਿਲ੍ਹੇ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਸਾਫ਼ ਅਤੇ ਸੁਰੱਖਿਅਤ ਪੀਣ ਵਾਲਾ ਪਾਣੀ ਉਪਲਬਧ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਨਾਲ-ਨਾਲ ਵਿਦਿਆਰਥੀਆਂ ਦੀ ਸਿਹਤ ਅਤੇ ਸਾਫ਼-ਸੁਥਰਾ ਵਾਤਾਵਰਣ ਵੀ ਬਹੁਤ ਜ਼ਰੂਰੀ ਹੈ। ਮੀਟਿੰਗ ਦੇ ਅੰਤ ਵਿੱਚ ਐਡੀਸੀ ਨੇ ਸਾਰੇ ਅਧਿਕਾਰੀਆਂ ਨੂੰ ਸੰਦੇਸ਼ ਦਿੱਤਾ ਕਿ ਸਿੱਖਿਆ ਸੁਧਾਰ ਦੀ ਦਿਸ਼ਾ ਵਿੱਚ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਯੋਜਨਾਵਾਂ ਨੂੰ ਪੂਰੀ ਨਿਸ਼ਠਾ ਅਤੇ ਜ਼ਿੰਮੇਵਾਰੀ ਨਾਲ ਲਾਗੂ ਕੀਤਾ ਜਾਵੇ, ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਵਧੀਆ ਅਤੇ ਮਜ਼ਬੂਤ ਭਵਿੱਖ ਮਿਲ ਸਕੇ।

## ਦੁਸਹਿਰਾ ਕਮੇਟੀ ਟਾਂਡਾ ਨੇ ਦੁਸਹਿਰਾ ਸ਼ਰਧਾ ਪੂਰਵਕ ਮਨਾਇਆ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਦੁਸਹਿਰਾ ਕਮੇਟੀ ਟਾਂਡਾ ਦੇ ਪ੍ਰਧਾਨ ਸ਼ੁਭਮ ਬਿੱਲਾ ਦੀ ਅਗਵਾਈ ਅਤੇ ਦੀਪਕ ਮਾਲਾ ਦੀ ਦੇਖਰੇਖ ਵਿੱਚ ਬਦੀ ਤੇ ਨੇਕੀ ਦਾ ਪ੍ਰਤੀਕ ਦੁਸਹਿਰਾ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਗਿਆ, ਜਿਸ ਦਾ ਉਦਘਾਟਨ ਲਖਵਿੰਦਰ ਸਿੰਘ ਲੱਖੀ, ਸੱਤਪਾਲ ਸਿੰਘ ਮੁਲਤਾਨੀ, ਗੁਰਦਿਆਲ ਸਿੰਘ ਅਤੇ ਰਾਜਾ ਸਟੂਡੀਓ ਟਾਂਡਾ ਵਾਲਿਆਂ ਨੇ ਸਾਂਝੇ ਰੂਪ 'ਚ ਕੀਤਾ। ਇਸ ਮੌਕੇ ਮੁੱਖ ਮਹਿਮਾਨ ਵਜੋਂ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ, ਸੀਨੀਅਰ ਆਪ ਨੇਤਾ ਸੋਨੂ ਖੰਨਾ, ਅਰਵਿੰਦਰ ਸਿੰਘ ਰਸੂਲਪੁਰ, ਜੰਗਵੀਰ ਸਿੰਘ ਚੌਹਾਨ, ਰਾਹੁਲ ਖੰਨਾ, ਜਸਵਿੰਦਰ ਸਿੰਘ ਜੱਸੀ, ਡਾ. ਕੇਵਲ ਸਿੰਘ ਨੇ ਲੋਕਾਂ ਨੂੰ ਦੁਸਹਿਰਾ ਉਤਸਵ ਦੀਆਂ ਵਧਾਈਆਂ ਦਿੱਤੀਆਂ। ਦੁਸਹਿਰਾ ਗਰਾਊਂਡ ਵਿੱਚ ਪਹੁੰਚੇ ਮੁੱਖ ਮਹਿਮਾਨਾਂ ਤੇ ਕਲੱਬ ਮੈਂਬਰਾਂ ਵੱਲੋਂ ਦੁਸਹਿਰਾ ਕਮੇਟੀ ਦੇ ਸਾਬਕਾ ਪ੍ਰਧਾਨ ਸਵ: ਕਮਲਕਾਂਤ ਬੰਟੀ ਨੂੰ 2 ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਦੇਣ ਉਪਰੰਤ ਸਾਂਝੇ ਰੂਪ ਵਿੱਚ ਕਿਹਾ ਕਿ ਦੁਸਹਿਰਾ ਹਰ ਸਾਲ ਇਸ ਲਈ ਮਨਾਇਆ ਜਾਂਦਾ ਹੈ ਤਾਂ ਜੋ ਲੋਕਾਂ ਨੂੰ ਬੁਰਾਈਆਂ ਤੋਂ ਦੂਰ ਰਹਿ ਕੇ ਅੱਛਾਈ ਦੇ ਰਸਤਿਆਂ ਤੇ ਚੱਲਣ ਦੀ ਪ੍ਰੇਰਨਾ ਮਿਲ ਸਕੇ।ਦੁਸਹਿਰਾ ਕਮੇਟੀ ਟਾਂਡਾ ਦੇ ਸਮੂਹ ਮੈਂਬਰਾਂ ਵੱਲੋਂ ਆਏ ਹੋਏ ਮਹਿਮਾਨਾਂ ਅਤੇ ਵੱਖ-ਵੱਖ ਸਰੂਪ ਧਾਰਨ ਕੀਤੇ ਕਲਾਕਾਰਾਂ ਨੂੰ ਸ਼ੀਲਡਾਂ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਤੇ ਕਮਲਜੀਤ ਤੁਲੀ, ਪ੍ਰਿਥੀਪਾਲ ਦਾਤਾ, ਗੋਲਡੀ ਵਰਮਾ, ਪ੍ਰਸ਼ਾਂਤ ਪੰਡਿਤ, ਪੁਨੀਤ ਢੀਂਗਰਾ, ਜਸਵਿੰਦਰ ਸੰਧੂ,ਪੰਡਿਤ ਮਿਥਲੇਸ਼ ਗਰਗ, ਰਾਜੂ ਖੋਸਲਾ, ਸੰਜੀਵ ਖੰਨਾ, ਰਾਜ ਵਿਰਕ, ਬੱਗਾ ਸਿੱਧੂ ਸਮੂਹ ਕਲੱਬ ਮੈਂਬਰਾਂ ਤੇ ਹੋਰ ਹਾਜ਼ਰ ਰਾਮ ਸ਼ਰਧਾਲੂਆਂ ਨੇ ਆਖਰ ਵਿੱਚ ਸ੍ਰੀ ਹਨੂਮਾਨ ਚਾਲੀਸਾ ਦਾ ਪਾਠ ਕੀਤਾ।



## ਸੋਸ਼ਲਿਸਟ ਪਾਰਟੀ ਇੰਡੀਆ ਵੱਲੋਂ ਵਾਂਗਚੁੱਕ ਨੂੰ ਗ੍ਰਿਫਤਾਰ ਕਰਨਾ ਨਿੰਦਣਯੋਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਸੋਸ਼ਲਿਸਟ ਪਾਰਟੀ ਇੰਡੀਆ ਪੰਜਾਬ ਦੇ ਪ੍ਰਧਾਨ ਓਮ ਸਿੰਘ ਸਟਿਆਣਾ, ਜਨਰਲ ਸਕੱਤਰ ਜਗਦੀਪ ਸਿੰਘ ਖੇੜਾ, ਕਮਲਜੀਤ ਸਿੰਘ ਮੰਨਣ ਅਤੇ ਸਤਪਾਲ ਸਿੰਘ ਡਡਿਆਣਾ ਨੇ ਲੇਹ ਵਿੱਚ ਹੋਈਆਂ ਹਿੰਸਾ ਦੀਆਂ ਘਟਨਾਵਾਂ ਅਤੇ ਇਸ ਲਈ ਜ਼ਿੰਮੇਵਾਰ ਦੱਸ ਕੇ ਸੋਨਮ ਵਾਂਗਚੁੱਕ ਦੀ ਗ੍ਰਿਫ਼ਤਾਰੀ ਕਰਨ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਸੋਨਮ ਵਾਂਗਚੁੱਕ ਨੇ ਹਰ ਸਮੇਂ ਸ਼ਾਤੀਪੂਰਨ, ਅਹਿੰਸਕ ਅਤੇ ਸੰਵਿਧਾਨਕ ਢੰਗ ਨਾਲ ਲੱਦਾਖ ਦੀ ਜਨਤਾ ਦੀਆਂ ਮੰਗਾਂ ਨੂੰ ਅੱਗੇ ਵਧਾਇਆ ਹੈ।ਇਸਦੀ ਪਹਿਚਾਣ ਇੱਕ ਦੂਰਦਰਸ਼ੀ ਸਿੱਖਿਆ ਸੁਧਾਰਕ, ਸੋਸ਼ਲ ਵਰਕਰ ਅਤੇ ਵਾਤਾਵਰਨ ਪ੍ਰੇਮੀ ਦੇ ਰੂਪ ਵਿੱਚ ਰਹੀ ਹੈ।ਭਾਰਤੀ ਜਨਤਾ ਪਾਰਟੀ ਵੱਲੋਂ ਉਸ ਉਪਰ ਹਿੰਸਾ ਭੜਕਾਉਣ ਦਾ ਦੋਸ਼ ਲਾਉਣਾ ਤੱਥਹੀਣ ਹੀ ਨਹੀਂ ਬਲਕਿ ਲੱਦਾਖ ਦੀ ਜਨਤਾ ਦੀ ਲੋਕਤੰਤਰਿਕ ਆਵਾਜ਼ ਨੂੰ ਦਬਾਉਣ ਦਾ ਯਤਨ ਹੈ।ਇਸ ਤਰ੍ਹਾਂ ਕੇਂਦਰ ਸਰਕਾਰ ਨੇ ਅੰਦੋਲਨ ਦੀਆਂ ਮੰਗਾਂ ਵੱਲ ਗੰਭੀਰਤਾ ਅਤੇ ਸੰਵੇਦਨਸ਼ੀਲ ਰੁਖ ਅਪਨਾਉਣ ਦੀ ਬਜਾਇ ਸ਼ੁਰੂ ਤੋਂ ਹੀ ਉਸਨੂੰ ਬਦਨਾਮ ਕਰਨ ਅਤੇ ਨੇਤਾਵਾਂ ਨੂੰ ਨਿਸ਼ਾਨਾ ਬਣਾਉਣ ਦਾ ਰਸਤਾ ਚੁਣਿਆ ਹੈ।ਆਗੂਆਂ ਨੇ ਕਿਹਾ ਕਿ ਸੋਸ਼ਲਿਸਟ ਪਾਰਟੀ ਇੰਡੀਆ ਲੱਦਾਖ ਦੀ ਜਨਤਾ ਦੀਆਂ ਮੰਗਾਂ, ਜਿਹਨਾਂ ਵਿੱਚ ਲੱਦਾਖ ਨੂੰ ਪੂਰਨ ਰਾਜ ਦਾ ਦਰਜਾ ਦੇਣ ਜਾਂ ਛੇਵੀਂ ਅਨੁਸੂਚੀ ਦਾ ਦਰਜਾ ਦੇਣ, ਰੁਜ਼ਗਾਰ ਦੇ ਸਾਧਨ ਮੁਹੱਈਆ ਕਰਵਾਉਣਾ ਸ਼ਾਮਲ ਹੈ, ਦੀ ਪੁਰਜ਼ੋਰ ਹਮਾਇਤ ਕਰਦੀ ਹੈ ਅਤੇ ਲੱਦਾਖ ਦੀ ਜਨਤਾ ਦੇ ਸ਼ਾਂਤ ਮਈ ਅੰਦੋਲਨ ਦਾ ਪੂਰਨ ਸਮਰਥਨ ਕਰਦੀ ਹੈ।ਪਾਰਟੀ ਵਲੋਂ ਮੰਗ ਕੀਤੀ ਗਈ ਹੈ ਕਿ ਲੇਹ ਵਿੱਚ ਹੋਈ ਹਿੰਸਾ ਦੀ ਤੁਰੰਤ ਨਿਰਪੱਖ ਪੜਤਾਲ ਕਰਵਾਈ ਜਾਵੇ, ਸੋਨਮ ਵਾਂਗਚੁੱਕ ਨੂੰ ਰਿਹਾਅ ਕੀਤਾ ਜਾਵੇ ਅਤੇ ਲੱਦਾਖ ਦੀ ਜਨਤਾ ਦੀਆਂ ਸੰਵਿਧਾਨਕ ਮੰਗਾਂ ਬਾਰੇ ਤੁਰੰਤ ਗੱਲਬਾਤ ਅਰੰਭੀ ਜਾਵੇ।

## ਆਰ ਬੀ ਯੂ ਵਿਖੇ ਸੱਤ ਦਿਨਾ ਐੱਨ ਐੱਸ ਐੱਸ ਕੈਂਪ ਸਮਾਪਤ

**ਚੰਡੀਗੜ੍ਹ (ਗੁਰਜੀਤ ਬਿੱਲਾ)** ਰਿਆਤ ਬਾਹਰਾ ਯੂਨੀਵਰਸਿਟੀ ਦੇ ਐਨ ਐਸ ਐਸ ਵਿਭਾਗ ਵੱਲੋਂ ਆਯੋਜਿਤ ਸੱਤ ਦਿਨਾਂ ਰਾਸ਼ਟਰੀ ਸੇਵਾ ਯੋਜਨਾ (ਐਨ ਐਸ ਐਸ) ਕੈਂਪ ਦਾ ਸਮਾਪਨ ਉਤਸ਼ਾਹਪੂਰਨ ਮਾਹੌਲ ਵਿੱਚ ਹੋਇਆ।ਕਈ ਵਿਭਾਗਾਂ ਦੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਕੈਂਪ ਵਿੱਚ ਸਰਗਰਮ ਭਾਗੀਦਾਰੀ ਕੀਤੀ।ਹਫ਼ਤੇ ਭਰ ਚੱਲੇ ਇਸ ਕੈਂਪ ਦਾ ਮੁੱਖ ਉਦੇਸ਼ ਭਾਈਚਾਰਕ ਸ਼ਮੂਲੀਅਤ ਅਤੇ ਸੰਪੂਰਨ ਸਿੱਖਿਆ ਨੂੰ ਪ੍ਰੋਤਸਾਹਿਤ ਕਰਨਾ ਸੀ।ਇਸ ਦੌਰਾਨ ਸਫਾਈ ਮੁਹਿੰਮ, ਮੁਫ਼ਤ ਮੈਡੀਕਲ ਕੈਂਪ, ਵਾਤਾਵਰਣ ਜਾਗਰੂਕਤਾ ਰੈਲੀ, ਰੁੱਖ ਲਗਾਉਣ ਦੀ ਮੁਹਿੰਮ, ਖੇਡ ਮੁਕਾਬਲੇ ਅਤੇ ਹੁਨਰ ਵਿਕਾਸ ਵਰਕਸ਼ਾਪਾਂ ਵਰਗੀਆਂ ਕਈ ਗਤੀਵਿਧੀਆਂ ਆਯੋਜਿਤ ਕੀਤੀਆਂ ਗਈਆਂ। ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਆਫ਼ਤ ਪ੍ਰਬੰਧਨ, ਲਿੰਗ ਸੰਵੇਦਨਸ਼ੀਲਤਾ ਅਤੇ ਹੋਰ ਸਮਾਜਕ ਮੁੱਦਿਆਂ 'ਤੇ ਇੰਟਰਐਕਟਿਵ ਸੈਸ਼ਨਾਂ ਅਤੇ ਲੈਕਚਰਾਂ ਵਿੱਚ ਭਾਗ ਲਿਆ।ਸਮਾਪਤੀ ਸਮਾਰੋਹ ਦੀ ਪ੍ਰਧਾਨਗੀ ਗਰੁੱਪ ਵਾਈਸ-ਚਾਂਸਲਰ ਡਾ. ਸੰਜੇ ਕੁਮਾਰ ਨੇ ਕੀਤੀ। ਉਨ੍ਹਾਂ ਨੇ ਵਲੰਟੀਅਰਾਂ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਐਨ ਐਸ ਐਸ ਵਿਦਿਆਰਥੀਆਂ ਨੂੰ ਸਮਾਜ ਨਾਲ ਜੁੜਨ ਅਤੇ ਰਾਸ਼ਟਰ ਨਿਰਮਾਣ ਵਿੱਚ ਯੋਗਦਾਨ ਪਾਉਣ ਲਈ ਬਿਹਤਰੀਨ ਮੰਚ ਮੁਹੱਈਆ ਕਰਦਾ ਹੈ।ਇਹ ਕੈਂਪ ਐਨ ਐਸ ਐਸ ਡਾਇਰੈਕਟਰ (ਮੇਜਰ) ਏ.ਐਸ. ਚਾਹਲ ਦੀ ਨਿਗਰਾਨੀ ਹੇਠ ਆਯੋਜਿਤ ਕੀਤਾ ਗਿਆ।ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਭਾਗੀਦਾਰਾਂ ਦੀ ਸੇਵਾ ਭਾਵਨਾ ਅਤੇ ਐਨਐਸਐਸ ਯੂਨਿਟ ਦੀ ਪ੍ਰਭਾਵਸ਼ਾਲੀ ਗਤੀਵਿਧੀਆਂ ਦੀ ਸਰਾਹਨਾ ਕੀਤੀ।



## ਸਰਕਾਰੀ ਕਲਾ ਤੇ ਖੇਡ ਕਾਲਜ ਜਲੰਧਰ ਵਿਖੇ ਅਗਨੀਵੀਰ ਭਰਤੀ 8 ਤੋਂ 16 ਤੱਕ

**ਜਲੰਧਰ (ਰਾਜੇਸ਼ ਥਾਪਾ)**- ਅਗਨੀਵੀਰ ਭਰਤੀ ਪ੍ਰਕਿਰਿਆ ਦੇ ਤਹਿਤ ਭਾਰਤੀ ਫੌਜ ਦੀ ਭਰਤੀ ਖੇਤਰੀ ਭਰਤੀ ਹੈਡਕੁਆਰਟਰ ਜਲੰਧਰ ਹੈੱਡਕੁਆਰਟਰ 11 ਕੋਰ ਅਤੇ ਜ਼ਿਲ੍ਹਾ ਪ੍ਰਸ਼ਾਸਨ, ਜਲੰਧਰ ਦੁਆਰਾ ਸਾਂਝੇ ਤੌਰ 'ਤੇ 8 ਅਕਤੂਬਰ ਤੋਂ 16 ਅਕਤੂਬਰ ਤੱਕ ਸਰਕਾਰੀ ਕਲਾ ਅਤੇ ਖੇਡ ਕਾਲਜ, ਜਲੰਧਰ ਵਿਖੇ ਆਯੋਜਿਤ ਕੀਤੀ ਜਾਵੇਗੀ। ਭਰਤੀ ਰੈਲੀ ਵਿੱਚ ਜਲੰਧਰ, ਕਪੂਰਥਲਾ, ਐਸ ਬੀ ਐਸ ਨਗਰ, ਹੁਸ਼ਿਆਰਪੁਰ ਅਤੇ ਤਰਨਤਾਰਨ ਜ਼ਿਲ੍ਹਿਆਂ ਦੇ ਨੌਜਵਾਨ ਹਿੱਸਾ ਲੈ ਸਕਣਗੇ। ਭਰਤੀ ਅਗਨੀਵੀਰ ਜਨਰਲ ਡਿਊਟੀ, ਕਲਰਕ, ਟੈਕਨੀਕਲ ਅਤੇ ਟਰੇਡਸਮੈਨ ਲਈ ਹੋਵੇਗੀ। ਇਸ ਤੋਂ ਇਲਾਵਾ, 13 ਅਕਤੂਬਰ ਨੂੰ ਜੰਮੂ ਅਤੇ ਕਸ਼ਮੀਰ ਅਤੇ ਪੰਜਾਬ ਤੋਂ ਮਹਿਲਾ ਉਮੀਦਵਾਰਾਂ ਨੂੰ ਵੀ ਮਹਿਲਾ ਅਗਨੀਵੀਰ ਮਿਲਟਰੀ ਪੁਲਸ ਲਈ ਸ਼ਾਮਲ ਕੀਤਾ ਜਾਵੇਗਾ। ਅੱਠ ਦਿਨਾਂ ਭਰਤੀ ਰੈਲੀ ਵਿੱਚ 6000 ਤੋਂ ਵੱਧ ਭਾਗੀਦਾਰ ਹਿੱਸਾ ਲੈਣਗੇ। ਇਸ ਵਿੱਚ 1.6 ਕਿਲੋਮੀਟਰ ਦੌੜ, ਸਰੀਰਕ ਮਾਪਦੰਡ ਅਤੇ ਕੁਸ਼ਲਤਾ ਟੈਸਟ ਅਤੇ ਡਾਕਟਰੀ ਜਾਂਚ ਸ਼ਾਮਲ ਹੋਵੇਗੀ।



## ਸਰਬੱਤ ਦੇ ਭਲੇ ਦੀ ਅਰਦਾਸ ਲਈ ਕਰਵਾਇਆ ਸਾਲਾਨਾ ਕੀਰਤਨ ਦਰਬਾਰ

**ਅੱਡਾ ਸਰਾਂ /ਟਾਂਡਾ ਉੜਮੁੜ (ਜਸਵੀਰ ਕਾਜਲ, ਓਂਕਾਰ)**- ਅਕਾਲ ਵੈੱਲਫੇਅਰ ਸੋਸਾਇਟੀ, ਪ੍ਰਵਾਸੀ ਭਾਰਤੀਆਂ ਅਤੇ ਪਿੰਡ ਦੀਆਂ ਸਮੂਹ ਸੰਗਤਾਂ ਵੱਲੋਂ ਪਿੰਡ ਖੱਖ ਵਿਚ ਕਰਵਾਏ ਗਏ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ 350 ਸਾਲਾ ਗੁਰਤਾ ਗੱਦੀ ਸ਼ਤਾਬਦੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਮਹਾਨ ਸਾਲਾਨਾ ਕੀਰਤਨ ਦਰਬਾਰ ਵਿਚ ਵੱਖ-ਵੱਖ ਪਿੰਡਾਂ ਅਤੇ ਟਾਂਡਾ ਉੜਮੁੜ ਸ਼ਹਿਰ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਨੇ ਆ ਕੇ ਹਾਜ਼ਰੀ ਲੁਆਈ। ਪ੍ਰਬੰਧਕ ਸੇਵਾਦਾਰਾਂ ਗੁਰਪ੍ਰੀਤ ਸਿੰਘ ਅਮਰੀਕਾ, ਬੂਟਾ ਸਿੰਘ, ਗੁਰਪਾਲ ਸਿੰਘ, ਵਰਿੰਦਰ ਸਿੰਘ, ਉਂਕਾਰ ਸਿੰਘ, ਜਗਪਾਲ ਸਿੰਘ ਅਮਰੀਕਾ, ਪ੍ਰਭਪ੍ਰੀਤ ਸਿੰਘ, ਮਹਿੰਦਰ ਸਿੰਘ ਦੀ ਦੇਖ-ਰੇਖ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਵਿਚ ਕਰਵਾਏ ਗਏ ਕੀਰਤਨ ਦਰਬਾਰ ਵਿਚ ਪੰਥ ਪ੍ਰਸਿੱਧ ਕਥਾ ਵਾਚਕ ਭਾਈ ਪਿੰਦਰਪਾਲ ਸਿੰਘ, ਭਾਈ ਜੁਝਾਰ ਸਿੰਘ, ਭਾਈ ਭੁਪਿੰਦਰ ਸਿੰਘ ਸੋਹਲਪੁਰ, ਭਾਈ ਵਰਿੰਦਰ ਸਿੰਘ ਖੱਖ, ਭਾਈ ਭਾਰਤ ਸਿੰਘ ਜਵੱਦੀ ਟਕਸਾਲ, ਭਾਈ ਸਰੂਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਸਟੇਜ ਸਕੱਤਰ ਭਾਈ ਗੁਰਵਿੰਦਰ ਸਿੰਘ ਜਵੱਦੀ ਟਕਸਾਲ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਨਾਲ ਨਿਹਾਲ ਕੀਤਾ। ਇਸ ਮੌਕੇ ਭਾਈ ਪਿੰਦਰਪਾਲ ਸਿੰਘ ਨੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਨੂੰ ਜੀਵਨ ਜਾਚ ਬਣਾਉਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਆਖਿਆ ਕਿ ਬੱਚਿਆਂ ਨੂੰ ਧਰਮ ਅਤੇ ਵਿਰਸੇ ਨਾਲ ਜੋੜਨ ਲਈ ਸੰਜੀਦਾ ਉੱਦਮ ਹੋਣੇ ਚਾਹੀਦੇ ਹਨ।ਇਸ ਮੌਕੇ ਬਾਬਾ ਜ਼ੋਰਾਵਰ ਸਿੰਘ ਸੋਸਾਇਟੀ, ਬਾਬਾ ਫਤਿਹ ਸਿੰਘ ਵੈੱਲਫੇਅਰ ਸੋਸਾਇਟੀ ਆਦਿ ਸੰਸਥਾਵਾਂ ਵੱਲੋਂ ਸੇਵਾਵਾਂ ਦਿੱਤੀਆਂ ਗਈਆਂ। ਇਸ ਦੌਰਾਨ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਕੈਪਟਨ ਜਰਨੈਲ ਸਿੰਘ, ਵਿਧਾਇਕ ਜਸਵੀਰ ਸਿੰਘ ਰਾਜਾ, ਅਰਵਿੰਦਰ ਸਿੰਘ ਰਸੂਲਪੁਰ, ਬਲਬੀਰ ਸਿੰਘ ਮੁੱਛਲ, ਅਮਰਜੀਤ ਸਿੰਘ ਰੜਾ, ਮਨਜੀਤ ਸਿੰਘ ਖਾਲਸਾ, ਸੁਖਨਿੰਦਰ ਸਿੰਘ ਕਲੋਟੀ, ਗੁਰਪ੍ਰੀਤ ਸਿੰਘ, ਤਰਸੇਮ ਸਿੰਘ, ਜੰਗਵੀਰ ਸਿੰਘ ਚੌਹਾਨ, ਪ੍ਰਿਥਪਾਲ ਸਿੰਘ, ਸੁਖਪਾਲ ਸਿੰਘ ਗੁਰਾਇਆ, ਦਲਜੀਤ ਸਿੰਘ ਸਾਬੀ, ਪ੍ਰਿਥੀਪਾਲ ਦਾਤਾ, ਕੇਸ਼ਵ ਸਿੰਘ ਸੈਣੀ, ਹਰੀ ਕ੍ਰਿਸ਼ਨ ਸੈਣੀ, ਕਿਰਪਾਲ ਸਿੰਘ ਪੰਡੋਰੀ, ਨਿਰਮਲ ਸਿੰਘ ਤੁੱਲੀ, ਪਿਆਰਾ ਸਿੰਘ, ਮਨਜਿੰਦਰ ਸਿੰਘ ਲਾਡੀ ਅਤੇ ਸਮੂਹ ਸੰਗਤਾਂ ਸੇਵਾਵਾਂ ਦੇ ਰਹੀਆਂ ਸਨ।



## ਧੱਮ ਚੱਕਰ ਪ੍ਰਵਰਤਨ ਦਿਵਸ ਸਮਾਗਮ ਅੰਬੇਡਕਰ ਭਵਨ 'ਚ 14 ਨੂੰ

**ਜਲੰਧਰ (ਰਾਜੇਸ਼ ਥਾਪਾ)** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਬਿਆਨ ਜਾਰੀ ਕਰਕੇ ਕਿਹਾ ਕਿ ਭਾਰਤ ਰਤਨ ਡਾ. ਬੀ.ਆਰ. ਅੰਬੇਡਕਰ ਨੇ 14 ਅਕਤੂਬਰ, 1956 ਨੂੰ ਆਪਣੇ ਲੱਖਾਂ ਪੈਰੋਕਾਰਾਂ ਨਾਲ ਮਹਾਰਾਸ਼ਟਰ ਦੇ ਨਾਗਪੁਰ ਵਿੱਚ ਦੀਕਸ਼ਾ ਭੂਮੀ ਵਿਖੇ ਬਰਮੀ ਬੋਧੀ ਭਿਕਸ਼ੂ ਚੰਦਰਮਣੀ ਤੋਂ ਧੰਮ ਦੀਕਸ਼ਾ (ਦੀਕਸ਼ਾ) ਲਈ ਸੀ।ਇਸ ਇਤਿਹਾਸਿਕ ਘਟਨਾ ਦੇ ਪ੍ਰਭਾਵ ਅਧੀਨ ਡਾ. ਅੰਬੇਡਕਰ ਸਾਹਿਬ ਦੇ ਪਦ-ਚਿੰਨ੍ਹਾਂ 'ਤੇ ਚਲਦਿਆਂ ਬਹੁਤ ਸਾਰੇ ਦਲਿਤਾਂ ਨੇ ਸਦੀਆਂ ਪੁਰਾਣੇ ਅੰਧ ਵਿਸ਼ਵਾਸ਼ਾਂ ਅਤੇ ਰੀਤੀ-ਰਸਮਾਂ ਨੂੰ ਤਿਆਗਕੇ ਸਮਤਾ, ਸੁਤੰਤਰਤਾ ਅਤੇ ਭਾਈਚਾਰੇ ਦੀ ਭਾਵਨਾ 'ਤੇ ਅਧਾਰਿਤ ਬੁੱਧ ਧਰਮ ਅਪਣਾਕੇ ਸਮੂਹਿਕ ਧਾਰਮਿਕ ਪਰਿਵਰਤਨ ਦੀ ਨਿਸ਼ਾਨਦੇਹੀ ਕੀਤੀ। ਬਾਬਾ ਸਾਹਿਬ ਦੁਆਰਾ ਆਰੰਭੀ ਇਸ ਧੰਮ ਕ੍ਰਾਂਤੀ ਦੀ ਮਸ਼ਾਲ ਨੂੰ ਮਘਦੀ ਰੱਖਣ ਵਾਸਤੇ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 14 ਅਕਤੂਬਰ ਨੂੰ ਸਵੇਰੇ 10 ਵਜੇ ਧੱਮ ਚੱਕਰ ਪ੍ਰਵਰਤਨ ਦਿਵਸ ਦੇ ਰੂਪ ਵਿੱਚ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਚਰਨ-ਛੋਹ ਪ੍ਰਾਪਤ ਇਤਿਹਾਸਕ ਸਥਾਨ 'ਅੰਬੇਡਕਰ ਭਵਨ' ਵਿਖੇ ਮਨਾਏਗੀ। ਇਹ ਸਮਾਗਮ ਮਨਾਉਣ ਲਈ ਅੰਬੇਡਕਰ ਭਵਨ ਟਰਸਟ (ਰਜਿ.) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਯੂਨਿਟ ਦਾ ਸਹਿਯੋਗ ਪ੍ਰਾਪਤ ਹੈ।ਭਾਰਦਵਾਜ ਨੇ ਕਿਹਾ ਕਿ ਅੰਤਰਰਾਸ਼ਟਰੀ ਬੁੱਧ ਧੱਮ ਪ੍ਰਚਾਰਕ ਅਤੇ ਇੰਟਰਨੈਸ਼ਨਲ ਕੋਆਰਡੀਨੇਟਰ, ਫੈਡਰੇਸ਼ਨ ਆਫ ਅੰਬੇਡਕਰਰਾਈਟ ਐਂਡ ਬੁੱਧਿਸਟ ਆਰਗਨਾਈਜੇਸ਼ਨਜ਼ (ਫੈਬੋ) ਯੂਕੇ ਦੇ ਇੰਟਰਨੈਸ਼ਨਲ ਕੋਆਰਡੀਨੇਟਰ ਡਾ. ਹਰਬੰਸ ਵਿਰਦੀ ਇਸ ਸਮਾਗਮ ਦੇ ਮੁੱਖ ਮਹਿਮਾਨ ਹੋਣਗੇ ਅਤੇ ਡਾ.ਬਲਬਿੰਦਰ ਕੁਮਾਰ. ਸਹਾਇਕ ਪ੍ਰੋਫੈਸਰ ਪਾਲਿਟਿਕਲ ਸਾਇੰਸ ਵਿਭਾਗ, ਪੰਜਾਬ ਯੂਨੀਵਰਸਿਟੀ ਸਵਾਮੀ ਸਰਵਾਨੰਦ ਗਿਰੀ ਰਿਜਨਲ ਸੈਂਟਰ, ਹੋਸ਼ਿਆਰਪੁਰ ਮੁੱਖ ਬੁਲਾਰੇ ਵਜੋਂ ਸ਼ਿਰਕਤ ਕਰਨਗੇ। ਇਨ੍ਹਾਂ ਤੋਂ ਇਲਾਵਾ ਸਰਵ ਸ਼੍ਰੀ ਬਲਦੇਵ ਰਾਜ ਜੱਸਲ, ਸੋਹਨ ਲਾਲ ਅਤੇ ਐਡਵੋਕੇਟ ਕੁਲਦੀਪ ਭੱਟੀ ਅਤੇ ਹੋਰ ਵਿਦਵਾਨ ਆਪਣੇ ਵਿਚਾਰ ਪੇਸ਼ ਕਰਨਗੇ। ਲੰਗਰ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ। ਭਾਰਦਵਾਜ ਨੇ ਕਿਹਾ ਕਿ ਸੁਸਾਇਟੀ ਨੇ ਬਾਬਾ ਸਾਹਿਬ ਦੇ ਪ੍ਰਤੀ ਸ਼ਰਧਾ ਰੱਖਣ ਵਾਲਿਆਂ ਨੂੰ ਸਮਾਗਮ ਵਿੱਚ ਹੁਮ ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ ਹੈ।



## ਗੰਦੇ ਪਾਣੀ ਦੀ ਸਮੱਸਿਆ ਹੱਲ ਨਾ ਕਰਨ 'ਤੇ ਰੋਸ ਪ੍ਰਦਰਸ਼ਨ ਕਰਨ ਦੀ ਚਿਤਾਵਨੀ



**ਫਿਲੌਰ (ਨਿਰਮਲ)**- ਤਲਵਣ ਰੋਡ ਫਿਲੌਰ ਦੇ ਵਾਸੀਆਂ ਦਾ ਸਬਰ ਹੁਣ ਟੁੱਟ ਚੁੱਕਾ ਹੈ। ਘਰਾਂ ਦੇ ਸਾਹਮਣੇ ਖੜ੍ਹੇ ਗੰਦੇ ਪਾਣੀ ਕਾਰਨ ਲੋਕਾਂ ਦੀ ਜ਼ਿੰਦਗੀ ਦੁਸ਼ਵਾਰ ਹੋ ਚੁੱਕੀ ਹੈ। ਗਲੀਆਂ ਵਿੱਚੋਂ ਲੰਘਣਾ ਔਖਾ ਹੋ ਗਿਆ ਹੈ, ਬਿਮਾਰੀਆਂ ਫੈਲ ਰਹੀਆਂ ਹਨ ਪਰ ਸਰਕਾਰ ਇਸ ਗੰਭੀਰ ਸਮੱਸਿਆ ਵੱਲ ਅਜੇ ਵੀ ਬੇਪਰਵਾਹ ਨਜ਼ਰ ਆ ਰਹੀ ਹੈ ਲੋਕ ਇਨਸਾਫ ਮੰਚ ਦੇ ਆਗੂਆਂ ਨੇ ਮੁਹੱਲਾ ਵਾਸੀਆਂ ਨਾਲ ਮਿਲ ਕੇ ਤਲਵਣ ਰੋਡ 'ਤੇ ਰੋਸ ਪ੍ਰਗਟਾਇਆ। ਇਸ ਮੌਕੇ 'ਤੇ ਜਰਨੈਲ ਫਿਲੌਰ, ਮਾਸਟਰ ਹੰਸਰਾਜ, ਰਾਮ ਜੀ ਦਾਸ (ਗੰਨਾ ਪਿੰਡ), ਹਨੀ ਕੁਮਾਰ, ਮੱਖਣ ਲਾਲ, ਸਰੂਪ ਕਲੇਰ, ਬੀਬੀ ਚਰਨ ਕੌਰ, ਰਿੰਪੀ, ਗੋਰਾ ਨੰਗਲ, ਦੀਪਾ (ਇੰਦਰਾ ਕਲੋਨੀ), ਸੁਰਿੰਦਰ ਕੌਰ ਤੇ ਹੋਰ ਕਈ ਹਾਜ਼ਰ ਸਨ।ਇਕੱਠੇ ਹੋਏ ਲੋਕਾਂ ਨੇ ਸਾਫ਼ ਸ਼ਬਦਾਂ ਵਿੱਚ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਸੋਮਵਾਰ ਤੱਕ ਗੰਦੇ ਪਾਣੀ ਦੀ ਨਿਕਾਸੀ ਦਾ ਹੱਲ ਨਾ ਕੀਤਾ ਗਿਆ ਤਾਂ 6 ਅਕਤੂਬਰ ਨੂੰ ਬੀ ਡੀ ਪੀ ਓ ਦਫ਼ਤਰ ਨੂੰ ਮੰਗ ਪੱਤਰ ਸੌਂਪਿਆ ਜਾਵੇਗਾ, ਅਤੇ ਜੇ ਉਸ ਤੋਂ ਵੀ ਸੁਣਵਾਈ ਨਾ ਹੋਈ ਤਾਂ ਬੀ ਡੀ ਪੀ ਓ ਦਫ਼ਤਰ ਅੱਗੇ ਪੱਕਾ ਧਰਨਾ ਲਗਾਇਆ ਜਾਵੇਗਾ।

## ਜੈ ਰਾਣੀ ਜੈਨ ਦੀਆਂ ਅੱਖਾਂ ਨਾਲ ਦੋ ਹਨ੍ਹੇਰੀ ਜ਼ਿੰਦਗੀਆਂ ਨੂੰ ਮਿਲੇਗੀ ਰੌਸ਼ਨੀ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਅਸ਼ੋਕ ਨਗਰ, ਵਕੀਲਾਂ ਬਜ਼ਾਰ ਨਿਵਾਸੀ 75 ਸਾਲਾ ਜੈ ਰਾਣੀ ਜੈਨ ਦੇ ਦੇਹਾਂਤ ਉਪਰੰਤ ਉਨ੍ਹਾਂ ਦੇ ਪਰਵਾਰਕ ਮੈਂਬਰ-ਪਤੀ ਸਿਕੰਦਰ ਲਾਲ ਜੈਨ, ਸੰਦੀਪ ਜੈਨ, ਨੇਹਾ ਜੈਨ, ਅੰਜੂ ਜੈਨ, ਵਿਨੇ ਜੈਨ, ਰਿਸ਼ਾ ਜੈਨ, ਅਸ਼ਵਨੀ ਜੈਨ, ਭਾਵਨਾ ਜੈਨ, ਸ਼ਗੁਨ ਜੈਨ ਨੇ ਆਪਣੀ ਮਾਤਾ ਦੇ ਨੇਤਰ ਰੋਟਰੀ ਆਈ ਬੈਂਕ ਰਾਹੀਂ ਥਿੰਡ ਆਈ ਹਸਪਤਾਲ ਨੂੰ ਦਾਨ ਕਰ ਦਿੱਤੇ। ਦਾਨ ਲੈਣ ਦੀ ਪ੍ਰਕਿਰਿਆ ਨੂੰ ਡਾ. ਅਮਨਿੰਦਰ ਪਾਲ, ਅਮਨਦੀਪ ਸਿੰਘ, ਅਮਰਜੀਤ ਕੌਰ ਅਤੇ ਅਸਿਸਟੈਂਟ ਗੁਰਪ੍ਰੀਤ ਸਿੰਘ ਨੇ ਪੂਰਾ ਕੀਤਾ। ਇਸ ਮੌਕੇ ਰੋਟਰੀ ਆਈ ਬੈਂਕ ਦੇ ਚੇਅਰਮੈਨ ਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਨੇ ਪਰਵਾਰ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਮਾਤਾ ਜੈ ਰਾਣੀ ਜੈਨ ਦੀਆਂ ਅੱਖਾਂ ਨਾਲ ਦੋ ਹਨ੍ਹੇਰੀ ਜ਼ਿੰਦਗੀਆਂ ਰੌਸ਼ਨ ਹੋਣਗੀਆਂ ਜੋ ਅੱਜ ਤੱਕ ਕਾਰਨੀਆ ਬਲਾਇਡਨੈੱਸ ਕਾਰਨ ਹਨ੍ਹੇਰੀ ਜ਼ਿੰਦਗੀ ਜੀ ਰਹੀਆਂ ਸਨ। ਉਨ੍ਹਾਂ ਨੇ ਦੱਸਿਆ ਕਿ ਇੱਕ ਵਿਅਕਤੀ ਵੱਲੋਂ ਦਾਨ ਕੀਤੀਆਂ ਅੱਖਾਂ ਦੋ ਲੋਕਾਂ ਨੂੰ ਲੱਗਦੀਆਂ ਹਨ। ਇਸ ਮੌਕੇ ਪਤੀ ਸਿਕੰਦਰ ਲਾਲ ਜੈਨ ਤੇ ਪੁੱਤਰ ਸੰਦੀਪ ਜੈਨ ਨੇ ਦੱਸਿਆ ਕਿ ਉਨ੍ਹਾਂ ਦੀ ਮਾਤਾ ਦੀ ਇੱਛਾ ਸੀ ਕਿ ਮਰਣ ਉਪਰੰਤ ਉਨਾਂ ਦੇ ਨੇਤਰਦਾਨ ਕਰਵਾਏ ਜਾਣ, ਇਸ ਲਈ ਪਰਵਾਰ ਵੱਲੋਂ ਉਨ੍ਹਾਂ ਦੀ ਇੱਛਾ ਨੂੰ ਪੂਰਾ ਕਰਦੇ ਹੋਏ ਨੇਤਰਦਾਨ ਕਰਵਾਏ ਗਏ।ਇਸ ਮੌਕੇ ਸੋਸਾਇਟੀ ਵੱਲੋਂ ਮਦਨ ਲਾਲ ਮਹਾਜਨ, ਵਿਜੇ ਅਰੋੜਾ ਅਤੇ ਈਸ਼ਾਨ ਜੈਨ ਵੀ ਮੌਜੂਦ ਸਨ।

## ਮੁੱਖ ਮੰਤਰੀ ਭਲਕੇ ਹੈਰੀਟੇਜ ਸਟਰੀਟ ਦਾ ਰੱਖਣਗੇ ਨੀਂਹ ਪੱਥਰ : ਬੈਂਸ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ 5 ਅਕਤੂਬਰ ਨੂੰ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੈਰੀਟੇਜ ਸਟਰੀਟ (ਵਿਰਾਸਤੀ ਮਾਰਗ) ਦਾ ਨੀਂਹ ਪੱਥਰ ਰੱਖਣਗੇ ਅਤੇ ਇਸੇ ਦਿਨ ਹੀ ਮੁੱਖ ਮੰਤਰੀ ਭਾਈ ਜੈਤਾ ਜੀ ਯਾਦਗਾਰ ਅਜਾਇਬ ਘਰ ਮਨੁੱਖਤਾਂ ਨੂੰ ਸਮਰਪਿਤ ਕਰਨਗੇ।ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ 5 ਅਕਤੂਬਰ ਨੂੰ ਵਿਰਾਸਤ-ਏ-ਖਾਲਸਾ ਵਿਖੇ ਸਿੱਖਿਆ ਵਿਭਾਗ ਪੰਜਾਬ ਵੱਲੋਂ ਕਰਵਾਏ ਜਾ ਰਹੇ ਰਾਜ ਪੱਧਰੀ ਸਮਾਗਮ ਵਿੱਚ ਵੀ ਮੁੱਖ ਮੰਤਰੀ ਪੰਜਾਬ ਸ.ਭਗਵੰਤ ਸਿੰਘ ਮਾਨ ਸ਼ਮੂਲੀਅਤ ਕਰਨਗੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ, ਨੌਵੇਂ ਪਾਤਸ਼ਾਹ ਹਿੰਦ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਦੀ ਸ਼ਤਾਬਦੀ ਨੂੰ ਮੁੱਖ ਰੱਖਦਿਆਂ ਗੁਰੂ ਨਗਰੀ ਵਿਖੇ ਹੈਰੀਟੇਜ ਸਟਰੀਟ ਦੇ ਪ੍ਰੋਜੈਕਟ ਦੀ ਸ਼ੁਰੂਆਤ ਕਰਨਗੇ।ਉਨ੍ਹਾਂ ਦੱਸਿਆ ਕਿ ਇਸੇ ਦਿਨ 'ਰੰਘਰੇਟਾ ਗੁਰੂ ਕਾ ਬੇਟਾ ਦਾ ਵਰ' ਪ੍ਰਾਪਤ ਭਾਈ ਜੈਤਾ ਜੀ ਬਾਬਾ ਜੀਵਨ ਸਿੰਘ ਦੀ ਦੀ ਬਣਾਈ ਯਾਦਗਾਰ ਨੂੰ ਵੀ ਮੁੱਖ ਮੰਤਰੀ ਪੰਜਾਬ ਸਮੁੱਚੀ ਲੋਕਾਈ ਨੂੰ ਸਮਰਪਿਤ ਕਰਨਗੇ, ਸਿੱਖਿਆ ਮੰਤਰੀ ਨੇ ਦੱਸਿਆ ਕਿ 5 ਅਕਤੂਬਰ ਨੂੰ ਰਾਜ ਪੱਧਰੀ ਸਮਾਗਮ ਵਿਰਾਸਤ ਏ ਖਾਲਸਾ ਵਿਚ ਆਯੋਜਿਤ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸ਼ਮੂਲੀਅਤ ਕਰਨਗੇ।



## ਬਦੀ 'ਤੇ ਨੇਕੀ ਦੀ ਜਿੱਤ ਦਾ ਤਿਉਹਾਰ 'ਦੁਸਹਿਰਾ' ਮਨਾਇਆ

**ਫਿਲੌਰ (ਹਰਜਿੰਦਰ ਕੌਰ ਚਾਹਲ)**- ਇਥੇ ਸਰਕਾਰੀ ਸਕੂਲ (ਲੜਕੇ) ਦੇ ਮੈਦਾਨ ਵਿਖੇ ਨਵਯੁਵਕ ਦੁਸਹਿਰਾ ਕਮੇਟੀ ਫਿਲੌਰ ਵੱਲੋਂ ਬਦੀ 'ਤੇ ਨੇਕੀ ਦੀ ਜਿੱਤ ਦਾ ਪਵਿੱਤਰ ਤਿਉਹਾਰ 'ਦੁਸਹਿਰਾ' ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਗਿਆ। ਰਾਵਣ, ਕੁੰਭਕਰਨ ਅਤੇ ਮੇਘਨਾਥ ਦੇ ਪੁਤਲਿਆਂ ਨੂੰ ਆਧੁਨਿਕ ਢੰਗ ਨਾਲ ਆਮ ਆਦਮੀ ਪਾਰਟੀ ਹਲਕਾ ਫਿਲੌਰ ਦੇ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਫਿਲੌਰ ਨੇ ਇਲੈਕਟ੍ਰਾਨਿਕ ਤੌਰ 'ਤੇ ਬਟਨ ਦਬਾਅ ਕੇ ਅਗਨੀ ਭੇਂਟ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਐਸ ਪੀ ਜਲੰਧਰ ਮਨਜੀਤ ਕੌਰ, ਡੀ ਐਸ ਪੀ ਸਰਵਣ ਸਿੰਘ ਬੱਲ, ਡਿਪਟੀ ਡਾਇਰੈਕਟਰ ਲੈਂਡ ਰਿਕਾਰਡ ਜਲੰਧਰ ਤਪਨ ਭਨੋਟ, ਐਸ ਐਚ ਓ ਫਿਲੌਰ ਭੂਸ਼ਣ ਕੁਮਾਰ, ਬ੍ਰਾਹਮਣ ਸਭਾ ਫਿਲੌਰ ਦੇ ਪ੍ਰਧਾਨ ਅਤੇ ਕੌਂਸਲਰ ਡਾ.ਵੈਭਵ ਸ਼ਰਮਾ, ਬਾਬਾ ਸੁਖਵਿੰਦਰ ਸਿੰਘ ਆਲੋਵਾਲ, ਜਥੇਦਾਰ ਮਹਾਂ ਸਿੰਘ ਰਸੂਲਪੁਰ, ਬਾਰ ਐਸੋਸੀਏਸ਼ਨ ਫਿਲੌਰ ਦੇ ਸਕੱਤਰ ਸੁਰਜੀਤ ਖੇਤਾਨ ਆਦਿ ਮਹਿਮਾਨ ਮੰਚ 'ਤੇ ਹਾਜ਼ਰ ਸਨ। ਨਵਯੁਵਕ ਦੁਸਹਿਰਾ ਕਮੇਟੀ ਫਿਲੌਰ ਦੇ ਪ੍ਰਧਾਨ ਡਾ.ਰਾਕੇਸ਼ ਸ਼ਰਮਾ ਨੇ ਆਏ ਮਹਿਮਾਨਾਂ, ਪਤਵੰਤਿਆਂ ਅਤੇ ਸਹਿਯੋਗੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਹਰ ਸਾਲ ਦੀ ਤਰਾਂ ਇਸ ਸਾਲ ਵੀ ਫਿਲੌਰ ਵਿਖੇ ਦੁਸਹਿਰਾ ਧੂਮਧਾਮ ਨਾਲ ਮਨਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਸਭ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਹੀ ਸਾਲਾਂ ਤੋਂ ਸੰਭਵ ਹੋ ਰਿਹਾ ਹੈ। ਉਨ੍ਹਾਂ ਸਾਰੇ ਸਾਥੀਆਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਹੋਰਨਾਂ ਤੋਂ ਇਲਾਵਾ ਇਸ ਮੌਕੇ ਸਾਬਕਾ ਕੌਂਸਲਰ ਵਿਜੈ ਕੁਮਾਰ ਬਿੱਲਾ, ਅਨਿਲ ਸ਼ੁਕਲਾ, ਤਿਲਕਰਾਜ ਭਾਪਾ, ਅਸ਼ਵਨੀ ਭਾਪਾ, ਡਾ.ਜਤਿੰਦਰ ਸ਼ਰਮਾ, ਐਡਵੋਕੇਟ ਅਜੈ ਫਿਲੌਰ, ਵਿਨੋਦ ਸ਼ਰਮਾ, ਸੁਰਿੰਦਰ ਸ਼ਰਮਾ, ਸੁਸ਼ੀਲ ਸ਼ਰਮਾ, ਡਾ.ਪੂਰਨ ਚੰਦ ਸ਼ਰਮਾ, ਅਮਿਤ ਪੰਮਾ ਸੋਨੂੰ, ਨਰੇਸ਼ ਸ਼ਰਮਾ, ਸੰਦੀਪ ਭਟਿਆਰਾ, ਪ੍ਰਭਪਾਲ ਆਦਿ ਵੱਡੀ ਗਿਣਤੀ ਵਿਚ ਹਾਜ਼ਰ ਸਨ।



## ਮੁਫਤ ਸਿਹਤ ਜਾਂਚ ਕੈਂਪ ਅੱਜ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸਰ ਮਾਰਸ਼ਲ ਸਕੂਲ ਸਿੱਖਿਆ ਸੰਸਥਾਵਾਂ ਵੱਲੋਂ ਇਲਾਕਾ ਨਿਵਾਸੀਆਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੇ ਮੰਤਵ ਨਾਲ ਇੱਕ ਦਿਨਾਂ ਵਿਸ਼ਾਲ ਮੈਡੀਕਲ ਸਿਹਤ ਜਾਂਚ ਕੈਂਪ ਅੱਜ 4 ਅਕਤੂਬਰ ਨੂੰ ਸਰ ਮਾਰਸ਼ਲ ਸਕੂਲ ਵੈਂਸ ਅਵਾਨ ਵਿਖੇ ਲਗਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਰ ਮਾਰਸ਼ਲ ਸਿੱਖਿਆ ਸੰਸਥਾਵਾਂ ਦੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਅਤੇ ਐਮ.ਐਸ.ਕੇ ਸਕੂਲ ਸਿੱਖਿਆ ਸੰਸਥਾਵਾਂ ਦੇ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਦੱਸਿਆ ਕਿ ਸਵੇਰੇ 10 ਤੋਂ 2 ਵਜੇ ਤੱਕ ਲਗਾਏ ਜਾ ਰਹੇ ਇਸ ਵਿਸ਼ਾਲ ਚੈੱਕ ਅਪ ਕੈਂਪ ਦੌਰਾਨ ਡਾਕਟਰ ਪ੍ਰਮੋਦ ਮਹਿੰਦਰ, ਡਾਕਟਰ ਰੋਬਿਨ ਖੋਖਰ, ਡਾਕਟਰ ਸ਼ਾਨਵੀ ਪਰਾਸ਼ਰ ਤੇ ਡਾਕਟਰ ਮਾਹੀ ਦੀ ਮਾਹਿਰ ਡਾਕਟਰੀ ਟੀਮ ਮਰੀਜਾਂ ਦੀਆਂ ਅੱਖਾਂ, ਹੱਡੀਆਂ ਦੇ ਜੋੜਾਂ ਅਤੇ ਜਨਰਲ ਬਿਮਾਰੀਆਂ ਦਾ ਚੈੱਕ ਅਪ ਕਰੇਗੀ । ਉਹਨਾਂ ਹੋਰ ਦੱਸਿਆ ਕਿ ਲੋੜਵੰਦ ਮਰੀਜ਼ਾਂ ਨੂੰ ਸਰ ਮਾਰਸ਼ਲ ਸਕੂਲ ਸਿੱਖਿਆ ਸੰਸਥਾਵਾਂ ਵੱਲੋਂ ਮੁਫਤ ਦਵਾਈਆਂ ਵੀ ਦਿੱਤੀਆਂ ਜਾਣਗੀਆਂ। ਇਸ ਮੌਕੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਤੇ ਸੁਖਵਿੰਦਰ ਸਿੰਘ ਅਰੋੜਾ ਨੇ ਹੋਰ ਕਿਹਾ ਹੈ ਕਿ ਬਦਲ ਰਹੇ ਮੌਸਮ ਵਿੱਚ ਸਾਨੂੰ ਆਪਣੀ ਸਿਹਤ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ।



## ਮੈਡੀਕਲ ਚੈੱਕਅਪ ਕੈਂਪ ਲਗਾਇਆ



**ਬਲਾਚੌਰ (ਜਸਵਿੰਦਰ ਬੈਂਸ)**- ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਕੌਂਸਲ ਦੇ ਪ੍ਰਧਾਨ ਸ੍ਰੀ ਸੁਨੀਲ ਕੌਸ਼ਲ ਤੇ ਕਾਰਜ ਸਾਧਕ ਅਫਸਰ ਸ੍ਰੀ ਸਿਮਰਨ ਢੀਂਡਸਾ ਦੀ ਅਗਵਾਈ ਹੇਠ ਸਵੱਛਤਾ ਹੀ ਸੇਵਾ ਮੁਹਿੰਮ ਤਹਿਤ ਸਫਾਈ ਸੇਵਕਾਂ ਦਾ ਦਫ਼ਤਰ ਵਿੱਚ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ। ਜਿਸ ਵਿਚ ਡਾਕਟਰ ਗੁਰਮੁੱਖ ਸਿੰਘ ਵਲੋਂ ਸਫਾਈ ਸੇਵਕਾਂ ਦਾ ਮੈਡੀਕਲ ਚੈੱਕਅਪ ਕੀਤਾ ਗਿਆ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਰੀਰਕ ਸਮੱਸਿਆ ਸਬੰਧੀ ਜਾਣਕਾਰੀ ਦਿੰਦਿਆਂ ਸਰਕਾਰੀ ਸਹੂਲਤਾਂ ਤੇ ਵੀ ਚਾਣਨਾ ਪਾਇਆ ਗਿਆ। ਸਿਵਲ ਸਰਜਨ ਡਾਕਟਰ ਕੁਲਵਿੰਦਰ ਮਾਨ ਦੀ ਅਗਵਾਈ ਹੇਠ ਸਫਾਈ ਸੇਵਕਾਂ ਦਾ ਮੈਡੀਕਲ ਚੈੱਕਅਪ ਕੈਂਪ ਪੂਰਾ ਕਰਵਾਇਆ ਗਿਆ। ਸੈਨੇਟਰੀ ਇੰਸਪੈਕਟਰ ਸ੍ਰੀ ਭਾਰਤ ਭੂਸ਼ਨ, ਵਿਜੇ ਕੁਮਾਰ ਸੇਨੈਟਰੀ ਇੰਚਾਰਜ, ਬਲਜੀਤ ਰਾਮ ਕਲਰਕ, ਅਜੇ ਕੁਮਾਰ ਸਫਾਈ ਸੁਪਰਵਾਈਜ਼ਰ ਤੇ ਸਵੱਛ ਭਾਰਤ ਟੀਮ ਵੱਲੋਂ ਸਾਰਿਆਂ ਸਫਾਈ ਸੇਵਕਾਂ ਨੂੰ ਆਪਣੀ ਸਰੀਰਕ ਸਾਂਭ ਸੰਭਾਲ ਲਈ ਜਾਗਰੂਕ ਕੀਤਾ ਗਿਆ ਹੈ ਸਮੇਂ ਸਮੇਂ ਤੇ ਸਰਕਾਰੀ ਹਸਪਤਾਲ ਜਾ ਕੇ ਮੁਫ਼ਤ ਇਲਾਜ ਸੰਬੰਧੀ ਜਾਣਕਾਰੀ ਦਿੱਤੀ ਗਈ।

## ਦੁਸਹਿਰੇ ਦੇ ਸਬਬ ਸ਼ਾਹਕੋਟ ਦੀ ਸਿਆਸਤ ਲਾਹਾ ਲੈਂਦੀ ਨਜ਼ਰ ਆਈ

**ਸ਼ਾਹਕੋਟ (ਗਿਆਨ ਸੈਦਪੁਰੀ)**- ਇੱਥੇ ਮਨਾਏ ਗਏ ਦੁਸਹਿਰੇ ਦੇ ਤਿਉਹਾਰ ਵਿੱਚ ਜਿੱਥੇ ਲੋਕਾਂ ਦੀ ਰਿਕਾਰਡ ਤੋੜ ਸ਼ਮੂਲੀਅਤ ਹੋਈ, ਉਥੇ ਸ਼ਾਨਦਾਰ ਝਾਕੀਆਂ ਨੇ ਸ੍ਰੀ ਰਮਾਇਣ ਦਾ ਇਤਿਹਾਸ/ਮਿਥਿਹਾਸ ਲੋਕਾਂ ਦੇ ਸਨਮੁਖ ਕੀਤਾ। ਨਾਲ ਦੀ ਨਾਲ ਸ਼ਾਹਕੋਟ ਦੀ ਸਿਆਸਤ ਵੀ ਦੁਸਹਿਰੇ ਦੇ ਸਬੱਬ ਲਾਹਾ ਲੈਂਦੀ ਨਜ਼ਰ ਆਈ। ਦੁਸਹਿਰਾ ਕਮੇਟੀ ਦੇ ਚੇਅਰਮੈਨ ਬੋਬੀ ਗਰੋਵਰ, ਪ੍ਰਧਾਨ ਰਾਹੁਲ ਪੰਡਿਤ, ਸਰਪ੍ਰਸਤ ਵਿਵੇਕ ਸ਼ਰਮਾ ਤੇ ਕਮਲ ਨਾਹਰ, ਸਕੱਤਰ ਸਚਿਨ ਜਿੰਦਲ ਵਿੱਤ ਸਕੱਤਰ ਰਜੇਸ਼ ਕੁਮਾਰ, ਰਜਤ ਜੈਨ, ਮੀਡੀਆ ਇੰਚਾਰਜ ਪਰਮਿੰਦਰ ਮੈਸਨ,ਅੰਮ੍ਰਿਤ ਲਾਲ ਕਾਕਾ ਆਦਿ ਦੀ ਟੀਮ ਵੱਲੋਂ ਦੁਸ਼ਹਿਰੇ ਵਿੱਚ ਸ਼ਿਰਕਤ ਕਰਨ ਵਾਲੀ ਹਰ ਸਿਆਸੀ, ਸਮਾਜੀ ਤੇ ਧਾਰਮਿਕ ਸ਼ਖ਼ਸ਼ੀਅਤ ਨੂੰ ਇੱਕੋ ਜਿਹਾ ਮਾਣ ਸਤਿਕਾਰ ਦੇਣ ਦੀ ਕੋਸ਼ਿਸ਼ ਕੀਤੀ ਗਈ। ਰਾਮਲੀਲਾ ਅਤੇ ਦੁਸਹਿਰੇ ਦੇ ਉਤਸਵ ਵਿੱਚ ਵੀ ਹੰਕਾਰੀ ਪਾਤਰਾਂ ਦੀ ਨਿੰਦਾ ਕੀਤੀ ਗਈ। ਦੁਸਹਿਰੇ ਵਿੱਚ ਹਾਜ਼ਰੀ ਲਗਵਾਉਣ ਵਾਲੇ ਸਤਿਕਾਰ ਸਿਆਸਤਦਾਨਾਂ ਦਾ 'ਸਵੈਮਾਣ' ਵਧੇਰੇ ਉਜਾਗਰ ਹੁੰਦਾ ਦਿਸਿਆ। ਵੱਖ-ਵੱਖ ਸਿਆਸੀ ਆਗੂ ਸਮੇਂ ਦੀ ਵਿੱਥ ਰੱਖ ਕੇ ਇਸ ਵੱਡੇ ਤਿਉਹਾਰ ਦੀ ਲੋਕਾਂ ਨੂੰ ਵਧਾਈ ਦੇਣ ਅਤੇ ਖੁਸ਼ੀ ਵਿੱਚ ਸ਼ਾਮਿਲ ਹੋਣ ਲਈ ਪਹੁੰਚਦੇ ਰਹੇ। ਹਲਕੇ ਅੰਦਰ ਹਲਕੇ ਦੀ ਸਿਆਸੀ 'ਸਰਦਾਰੀ' ਲਈ ਖਹਿ ਕੇ ਲੰਘਣ ਵਾਲੇ 'ਰਕੀਬਾਂ' ਨੇ ਲਗਭਗ ਇੱਕੋ ਸਮੇਂ ਦੁਸਹਿਰਾ ਗਰਾਊਂਡ ਵਿੱਚ ਪ੍ਰਵੇਸ਼ ਕੀਤਾ। ਉਸ ਵੇਲੇ ਉੱਚੀ ਬਣਾਈ ਗਈ ਸਟੇਜ 'ਤੇ ਜੰਗ ਲੜ ਰਹੀ ਰਾਮ ਤੇ ਰਾਵਣ ਦੀ ਸੈਨਾ ਦੇ ਪਾਤਰਾਂ ਦੀ ਥਾਂ ਚਰਚਾ ਦੋ ਸਿਆਸੀ ਰਕੀਬਾਂ ਦੀ ਹੁੰਦੀ ਰਹੀ। ਦੋਵੇਂ ਰਕੀਬ ਆਪਣੇ ਸਮਰਥਕਾਂ ਦੀ ਵੱਡੀ ਗਿਣਤੀ ਨਾਲ ਤਿਹਾਰ ਵਿੱਚ ਸ਼ਾਮਿਲ ਹੋਏ। ਲਗਭਗ ਸਵਾ ਚਾਰ ਵਜੇ ਪੰਜਾਬ ਇਨਫੋਟੈਕ ਦੇ ਡਾਇਰੈਕਟਰ ਬੀਬੀ ਰਣਜੀਤ ਕੌਰ ਕਾਕੜ ਕਲਾਂ ਮੇਲੇ ਵਿੱਚ ਪਧਾਰੇ। ਉਹਨਾਂ ਦਾ ਪ੍ਰਬੰਧਕਾਂ ਨੇ ਭਰਵਾਂ ਸਵਾਗਤ ਕੀਤਾ। ਉਹਨਾਂ ਨੇ ਸੰਬੋਧਨ ਕਰਨ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਇੱਕ ਹੋਰ ਜ਼ਰੂਰੀ ਰਜ਼ੇਵੇ ਵਿੱਚ ਜਾਣਾ ਹੈ। ਸਾਢੇ ਚਾਰ ਵਜੇ ਭਾਜਪਾ ਆਗੂ ਡਾ. ਅਮਰਜੀਤ ਸਿੰਘ ਥਿੰਦ ਸਟੇਜ 'ਤੇ ਪਹੁੰਚੇ। ਉਹਨਾਂ ਨੇ ਸੰਬੋਧਨ ਕਰਦਿਆਂ ਲੋਕਾਂ ਨੂੰ ਦੁਸਹਿਰੇ ਦੀ ਵਧਾਈ ਦਿੱਤੀ। ਉਹਨਾਂ ਤੋਂ ਪੰਜ ਕੁ ਮਿੰਟ ਬਾਅਦ ਭਾਜਪਾ ਦੇ ਹਲਕਾ ਕੋਆਰਡੀਨੇਟਰ ਐਡਵੋਕੇਟ ਦੀਪਕ ਸ਼ਰਮਾ ਆਪਣੇ ਸਾਥੀ ਦਲਬੀਰ ਸਿੰਘ ਸੱਭਰਵਾਲ ਨਾਲ ਸਟੇਜ 'ਤੇ ਸੁਸ਼ੋਭਿਤ ਹੋਏ। ਪੌਣੇ ਪੰਜ ਵਜੇ ਸਾਬਕਾ ਗ੍ਰਹਿ ਰਾਜ ਮੰਤਰੀ ਬ੍ਰਿਜ ਭੁਪਿੰਦਰ ਸਿੰਘ ਕੰਗ ਦੁਸਹਿਰਾ ਉਤਸਵ ਦਾ ਹਿੱਸਾ ਬਣੇ। ਪੰਜ ਵਜੇ ਅਕਾਲੀ ਦਲ (ਬਾਦਲ) ਦੇ ਹਲਕਾ ਇੰਚਾਰਜ ਐਡਵੋਕੇਟ ਬਚਿੱਤਰ ਸਿੰਘ ਕੋਹਾੜ ਆਪਣੇ ਸਮਰਥਕਾਂ ਸਮੇਤ ਮੇਲੇ ਵਿੱਚ ਸ਼ਾਮਿਲ ਹੋਏ। 5:35 ਵਜੇ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਆਪਣੇ ਸਮਰਥਕਾਂ ਦੀ ਵੱਡੀ ਗਿਣਤੀ ਨਾਲ ਸਟੇਜ ਵੱਲ ਵਧੇ। ਇਸ ਸਮੇਂ ਹੀ ਭਾਜਪਾ ਹਲਕਾ ਸ਼ਾਹਕੋਟ ਦੇ ਕੈਂਪ ਇੰਚਾਰਜ ਰਾਣਾ ਹਰਦੀਪ ਸਿੰਘ ਵੀ ਪਹੁੰਚੇ। ਰਾਵਣ ਨੂੰ ਅਗਨੀ ਭੇਟ ਕਰਨ ਤੋਂ ਕੁਝ ਕੁ ਪਲ ਪਹਿਲਾਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਪਰਮਿੰਦਰ ਸਿੰਘ ਪਿੰਦਰ ਪੰਡੋਰੀ ਵੀ ਦੁਸਹਿਰਾ ਉਤਸਵ ਵਿੱਚ ਸ਼ਾਮਿਲ ਹੋਏ। ਸਾਰੇ ਆਗੂਆਂ ਨੇ ਆਪਣੇ ਸੰਬੋਧਨ ਵਿੱਚ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਅਤੇ ਨੇਕੀ ਅਪਣਾਉਣ ਤੇ ਬਦੀ ਤੋਂ ਦੂਰ ਰਹਿਣ ਦਾ ਸੁਨੇਹਾ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਗਰ ਪੰਚਾਇਤ ਸ਼ਾਹਕੋਟ ਦੇ ਪ੍ਰਧਾਨ ਗੁਲਜਾਰ ਸਿੰਘ ਥਿੰਦ, ਅਸ਼ਵਿੰਦਰ ਪਾਲ ਸਿੰਘ ਖਹਿਰਾ ਚੇਅਰਮੈਨ ਸ਼ੂਗਰ ਮਿਲ, ਸਾਬਕਾ ਪ੍ਰਧਾਨ ਪਵਨ ਕੁਮਾਰ ਪੁਰੀ, ਸੁਖਦੀਪ ਸਿੰਘ ਕੰਗ ਪੀਏ, ਕਪਿਲ ਕੁਮਾਰ ਗੁਪਤਾ ਸਾਬਕਾ ਵਾਈਸ ਚੇਅਰਮੈਨ ਮਾਰਕੀਟ ਕਮੇਟੀ ਸ਼ਾਹਕੋਟ, ਡਾ. ਅਰਵਿੰਦਰ ਸਿੰਘ ਰੂਪਰਾ, ਜਸਵਿੰਦਰ ਗਿੱਲ ਐਮਸੀ, ਤ੍ਰਲੋਕ ਸਿੰਘ ਰੂਪਰਾ, ਪਵਨ ਅਗਰਵਾਲ ਪ੍ਰਧਾਨ ਕੱਚਾ ਆੜਤੀਆ ਐਸੋਸੀਏਸ਼ਨ, ਸੋਨੂ ਕਿਲੀ ਨੰਬਰਦਾਰ, ਰਜੇਸ਼ ਗੁਪਤਾ, ਟਿੰਪੀ ਕੁਮਰਾ, ਲਛਮਣ ਸੋਬਤੀ, ਗਗਨ ਜਿੰਦਲ, ਪਵਨ ਜਨੇਜਾ, ਹਰਭਜਨ ਸਿੰਘ ਖਾਲਸਾ ਸਾਬਕਾ ਸਰਪੰਚ, ਨਿਰਮਲ ਸਿੰਘ ਸਲੈਚਾ, ਹਰਵਿੰਦਰ ਸਿੰਘ ਸਾਬਕਾ ਸਰਪੰਚ ਰੁਪੇਵਾਲ, ਬਿੱਟੂ ਖਹਿਰਾ, ਬਿੱਟੂ ਬੁੱਢਣਵਾਲ, ਸੋਨੀ ਲਸੂੜੀ, ਅਨਿਲ ਕੁਮਾਰ ਮਲਸੀਆ ਕੋਆਰਡੀਨੇਟਰ ਟਰੇਡ ਵਿੰਗ, ਦਿਆਲਾ ਗਿੱਲ ਪ੍ਰਧਾਨ ਭਗਵਾਨ ਵਾਲਮੀਕ ਨੌਜਵਾਨ ਸਭਾ ਬਾਗਵਾਲਾ ਮੁਹੱਲਾ, ਜੋਨਾ ਮਲਸੀਆ, ਮਨਜੀਤ ਸਿੰਘ ਸੈਦਪੁਰ, ਸਾਬ ਸੈਦਪੁਰ, ਸੁਵਿੰਦਰ ਸੋਨੂ ਬਲਾਕ ਪ੍ਰਧਾਨ, ਆਸ਼ੂ ਗੁਪਤਾ, ਮਨੋਜ ਅਰੋੜਾ, ਰੂਪ ਲਾਲ ਸ਼ਰਮਾ ਮੰਗਾ ਮੱਟੂ ਆਦਿ ਮੌਜੂਦ ਸਨ।





### ਜਨਮ ਦਿਨ ਮੁਬਾਰਕ



ਅਭਿਜੋਤ, ਜਲੰਧਰ



ਸ੍ਰਿਸ਼ਟੀ ਕੁਮਾਰੀ
ਹੁਸ਼ਿਆਰਪੁਰ